# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ੴ

ਗੁਰ ਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥

## ਗੁਰੂ ਸਿਖੀ ਗੁਰੂ ਸਿਖ ਕਮਾਵੈ

September 1980 ਸਤੰਬਰ ੧੯੮੦

ਇਹ ਪਰਚਾ – ਦੋ ਰੁਪਏ

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

## ਤਤਕਰਾ


| | | |
|---|---|---|
| ਗੁਰੁ ਸਿਖੀ ਗੁਰੁ ਸਿਖ ਕਮਾਵੈ | ਭਾਈ ਸਾਹਿਬ ਭਾਈ ਗੁਰਦਾਸ ਜੀ | ੩ |
| *ਸਿਖ ਰਹਿਤ ਮਰਯਾਦਾ* - ਲੇਖ ਸੰਬੰਧੀ ਭੂਮਿਕਾ | — — | ੪ |
| (ੳ) ਸਿਖ ਰਹਿਤ ਮਰਯਾਦਾ | — — — | ੫ |
| (ਅ) ਰਹਿਤਨਾਮੇ | — — — | ੭ |
| ਪਰ - ਤਨ ਗਮਨ | — — — — | ੧੨ |
| ਨਸ਼ਿਆਂ ਦੀ ਵਰਤੋਂ | — — — — | ੧੯ |
| ਕੁੱਠਾ | — — — — | ੨੩ |
| ਦਸਤਾਰ (ਕੇਸਕੀ) | — — — — | ੫੪ |
| ਤੱਤ - ਸਾਰ | — — — — | ੬੮ |
| ਸੰਪਾਦਕੀ ਨੋਟ | — — — — | ੭੦ |
| ਖਾਲਸੇ ਦੀ ਆਚਰਣਿਕ ਉੱਚਤਾ | ਕੈਪਟਿਨ ਸਵਰਨ ਸਿੰਘ ਜੀ | ੭੧ |


| | | | |
|---|---|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਪ੍ਰਕਾਸ਼ | ੧੦ ਸਤੰਬਰ | ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ | ੧੧ ਸਤੰਬਰ |
| ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ | ੧੨ ਸਤੰਬਰ | ਸ੍ਰੀ ਗੁਰੂ ਰਾਮਦਾਸ ਜੀ ਗੁਰਿਆਈ | ੨੨ ਸਤੰਬਰ |
| ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ | ੨੪ ਸਤੰਬਰ | ਸ੍ਰੀ ਗੁਰੂ ਅੰਗਦ ਦੇਵ ਜੀ ਗੁਰਿਆਈ | ੨੮ ਸਤੰਬਰ |

## 'ਸੂਰਾ' ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਮੈ: ਸ਼ਾਹ ਮੋਹਰ ਸਿੰਘ ਐਂਡ ਸਨਜ਼ ਮੂਤਾ ਪੱਟੀ | ਬੀ: ਬਲਵੰਤ ਕੌਰ ਸੁਪਤਨੀ ਸ. ਗੁਰਬਖਸ਼ ਸਿੰਘ ਜੀ ਦੀ ਯਾਦ ਵਿਚ | 11-00 |
| ਸ: ਹਰਬੰਸ ਸਿੰਘ ਛਾਬੜਾ ਖੰਡਵਾ | ਕਾਕਾ ਗੁਰਪਿੰਦਰ ਸਿੰਘ ਸਪੁੱਤਰ ਸ: ਕਰਮ ਸਿੰਘ ਦੇ ਭੋਗ ਸਮੇਂ | 11-00 |
| ਸ: ਆਗਿਆ ਸਿੰਘ ਜੀ ਕਾਨਪੁਰ ਵਲੋਂ | ... ... ... | 500-00 |
| ਸ: ਜਗਤਾਰ ਸਿੰਘ ਜੀ ਨਵੀਂ ਦਿਲੀ | ਸ੍ਰੀ ਮਹਿੰਦਰ ਪ੍ਰਤਾਪ ਦੀ ੨੨ਵੀਂ ਬਰਸੀ ਸਮੇਂ | 11-00 |
| ਸ: ਸੁਰਿੰਦਰ ਸਿੰਘ ਜੀ ਖੰਨਾ | ... ... ... | 100-00 |
| ਸ: ਇੰਦਰਜੀਤ ਸਿੰਘ ਜੀ ਪਾਨੀਪਤ | ਪਿਤਾ ਜੀ ਦੀ ਯਾਦ ਵਿਚ | 25-00 |
| ਸ: ਕਰਨੈਲ ਸਿੰਘ ਜੀ ਪਟਿਆਲਾ | ਸ: ਜਸਵੰਤ ਸਿੰਘ ਬੱਗਾ ਦੇ ਅੰਤਮ ਭੋਗ ਸਮੇਂ | 51-00 |
| ਸ: ਸੁਲੱਖਣ ਸਿੰਘ ਜੀ ਡਰਬੀ ਯੂ. ਕ. ਵਲੋਂ | ... ... ... | 11-93 |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੩ .੯.੮੦ ਨੂੰ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ 5 1 8 4 7

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

| | |
|---|---|
| ਸਲਾਨਾ ਚੰਦਾ | ੧੦-੦੦ |
| ਇਕ ਪਰਚਾ | ੧-੦੦ |

ਪਰਦੇਸ

| | |
|---|---|
| ਸਮੁੰਦਰੀ ਡਾਕ | ੧੮-੫੦ |

ਹਵਾਈ ਡਾਕ

| | |
|---|---|
| ਅਰਬ, ਮਲਾਇਆ | ੩੫-੦੦ |
| ਯੂ. ਕੇ, ਅਫਰੀਕਾ | ੫੦-੦੦ |
| ,ਕੈਨੇਡਾ, ਅਮਰੀਕਾ | ੫੫-੦੦ |



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ



## ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੪ ਸਤੰਬਰ ੧੯੮੦ ਅੰਕ ੯


## ਗੁਰੁ ਸਿਖੀ ਗੁਰੁ ਸਿਖ ਕਮਾਵੈ

ਗੁਰ ਚੇਲਾ ਚੇਲਾ ਗੁਰੂ, ਗੁਰੁ ਸਿਖ ਸੁਣਿ ਗੁਰਸਿਖ ਸਦਾਵੈ ॥
ਇਕ ਮਨਿ ਇਕੁ ਅਰਾਧਣਾ, ਬਾਹਿਰ ਜਾਂਦਾ ਵਰਜਿ ਰਹਾਵੈ ॥
ਹੁਕਮੀ ਬੰਦਾ ਹੋਇ ਕੈ, ਖਸਮੈ ਦਾ ਭਾਣਾ ਤਿਸੁ ਭਾਵੈ ॥
ਮੁਰਦਾ ਹੋਇ ਮੁਰੀਦ ਸੋਇ, ਕੋ ਵਿਰਲਾ ਗੁਰਿ ਗੋਰਿ ਸਮਾਵੈ ॥
ਪੈਰੀ ਪੈ ਪੈਖਾਕੁ ਹੋਇ, ਪੈਰਾ ਉਪਰਿ ਸੀਸੁ ਧਰਾਵੈ ॥
ਆਪੁ ਗਵਾਇ ਆਪੁ ਹੋਇ, ਦੂਜਾ ਭਾਉ ਨ ਨਦਰੀ ਆਵੈ ॥
ਗੁਰੁ ਸਿਖੀ ਗੁਰੁ ਸਿਖ ਕਮਾਵੈ ॥੧੬॥

[ਭਾ: ਗੁਰਦਾਸ ਜੀ, ਵਾਰ ੨੮

ੴ ਸਤਿਗੁਰਪ੍ਰਸਾਦਿ ॥

# ਸਿਖ ਰਹਿਤ ਮਰਯਾਦਾ

## ਭੂਮਿਕਾ

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਲੋਂ ਸਰਬੱਤ ਸਿੰਘ ਸਭਾਵਾਂ ਦੀ ਕਾਨਫਰੰਸ, ਜੋ ਨਵੀਂ ਦਿਲੀ ਵਿਚ ੨੫-੨੬ ਅਪ੍ਰੈਲ ੧੯੮੦ ਨੂੰ ਹੋਈ, ਵਿਚ ਪੜ੍ਹੇ ਜਾਣ ਲਈ 'ਸਿਖ ਰਹਿਤ ਮਰਯਾਦਾ' ਸੰਬੰਧੀ ਡਾਕਟਰ ਜੀਤ ਸਿੰਘ ਜੀ ਸੀਤਲ ਕੋਲੋਂ ਇਕ ਲੇਖ ਉਚੇਚੇ ਤੌਰ ਤੇ ਲਿਖਵਾਇਆ ਗਿਆ, ਜੋ ਜੁਲਾਈ ੧੯੮੦ ਦੀ 'ਸਿੰਘ ਸਭਾ ਪਤ੍ਰਿਕਾ' ਵਿਚ ਮੁਖ-ਲੇਖ ਦੇ ਤੌਰ ਤੇ ਛਾਪਿਆ ਗਿਆ।

ਰਹਿਤ ਮਰਯਾਦਾ ਦੇ ਮਸਲੇ ਤੇ ਲੇਖ ਲਿਖਣ ਲਈ ਡਾਕਟਰ ਜੀਤ ਸਿੰਘ ਜੀ ਸੀਤਲ ਦੀ ਚੋਣ ਕੀਤੇ ਜਾਣ ਦਾ ਕੋਈ ਖਾਸ ਰਹੱਸ ਜਾਪਦਾ ਹੈ। ਲੇਖ ਦਾ ਖਾਲਸਾ-ਰਹਿਤ ਸੰਬੰਧੀ ਹਿਸਾ ਗੁਮਰਾਹ-ਕੁਨ (misleading) ਹੈ। ਇਸ ਦਾ ਮਾਰੂ ਅਸਰ ਦੁਵੱਲਾ ਹੈ। ਇਕ ਪਾਸੇ ਤਾਂ ਸਿਖ ਰਹਿਤ ਮਰਯਾਦਾ ਦੀ ਰੂਪ-ਰੇਖਾ ਵਿਗਾੜ ਕੇ ਗੰਧਲਾ ਕਰਨ ਦਾ ਜਤਨ ਕੀਤਾ ਗਿਆ ਹੈ ਅਤੇ ਦੂਜੇ ਪਾਸੇ ਪੰਥ-ਰਤਨ ਭਾ: ਸਾ: ਭਾ: ਰਣਧੀਰ ਸਿੰਘ ਜੀ ਅਤੇ ਅਖੰਡ ਕੀਰਤਨੀ ਜਥੇ ਵਿਰੁਧ ਕੋਝੀ ਸ਼ਬਦਾਵਲੀ ਵਰਤੀ ਗਈ ਹੈ ਅਤੇ ਕਈ ਭੁਲੇਖੇ ਪਾਉਣ ਦੀ ਕੋਝੀ ਹਰਕਤ ਕੀਤੀ ਗਈ ਹੈ। ਏਥੋਂ ਤਕ ਕਿ ਖਾਲਸਾ ਰਹਿਤ ਰਹਿਣੀ ਵਿਚ ਪਰਪੱਕ ਤੇ ਪੰਥ ਵਿਚ ਨਿਸ਼ਕਾਮ ਭਾਵਨਾ ਨਾਲ ਗੁਰਮਤਿ ਪ੍ਰਚਾਰ ਦੀ ਨਿਗਰ ਸੇਵਾ ਕਰਨ ਵਾਲੇ ਅਖੰਡ ਕੀਰਤਨੀ ਜਥੇ ਨੂੰ ਨਾਮਧਾਰੀਆਂ, ਰਾਧਾ ਸੁਆਮੀਆਂ, ਨਿਰੰਕਾਰੀਆਂ ਅਤੇ ਗਹਿਰ-ਗੰਭੀਰੀਆਂ ਦੀ ਲਿਸਟ ਵਿਚ ਸ਼ਾਮਲ ਕਰ ਕੇ ਪੰਥ ਨੂੰ ਢਾਹ ਲਾਉਣ ਦੀ ਕੁਟਿਲ ਨੀਤੀ ਅਪਣਾਈ ਗਈ ਹੈ।

ਲੇਖ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਪਰਚੇ ਵਿਚ ਛਪਿਆ ਹੈ ਅਤੇ ਇਹ ਸੰਸਥਾ ਵੀ ਇਸ ਲੇਖ ਦੀਆਂ ਗਲਤ-ਬਿਆਨੀਆਂ ਦੀ ਜ਼ਿਮੇਵਾਰ ਬਣਦੀ ਹੈ। ਹਰ ਪੰਥ-ਹਿਤੈਸ਼ੀ ਇਸ ਗੱਲ ਨਾਲ ਸਹਿਮਤ ਹੋਵੇਗਾ ਕਿ ਅਜ ਦੇ ਹਾਲਾਤ ਵਿਚ, ਜਦ ਕਿ ਪੰਥ ਪਾਟੋ-ਲੀਰ ਹੋਇਆ ਪਿਆ ਹੈ, ਖਾਲਸਾ ਰਹਿਤ-ਰਹਿਣੀ ਅਲੋਪ ਹੁੰਦੀ ਜਾ ਰਹੀ ਹੈ।

**ਸ੍ਰੀ ਗੁਰੂ ਸਿੰਘ ਸਭਾ ਨੇ, ਜੋ ਇਕ ਪਾਸੇ ਤਾਂ ਪਿਛਲੇ ਕੁਝ ਸਾਲਾਂ ਤੋਂ ਪੰਥ ਦੇ ਵਖ ਵਖ ਵਰਗਾਂ ਵਲੋਂ ਅਪਣਾਈ ਹੋਈ ਖਾਲਸਾ ਰਹਿਤ ਮਰਯਾਦਾ ਦੇ ਕੁਝ ਵਖਰੇਵੇਂ ਵਾਲੇ ਤਥਾਂ ਵਿਚ ਇਕ-ਸਾਰਤਾ ਲਿਆਂਦੇ ਜਾਣ ਦੀ ਗੱਲ ਕਰਦੀ ਆ ਰਹੀ ਹੈ, ਖਾਲਸਾ ਰਹਿਤ ਦੀ ਅਮਲੀ ਤੌਰ ਤੇ ਮਿੱਟੀ ਪਲੀਤ ਕਰਨ ਵਾਲੇ ਲਿਖਾਰੀ ਦੇ ਇਸ ਲੇਖ ਦੁਆਰਾ ਰਹਿਤ ਦੇ ਉਹਨਾਂ ਤੱਥਾਂ ਨੂੰ ਵੀ ਵਾਦ-ਵਿਵਾਦ ਦਾ ਵਿਸ਼ਾ ਬਣਾ ਕਢਿਆ ਹੈ ਜਿਨ੍ਹਾਂ ਪ੍ਰਤੀ ਸਮੁੱਚੇ ਪੰਥ ਵਿਚ ਪੂਰਨ ਏਕਤਾ ਅਤੇ ਇਕਸਾਰਤਾ ਹੈ।**

ਅਜਿਹੀ ਹਾਸੋ ਹੀਣੀ ਬਿਵਸਥਾ ਪੈਦਾ ਕਰ ਕੇ ਕੇਂਦਰੀ ਸਿੰਘ ਸਭਾ ਨੇ ਇਕ ਪਾਸੇ ਤਾਂ ਆਪਣੀ ਪੜਤ ਵਿਗਾੜੀ ਹੈ ਦੂਜੇ ਪਾਸੇ ਖਾਲਸਾ ਰਹਿਤ ਨੂੰ ਗੰਧਲਾ ਕਰਨ ਕਰਕੇ ਪੰਥ ਨਾਲ ਧਰੋਹ ਕਮਾਇਆ ਹੈ।
ਇਸ ਲੇਖ ਨਾਲ ਨਾ ਤਾਂ ਭਾ: ਸਾ: ਭਾ: ਰਣਧੀਰ ਸਿੰਘ ਜੀ ਦੀ ਗੁਰਮਤੀ ਸ਼ਖਸੀਅਤ ਤੇ ਕੋਈ ਅਸਰ ਹੈ ਅਤੇ ਨਾ ਹੀ ਅਖੰਡ ਕੀਰਤਨੀ ਜਥੇ ਦਾ ਕੁਝ ਵਿਗੜ ਸਕਦਾ ਹੈ।ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥ (੮੪)

ਪਰ ਇਕ ਗੱਲ ਨਿਤਰ ਕੇ ਸਾਹਮਣੇ ਆਈ ਹੈ ਕਿ ਅਜ ਦੇ ਸਿਖ ਸੰਸਥਾਵਾਂ ਦੇ ਕਾਰਕੁਨ ਕਿਸ ਕਿਸਮ ਦੀ ਰਹਿਤ ਪੰਥ ਵਿਚ ਪਰਵਿਰਤ ਕਰਨਾ ਚਾਹੁੰਦੇ ਹਨ।

ਸੋ ਇਸ ਲੇਖ ਦਾ ਮੂਲ ਮੰਤਵ ਉਹਨਾਂ ਭੁਲੇਖਿਆਂ ਨੂੰ ਦੂਰ ਕਰਨਾ ਹੈ ਜੋ ਜੁਲਾਈ ੧੯੮੦ ਦੇ 'ਸਿੰਘ ਸਭਾ ਪਤ੍ਰਿਕਾ' ਵਿਚ ਛਪੇ ਡਾ: ਜੀਤ ਸਿੰਘ ਜੀ ਸੀਤਲ ਦੇ ਲੇਖ ਦੁਆਰਾ ਪਾਏ ਗਏ ਹਨ।

# ਸਿਖ ਰਹਿਤ ਮਰਯਾਦਾ ਅਤੇ ਰਹਿਤਨਾਮੇ

## (ੳ) ਸਿਖ ਰਹਿਤ ਮਰਯਾਦਾ–

ਗੁਰ-ਉਪਦੇਸ਼ ਦੀ ਰੌਸ਼ਨੀ ਵਿਚ ਗੁਰੂ-ਦਰਸਾਏ ਮਾਰਗ ਉਤੇ ਮਨ, ਬਚਨ, ਕਰਮ ਕਰਕੇ ਚਲਣ ਦਾ ਨਾਮ ਰਹਿਤ ਹੈ ।

ਗੁਰਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥ [ਧਨਾਸਰੀ ਮ: ੪, ਪੰਨਾ ੬੬੭

ਗੁਰਸਿਖੀ ਦਾ ਕਰਮੁ ਏਹੁ ਗੁਰੁ ਫੁਰਮਾਏ ਗੁਰਸਿਖ ਕਰਣਾ ॥੧੦॥
[ਭਾਈ ਗੁਰਦਾਸ ਜੀ, ਵਾਰ ੨੮

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥
[ਸੂਹੀ ਮ: ੫, ਪੰਨਾ ੭੬੩

'ਗੁਰ-ਉਪਦੇਸ਼' ਗੁਰਬਾਣੀ ਵਿਚ ਦਰਸਾਏ ਗਏ ਹਨ ਤੇ ਇਸ ਤਰ੍ਹਾਂ ਸਮੱਗਰ ਗੁਰਬਾਣੀ ਗੁਰਮਤੀ ਜੀਵਨ ਦੀ ਸੇਧ ਬਖਸ਼ਣ ਵਾਲਾ ਮੂਲਕ, ਪ੍ਰਮੁਖ ਅਤੇ ਮੁਸਤਨਿਦ (ਪ੍ਰਮਾਣੀਕ) ਰਹਿਤਨਾਮਾ ਕਿਹਾ ਜਾ ਸਕਦਾ ਹੈ ।

ਦਸਵੇਂ ਜਾਮੇ ਵਿਚ ਖੰਡੇ ਕੀ ਪਾਹੁਲ ਦੇ ਕੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ "ਗੁਰ ਸੰਗਤਿ ਕੀਨੀ ਖਾਲਸਾ" ਵਾਲਾ ਕਲਾ ਕ੍ਰਿਸ਼ਮਾਇਣੀ ਕੌਤਕ ਵਰਤਾਇਆ ਅਤੇ ਅੰਮ੍ਰਿਤਧਾਰੀ ਖਾਲਸਾ ਪੰਥ ਦੀ ਸਿਰਜਨਾ ਕਰ ਕੇ ਖਾਲਸਾ ਰਹਿਤ ਦ੍ਰਿੜ੍ਹ ਕਰਾਈ । ਇਸ ਰਹਿਤ ਦੇ ਦੋ ਪੱਖ ਸਨ : ਅੰਤਰਮੁਖੀ ਤੇ ਬਾਹਰ-ਮੁਖੀ । ਅੰਤਰਮੁਖੀ ਰਹਿਤ ਉਹੋ ਹੀ ਸੀ ਜੋ ਪ੍ਰਥਮ ਨੌਂ ਮਹਿਲਾਂ ਤਕ ਗੁਰ-ਦੀਖਿਅਤ ਕਰਨ ਸਮੇਂ ਜਗਿਆਸੂ ਸਿਖਾਂ ਨੂੰ ਦ੍ਰਿੜ੍ਹਾਈ ਜਾਂਦੀ ਰਹੀ ਤੇ ਜੋ ਗੁਰਬਾਣੀ ਵਿਚ ਨਿਰੂਪਨ ਕਰ ਦਿਤੀ ਗਈ ਸੀ । ਬਾਹਰਮੁਖੀ ਰਹਿਤ ਦੁਆਰਾ ਖਾਲਸਈ ਚਿੰਨ੍ਹਾਂ ਦਾ ਗੁਰਮੁਖੀ ਬਾਣਾ ਨਿਯਮ-ਬੱਧ ਕੀਤਾ ਤੇ ਖਾਲਸਾ ਗੁਰ-ਭਾਈਆਂ ਦੀ ਜਥੇਬੰਦੀ ਨੂੰ ਸਾਰੇ ਸੰਸਾਰ ਤੋਂ ਨਿਆਰਾ-ਨਿਰਾਲਾ ਰਖ ਕੇ ਮਜ਼ਬੂਤ ਕਰਨ ਲਈ ਸ਼ਖਸੀ ਤੇ ਪੰਥਕ ਰਹਿਣੀ ਵਿਚ ਇਕ-ਸਾਰਤਾ ਦੇ ਅਸੂਲ ਦ੍ਰਿੜ੍ਹ ਕਰਾਏ, ਤਾਂ ਜੁ ਪੰਥਕ ਜਥੇਬੰਦੀ ਸਦਾ ਚੜ੍ਹਦੀਆਂ ਕਲਾ ਵਿਚ ਰਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੂਰਨ ਜੋਤਿ-ਜਗੰਨੇ ਤਿਆਰ-ਬਰ-ਤਿਆਰ ਅੰਮ੍ਰਿਤ-ਧਾਰੀ ਪੰਜ ਪਿਆਰਿਆਂ ਦੁਆਰਾ ਜਗਿਆਸੂਆਂ ਨੂੰ ਗੁਰਮਤਿ ਜਾਗ ਲਗਦੀ ਰਵੇ ਅਤੇ ਇਸ ਤਰ੍ਹਾਂ "ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ"* ਵਾਲਾ ਗੁਰਵਾਕ ਜੁਗੋ ਜੁਗ ਸਤਿ ਹੁੰਦਾ ਰਵੇ । ਆਪਣੇ ਹੀ ਸਾਜੇ ਨਿਵਾਜੇ ਪੰਜ ਪਿਆਰਿਆਂ ਤੋਂ ਖੰਡੇ ਦਾ ਅੰਮ੍ਰਿਤ ਪਾਨ ਕਰ ਕੇ ਤੇ ਉਨ੍ਹਾਂ ਤੋਂ ਖਾਲਸਾ ਰਹਿਤ ਦ੍ਰਿੜ੍ਹ ਕਰਾ ਕੇ ਅੰਮ੍ਰਿਤ ਦੇ ਦਾਤੇ ਸਤਿਗੁਰੂ ਜੀ ਨੇ ਅਮਲੀ ਤੌਰ ਤੇ ਪੂਰਨਾ ਪਾ ਕੇ ਅਟੱਲ ਧ੍ਰੁਵਾ ਬੱਧਾ ਕਿ ਖੰਡੇ ਦੀ ਪਾਹੁਲ ਤੋਂ ਕਿਸੇ ਸਿਖ ਨੂੰ, ਭਾਵੇਂ ਉਹ ਵਡਾ ਹੈ ਜਾਂ ਛੋਟਾ, ਅਮੀਰ ਹੈ ਜਾਂ ਗਰੀਬ, ਮਰਦ ਹੈ ਜਾਂ ਇਸਤ੍ਰੀ, ਬਿਲਕੁਲ ਛੋਟ ਨਹੀਂ ਹੋ ਸਕਦੀ । ਖੰਡੇ ਦੇ ਅੰਮ੍ਰਿਤ ਦਾ ਮੂਲ ਮੰਤਵ ਓਹੋ ਹੀ ਸੀ ਜੋ ਚਰਨਾਮ੍ਰਿਤ ਦਾ ਸੀ—ਜਥੇਬੰਦਕ ਰੂਪ ਵਿਚ ਰਹਿ ਕੇ, ਭਗਤੀ ਰਾਹੀਂ ਸ਼ਕਤੀ ਪ੍ਰਾਪਤ ਕਰ ਕੇ ਵਿਕਾਰਾਂ ਅਤੇ ਵਿਕਾਰੀਆਂ ਦੇ ਟਾਕਰੇ ਲਈ ਸਦਾ ਤਤਪਰ ਰਹਿਣਾ । ਤੇ ਇਸ ਤਰ੍ਹਾਂ ਧਰਤੀ ਉਤੇ ਧਰਮ ਬਿਥਾਰਨ ਦੇ ਕਰਤੱਵ ਦੀ ਪਾਲਨਾ ਕਰਨਾ । ਚਰਨ-ਪਾਹੁਲ ਨੂੰ ਖੰਡੇ ਕੀ ਪਾਹੁਲ ਵਿਚ ਕੇਵਲ ਏਸ ਗੱਲ ਨੂੰ ਮੁਖ ਰਖ ਕੇ ਬਦਲਿਆ ਗਿਆ ਸੀ ਕਿ ਇਸ ਤੋਂ ਮਗਰੋਂ ਸ਼ਖਸੀ ਗੁਰੱਤ ਦਾ ਸਿਲਸਿਲਾ ਬੰਦ ਕੀਤਾ ਜਾਣਾ ਸੀ ।

---

*ਸਿਰੀਰਾਗੁ ਮ: ੪ ਛੰਤ, ਪੰਨਾ ੭੯

ਸਿੱਖੀ ਧਾਰਨ ਕਰਨ ਲਈ ਗੁਰ-ਦੀਖਿਅਤ ਹੋਣਾ ਹਰ ਸਿਖ ਲਈ ਮੁਢਲੀ ਸ਼ਰਤ ਹੈ। ਸੰਮਤ ੧੭੫੬ ਦੀ ਵਿਸਾਖੀ ਤੋਂ ਮਗਰੋਂ ਖੰਡੇ ਦੇ ਅੰਮ੍ਰਿਤ ਦੁਆਰਾ ਹੀ ਸਿਖਾਂ ਨੂੰ ਗੁਰ-ਦੀਖਿਅਤ ਕੀਤੇ ਜਾਣ ਦਾ ਵਿਧਾਨ ਹੈ। ਇਸ ਲਈ ਖੰਡੇ ਦਾ ਅੰਮ੍ਰਿਤ ਪਾਨ ਕਰਨਾ, ਅਥਵਾ ਖਾਲਸਾ ਰਹਿਤ ਦਾ ਧਾਰਨੀ ਹੋਣਾ ਹਰ ਸਿਖ-ਮਾਤਰ ਲਈ ਅਵੱਸ਼ ਹੈ, ਕਿਸੇ ਨੂੰ ਇਸ ਤੋਂ ਛੋਟ ਨਹੀਂ।

ਇਹ ਕੌੜੀ ਸੱਚਾਈ ਹੈ ਕਿ ਜਿੰਨੀ ਦੇਰ ਤਕ ਕੋਈ ਸਿਖ ਖੰਡੇ ਦਾ ਅੰਮ੍ਰਿਤ ਪਾਨ ਨਹੀਂ ਕਰ ਲੈਂਦਾ ਓਨੀ ਦੇਰ ਤਕ ਉਹ ਨਿਗੁਰਾ ਹੀ ਰਹਿੰਦਾ ਹੈ। ਅਫਸੋਸ ਦੀ ਗੱਲ ਹੈ ਕਿ ਪਾਵਰ-ਪਾਲੇਟਿਕਸ ਦੇ ਮੁੱਠੇ ਹੋਏ ਅਸੀਂ ਇਸ ਕੌੜੀ ਸੱਚਾਈ ਨੂੰ ਨਿਸ਼ੰਗ ਹੋ ਕੇ ਪਰਚਾਰ ਨਹੀਂ ਸਕੇ, ਜਿਸ ਦੇ ਫਲ-ਸਰੂਪ ਕੌਮ ਦੀ ਬਹੁ-ਗਿਣਤੀ ਗੁਰ-ਦੀਖਿਆ ਤੋਂ ਵਿਰਵੀ ਹੈ।

## "ਖਾਲਸਾ ਰਹਿਤ" ਤੁਰਕ-ਕਿਰਿਆ ਵਿਰੋਧੀ ?

ਖਾਲਸਾ ਰਹਿਤ ਸਤਿਗੁਰਾਂ ਵਲੋਂ ਦ੍ਰਿੜ੍ਹਾਇਆ ਸਫਲ ਜੀਵਨ-ਮਾਰਗ ਹੈ, ਜਿਸ ਉਤੇ ਚਲ ਕੇ ਇਕ ਪਾਸੇ ਤਾਂ ਸਿਖ ਦਾ ਸੰਬੰਧ ਵਿਕਾਰਾਂ ਤੇ ਵਿਕਾਰੀਆਂ ਤੋਂ ਟੁਟ ਕੇ ਗੁਰੂ ਨਾਲ, ਅਤੇ ਗੁਰੂ ਦੁਆਰਾ ਅਕਾਲ ਪੁਰਖ ਨਾਲ ਜੁੜਦਾ ਹੈ ਤੇ ਦੂਜੇ ਪਾਸੇ ਅੰਮ੍ਰਿਤ-ਬਾਟੇ ਦੇ ਸਾਂਝੀਵਾਲ ਆਪਣੇ ਗੁਰ-ਭਾਈਆਂ ਨਾਲ ਜੁੜਦਾ ਹੈ, ਅਤੇ ਜਥੇਬੰਦਕ ਰੂਪ ਵਿਚ "ਖਾਲਸਾ" ਧਰਤੀ ਉਤੇ ਧਰਮ ਵਰਤਾਉਣ ਦੇ ਕਰਤੱਵ ਦੀ ਪਾਲਣਾ ਕਰਨ ਜੋਗ ਬਣਦਾ ਹੈ।

ਖਾਲਸਾ ਰਹਿਤ ਨੂੰ "ਤੁਰਕ-ਵਿਰੋਧੀ ਕਿਰਿਆ" (ਸਿੰਘ ਸਭਾ ਪਤ੍ਰਿਕਾ, ਪੰਨਾ ੫੧) ਦਸ ਕੇ ਡਾ: ਜੀਤ ਸਿੰਘ ਨੇ ਸਿਖ ਰਵਾਇਤ ਵਲੋਂ ਆਪਣੀ ਘੋਰ ਲਾ-ਇਲਮੀ (ਬੇਸਮਝੀ) ਦਾ ਸਬੂਤ ਦਿਤਾ ਹੈ।

ਸਤਿਗੁਰਾਂ ਦਾ ਮਿਸ਼ਨ ਸਰਬ-ਸਾਂਝਾ ਹੈ ਤੇ ਕਿਸੇ ਖ਼ਾਸ ਫ਼ਿਰਕੇ ਜਾਂ ਕੌਮ ਦਾ ਵਿਰੋਧੀ ਨਹੀਂ, ਜਿਹਾ ਕਿ ਗੁਰਵਾਕ :—

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥

[ਕਾਨੜਾ ਮ: ੫, ਪੰਨਾ ੧੨੯੯

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥

[ਧਨਾਸਰੀ ਮ: ੫, ਪੰਨਾ ੬੭੧

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥ ੧੫ ॥ ੮੫ ॥

[ਅਕਾਲ ਉਸਤਤਿ, ਪਾ: ੧੦

ਇਸ ਦੀ ਵਿਰੋਧਤਾ ਵਿਕਾਰਾਂ ਅਤੇ ਵਿਕਾਰੀਆਂ ਦੇ ਵਿਰੁਧ ਹੀ ਹੈ, ਭਾਵੇਂ ਉਹ ਕਿਸੇ ਕੌਮ (ਤੁਰਕ, ਹਿੰਦੂ ਜਾਂ ਸਿਖ) ਦੇ ਹੋਣ। ਇਤਿਹਾਸ ਗਵਾਹ ਹੈ ਕਿ ਵਿਕਾਰਾਂ ਵਿਚ ਪਰਵਿਰਤ ਹੋ ਚੁਕੇ ਆਪਣੇ ਹੀ ਮਸੰਦਾਂ ਨੂੰ ਸਤਿਗੁਰਾਂ ਨੇ ਤੇਲ ਪਾ ਕੇ ਫੂਕਿਆ ਤੇ ਦੂਜੇ ਪਾਸੇ ਭੈ-ਭਾਵਨੀ ਵਾਲੇ ਧਰਮੀ ਤੇ ਸਾਊ ਮੁਸਲਮਾਨਾਂ ਨੂੰ ਪਿਆਰ ਤੇ ਬਖਸ਼ਸ਼ਾਂ ਦੁਆਰਾ ਨਿਵਾਜਿਆ। ਸਾਈਂ ਮੀਆਂ ਮੀਰ ਜੀ ਅਤੇ ਪੀਰ ਬੁੱਧੂ ਸ਼ਾਹ ਜੀ ਦੇ ਨਾਮ ਵੰਨਗੀ ਮਾਤ੍ਰ ਵਰਨਣ ਯੋਗ ਹਨ।

ਖਾਲਸਾ ਰਹਿਤ ਨੂੰ "ਜੰਗੀ ਜੀਵਨ ਦੇ ਵਤੀਰੇ ਤੇ ਵਿਵਹਾਰ ਲਈ ਨਿਯਮ" (ਸਿੰਘ ਸਭਾ ਪਤ੍ਰਿਕਾ ਪੰਨਾ ੪੯) ਦਸ ਕੇ ਵੀ ਡਾਕਟਰ ਜੀਤ ਸਿੰਘ ਜੀ ਨੇ ਖਾਲਸਾ ਰਹਿਤ ਦਾ ਰਹੱਸ ਵਿਗਾੜਨ ਦੀ ਕੋਝੀ ਹਰਕਤ ਕੀਤੀ ਹੈ।

ਇਸ ਤਰ੍ਹਾਂ ਲੇਖਕ ਅਤੇ ਪ੍ਰਕਾਸ਼ਕ ਆਪਣੇ Misconceived & misguided (ਕੁਰਾਹੇ ਪਾਊ) ਵਿਚਾਰਾਂ ਦੁਆਰਾ ਸਿਖ ਮਾਤਰ ਨੂੰ ਗੁਮਰਾਹ ਕਰ ਰਹੇ ਜਾਪਦੇ ਹਨ ਕਿ ਅਮਨ ਦੇ ਸਮੇਂ ਅੰਮ੍ਰਿਤ-ਧਾਰੀ ਹੋਣਾ, ਅਥਵਾ ਖਾਲਸਾ ਰਹਿਤ ਧਾਰਨ ਕਰਨਾ ਬੇਲੋੜਾ ਹੈ।

ਖਾਲਸੇ ਦਾ ਜੰਗ ਵਿਕਾਰਾਂ ਅਤੇ ਵਿਕਾਰੀਆਂ ਦੇ ਵਿਰੁਧ ਸਦੀਵੀ ਹੈ (ਖਾਲਸਾ ਸੋ ਜੋ ਕਰੇ ਨਿਤ ਜੰਗ)। ਜਿੰਨੀ ਦੇਰ ਵਿਕਾਰ ਅਤੇ ਵਿਕਾਰੀ ਦਨਦਨਾਂਦੇ ਫਿਰਦੇ ਹਨ, ਅਮਨ ਕਿਥੇ ਅਤੇ ਕਦੋਂ ? ਹਾਂ, ਅਮਨ ਕਾਇਮ ਰਖਣ ਲਈ "ਖਾਲਸਾ ਅਕਾਲ ਪੁਰਖ ਕੀ ਫੌਜ" ਹੈ। ਵਿਕਾਰਾਂ ਤੇ ਵਿਕਾਰੀਆਂ ਵਿਰੁਧ ਸਮੁਚੇ ਮਨੁਖੀ ਜੀਵਨ-ਸੰਗ੍ਰਾਮ ਵਿਚ ਇਸ ਫੌਜ ਦੀ ਸਦਾ ਹੀ ਲੋੜ ਹੈ। ਖਾਲਸਾ ਕਿਸੇ ਖਾਸ ਸਮੇਂ ਦੀ ਲੋੜ ਪੂਰੀ ਕਰਨ ਲਈ ਨਹੀਂ, ਸਗੋਂ ਉਸ ਆਦਰਸ਼ ਨੂੰ ਜੁਗੋ ਜੁਗ ਕਾਇਮ ਰਖਣ ਲਈ ਹੈ ਜੋ ਸਤਿਗੁਰਾਂ ਨੇ ਮਨੁਖ ਜਾਤੀ ਦੇ ਸਾਹਮਣੇ ਰਖਿਆ।

ਅੰਮ੍ਰਿਤ ਦੀ ਮਹੱਤਤਾ ਨੂੰ ਕੇਵਲ ਜੰਗੀ ਸ਼ਕਤੀ ਤਕ ਸੀਮਤ ਜਾਣਨਾ ਅਤੇ ਇਸ ਸੰਕੀਰਣ ਵਿਚਾਰ-ਧਾਰਾ ਨੂੰ ਪ੍ਰਚਾਰਨਾ ਅੰਮ੍ਰਿਤ ਦੀ ਤੌਹੀਨ ਹੈ। ਅੰਮ੍ਰਿਤ ਖਾਲਸੇ ਦਾ ਗੁਰੂ ਨਾਲ ਅਤੇ ਗੁਰੂ ਦੁਆਰਾ ਅਕਾਲ ਪੁਰਖ ਨਾਲ ਆਤਮਿਕ ਸੰਬੰਧ ਹੈ। ਅੰਮ੍ਰਿਤ ਖਾਲਸੇ ਦੇ ਜੀਵਨ ਦੀ ਹਰ ਪਖੋਂ ਪੂਰਨਤਾ ਦਾ ਜ਼ਾਮਨ ਹੈ।

ਗੁਰੁ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ ॥ [ਸਿਰੀਰਾਗੁ ਮ: ੫, ਪੰਨਾ ੪੯

ਅੰਮ੍ਰਿਤ ਅਤੇ ਨਾਮ ਓਤਿ ਪੋਤਿ ਹਨ।

ਸਿਖ ਦੇ ਸਮੁਚੇ ਜੀਵਨ ਦੇ ਹਰੇਕ ਜੀਵਨ-ਕਰਤੱਵ ਨੂੰ ਗੁਰੂ ਕੇ ਸੰਜਮ ਅਤੇ ਬੰਧੇਜ ਵਿਚ ਰਖਣ ਵਾਲੀ ਖਾਲਸਾ ਰਹਿਤ ਨੂੰ "ਜੰਗੀ ਜੀਵਨ ਦੇ ਵਤੀਰੇ ਲਈ" ਦਸਣਾ ਖਾਲਸਾ-ਰਹਿਤ ਅਤੇ ਖਾਲਸੇ ਨਾਲ ਧ੍ਰੋਹ ਕਮਾਉਣ ਵਾਲੀ ਗੱਲ ਹੈ।

ਸਾਰ-ਸਿੱਟਾ ਇਹ ਹੈ ਕਿ ਗੁਰੂ ਕੇ ਆਸ਼ਕ ਗੁਰਸਿਖਾਂ ਲਈ ਖੰਡੇ ਕੀ ਪਾਹੁਲ ਅਤੇ ਖਾਲਸਾ ਰਹਿਤ ਸਮੁੱਚੀ ਸਿਖ ਕੌਮ ਲਈ ਅਤੇ ਸਮੁੱਚੇ ਜੀਵਨ ਦੇ ਕਲਿਆਨ ਲਈ ਅਮੋਲਕ ਦਾਤਿ ਹੈ, ਪਰ ਰਹਿਤ-ਰਹਿਣੀ ਤੋਂ ਕੋਰੇ ਸ਼ੁਸ਼ਕ ਵਿਦਵਾਨ ਇਸ ਨੂੰ ਕੇਵਲ ਕੌਮ ਦੇ ਜੰਗ-ਜੁਧ ਕਰਨ ਵਾਲੇ ਵਰਗ ਲਈ ਅਤੇ ਕੇਵਲ ਜੰਗੀ ਜੀਵਨ ਦੇ ਵਤੀਰੇ ਲਈ ਮੰਨਦੇ ਅਤੇ ਪ੍ਰਚਾਰਦੇ ਹਨ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੀ ਅਜਿਹੀ ਸੋਚਣੀ ਵਾਲੇ ਵਿਦਵਾਨਾਂ ਅਤੇ ਪ੍ਰਬੰਧਕਾਂ ਦੇ ਢਹੇ ਚੜ੍ਹ ਕੇ ਗਲਤ ਪਟੜੀ ਤੇ ਪੈ ਗਈ ਹੈ। ਰੱਬ ਖੈਰ ਕਰੇ !

## (ਅ) ਰਹਿਤਨਾਮੇ—

ਜੀਵਨ-ਯਾਤਰਾ ਨੂੰ ਸਫਲ ਕਰਨ ਲਈ ਗੁਰਬਾਣੀ ਵਿਚ ਨਿਰੂਪਨ ਕੀਤੇ ਗੁਰ-ਹੁਕਮਾਂ ਨੂੰ ਮਨ ਬਚਨ ਕਰਮ ਕਰਕੇ ਜੀਵਨ ਪ੍ਰਜੰਤ ਨਿਭਾਉਣਾ ਹਰੇਕ ਸਿਖ ਦਾ ਪਰਮ ਧਰਮ ਹੈ। ਇਸ ਤਰ੍ਹਾਂ ਗੁਰਬਾਣੀ ਹਰੇਕ ਸਿਖ ਲਈ ਮੂਲਕ, ਪ੍ਰਮੁਖ ਤੇ ਮੁਸਤਨਿਦ (ਪ੍ਰਮਾਣੀਕ) ਰਹਿਤਨਾਮਾ ਹੈ। ਬਾਹਰਮੁਖੀ ਰਹਿਤ ਦੀ ਵਧੇਰੇ ਕਰਕੇ ਸੇਧ ਰਹਿਤ-ਨਾਮਿਆਂ ਤੋਂ ਮਿਲਦੀ ਹੈ, ਜੋ ਵਖ ਵਖ ਸਮੇਂ ਵਖ ਵਖ ਲਿਖਾਰੀਆਂ ਦੁਆਰਾ ਲਿਖੇ ਗਏ। ਇਸ ਸੰਬੰਧ ਵਿਚ ਭਾ: ਸਾ: ਕਾਹਨ ਸਿੰਘ ਜੀ ਨਾਭਾ ਗੁਰਮਤਿ ਮਾਰਤੰਡ ਦੇ ਪੰਨਾ ੭੯੬ ਉਤੇ ਇਉਂ ਲਿਖਦੇ ਹਨ :—

"ਰਹਿਤਨਾਮਾ

ਉਹ ਲੇਖ, ਜਿਸ ਵਿਚ ਸਿੱਖੀ ਦੀ ਰਹਿਣੀ ਰੀਤਿ ਦੇ ਵਾਕ ਹੋਣ।

(ੳ) ਸਿਖ ਧਰਮ ਦੇ ਮੁਖ ਰਹਿਤਨਾਮੇ ਹਨ —

੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ੨. ਦਸਮੇਸ਼ ਦੀ ਸ੍ਰੀ ਮੁਖ ਵਾਕ ਬਾਣੀ, ਜੋ ਖਾਲਸਾ ਧਰਮ ਦੇ ਨਿਯਮ ਪ੍ਰਤਿਪਾਦਨ ਕਰਦੀ ਹੈ, ੩. ਭਾਈ ਗੁਰਦਾਸ ਜੀ ਦੀ ਬਾਣੀ, ੪. ਭਾਈ ਨੰਦ ਲਾਲ ਜੀ ਦੀ ਬਾਣੀ।

(ਅ) ਅਗੇ ਲਿਖੇ ਗ੍ਰੰਥ ਭੀ ਰਹਿਤਨਾਮਿਆਂ ਵਿਚ ਸ਼ੁਮਾਰ ਕੀਤੇ ਜਾਂਦੇ ਹਨ—

੫. ਜਨਮ ਸਾਖੀ ਗੁਰੂ ਨਾਨਕ ਦੇਵ ਜੀ, ੬. ਗਿਆਨ ਰਤਨਾਵਲੀ, ੭. ਭਗਤ ਰਤਨਾਵਲੀ,

੮. ਸਰਵ ਲੋਹ ਵਿਚ ਜੋ ਸਿਖ ਧਰਮ ਸੰਬੰਧੀ ਵਾਕ ਹਨ, ੯. ਤਨਖਾਹ ਨਾਮਾ, ੧੦. ਭਾ: ਚੌਪਾ ਸਿੰਘ ਦਾ ਰਹਿਤਨਾਮਾ, ੧੧. ਭਾ: ਪ੍ਰਹਿਲਾਦ ਸਿੰਘ ਦਾ ਰਹਿਤਨਾਮਾ, ੧੨. ਪ੍ਰੇਮ ਸੁਮਾਰਗ, ੧੩. ਪ੍ਰਸ਼ਨੋਤਰ ਭਾਈ ਨੰਦ ਲਾਲ ਦਾ, ੧੪. ਭਾ: ਦੇਸਾ ਸਿੰਘ ਦਾ ਰਹਿਤਨਾਮਾ, ੧੫ ਭਾ: ਦਯਾ ਸਿੰਘ ਜੀ ਦਾ ਰਹਿਤਨਾਮਾ, ੧੬. ਗੁਰੁ ਸ਼ੋਭਾ, ੧੭. ਸਾਧ ਸੰਗਤਿ ਕੀ ਪ੍ਰਾਰਥਨਾ, ੧੮. ਰਤਨ ਮਾਲ (ਸੌ ਸਾਖੀ), ੧੯. ਵਾਜਿਬੁਲਅਰਜ਼, ੨੦. ਮਹਿਮਾ ਪ੍ਰਕਾਸ਼, ੨੧. ਗੁਰ ਵਿਲਾਸ ਪਾਤਸ਼ਾਹੀ ੬, ੨੨. ਗੁਰ ਵਿਲਾਸ ਪਾਤਸ਼ਾਹੀ ੧੦, ੨੩. ਮੁਕਤ ਨਾਮਾ, ੨੪. ਗੁਰੁ ਨਾਨਕ ਪ੍ਰਕਾਸ਼, ੨੫. ਗੁਰ ਪ੍ਰਤਾਪ ਸੂਰਜ, ੨੬. ਪੰਥ ਪ੍ਰਕਾਸ਼, ੨੭. ਗੁਰ ਪਦ ਪ੍ਰੇਮ ਪ੍ਰਕਾਸ਼, ੨੮. ਵਿਮਲ ਬਿਬੇਕ ਵਾਰਿਧਿ ਖਾਲਸਾ ਸ਼ਤਕ।

(ੲ) ਅਨੇਕ ਸੰਸਕਾਰ ਵਿਧੀਆਂ ਅਤੇ ਖਾਲਸਾ ਧਰਮ ਸ਼ਾਸਤਰ ਆਦਿ ਗ੍ਰੰਥ ਭੀ ਰਹਿਤਨਾਮੇ ਆਖੇ ਜਾ ਸਕਦੇ ਹਨ, **ਪਰ ਪਾਠਕ ਨੂੰ ਸਾਵਧਾਨ ਹੋ ਕੇ ਸਤਯ ਅਸਤਯ ਦਾ ਵਿਚਾਰ ਕਰਕੇ ਸਮਝਣ ਦੀ ਲੋੜ ਹੈ। ਇਸ ਗ੍ਰੰਥ (ਗੁਰਮਤਿ ਮਾਰਤੰਡ) ਦੀ ਭੂਮਿਕਾ ਵਿਚ ਇਸ ਦੇ ਸੰਬੰਧ ਵਿਚ ਬਹੁਤ ਕੁਛ ਲਿਖਿਆ ਗਿਆ ਹੈ।"** [ਗੁਰਮਤਿ ਮਾਰਤੰਡ, ਪੰਨਾ ੭੯੬

ਇਸ ਸਬੰਧੀ ਸਪੈਸ਼ਲ ਫੁਟ-ਨੋਟ ਵਿਚ ਭਾਈ ਕਾਹਨ ਸਿੰਘ ਜੀ ਲਿਖਦੇ ਹਨ ਕਿ **"ਅੰਕ (ੳ) ਵਿਚ ਦਿਤੇ ਚਾਰ ਰਹਿਤ-ਨਾਮਿਆਂ ਤੋਂ ਜੋ ਵਾਕ ਵਿਰੁਧ ਨਹੀਂ, ਉਹ ਅੰਗੀਕਾਰ ਕਰਨ ਜੋਗ ਹਨ।**

ਜਿਹੜੇ ਲਿਖਤੀ ਜਾਂ ਪ੍ਰਕਾਸ਼ਤ ਰਹਿਤਨਾਮੇ ਇਸ ਸਮੇਂ ਮਿਲਦੇ ਹਨ ਉਹਨਾਂ ਵਿਚ ਅੰਕਤ ਖਾਲਸਾ ਰਹਿਤ ਦੀ ਪਰਸਪਰ ਇਕ-ਸਾਰਤਾ ਨਹੀਂ ਮਿਲਦੀ, ਕਈ ਗੱਲਾਂ ਤੇ ਪਰਸਪਰ ਵਖੇਵਾਂ ਹੈ। ਜਿਹੜੀ ਗੱਲ ਚਿੰਤਾ-ਜਨਕ ਹੈ, ਉਹ ਇਹ ਹੈ ਕਿ ਕੁਝ ਰਹਿਤਨਾਮਿਆਂ ਵਿਚ ਕੁਝ ਗੱਲਾਂ ਅਜਿਹੀਆਂ ਹਨ ਜੋ ਗੁਰਬਾਣੀ ਦੁਆਰਾ ਦ੍ਰਿੜ੍ਹਾਏ ਗੁਰ-ਹੁਕਮਾਂ ਦੇ ਸਰਾਸਰ ਉਲਟ ਜਾਂਦੀਆਂ ਹਨ। ਇਸਦਾ ਕਾਰਨ ਇਹ ਹੈ ਕਿ ਰਹਿਤ-ਨਾਮਿਆਂ ਵਿਚ ਗੁਰਮਤਿ ਵਿਰੋਧੀ ਗੱਲਾਂ ਧਰਮ ਦੇ ਦੋਖੀਆਂ ਵਲੋਂ ਸਿਖ ਧਰਮ ਦਾ ਮੂੰਹ-ਮੁਹਾਂਦਰਾ ਵਿਗਾੜਨ ਅਤੇ ਸਿਖੀ ਸਪਿਰਟ ਖ਼ਤਮ ਕਰਨ ਲਈ ਗਿਣੀ ਮਿਥੀ ਸਾਜ਼ਸ਼ ਅਧੀਨ ਪਾਈਆਂ ਗਈਆਂ ਜਾਪਦੀਆਂ ਹਨ। ਅਜਿਹੀਆਂ ਕੁਝ ਉਦਾਹਰਣਾਂ ਥਲੇ ਦਰਜ ਹਨ :—

(ੳ) ਪਿਛਲੀ ਰਾਤਿ ਉਠ ਕੇ ਬੀੜੀ (ਪਾਨ ਬੀੜਾ) ਕਰੈ, ਇਸ਼ਨਾਨ ਕਰੈ, ਅਥਵਾ ਪੰਜ ਇਸ਼ਨਾਨਾ ਕਰੈ।

(ਅ) ਗੁਰੂ ਕੇ ਸਿਖ ਨੂੰ ਜੇਕਰ ਢੰਗ-ਸੁਆਰਥ ਦਾ ਕਾਰਜ਼ ਬਣੇ ਸੇਵਕ ਨਾਲ ਲੈਣ ਦਾ ਤਾਂ ਜੰਵੂ ਧਾਰ ਲਏ। ਕਾਰਜ ਕਰ ਕੇ ਆਪਣੀ ਭਾਵਨੀ ਨਾਲ ਉਤਾਰ ਛਡੇ। [ਰਹਿਤਨਾਮਾ ਭਾ: ਚਉਪਾ ਸਿੰਘ ਜੀ

(ੲ) ਗੁਰੂ ਕਾ ਸਿਖ ਸਹਜਧਾਰੀ ਰੋਮ ਕੈਂਚੀ ਨਾਲ ਉਤਰਾਵੇ। ਚਿਹਰਾ ਜ਼ਰੂਰ ਸਾਬਤ ਰਖੇ। ਦੀਦਾਰ ਚਿਹਰੇ ਦਾ ਹੈ। [ਰਹਿਤਨਾਮਾ, ਭਾ: ਚਉਪਾ ਸਿੰਘ ਜੀ

(ਸ) ਗੁਰੂ ਕੇ ਸਿਖ-ਮੁਤਸੱਦੀ, ਜੋ ਸਰਕਾਰ ਤੁਰਕਾਂ ਦੀ ਚਾਕਰੀ ਵਿਚ ਹੋਵਨ, ਤਿਨ੍ਹਾਂ ਨੂੰ ਸਭੇ ਕੁਰਹਿਤਾਂ ਮਾਫ। [ਰਹਿਤਨਾਮਾ ਭਾ: ਚਉਪਾ ਸਿੰਘ ਜੀ

(ਹ) ਗੁਰੂ ਕਾ ਸਿਖ ਪ੍ਰਾਤੇ ਉਠ ਕੇ ਸੂਰਜ ਨੂੰ ਨਮਸਤੇ ਆਖ ਕੇ, ਸਿਖਾਂ ਨੂੰ ਵਾਹਿਗੁਰੂ ਜੀ ਕੀ ਫਤਿਹ ਬੁਲਾਏ। [ਰਹਿਤਨਾਮਾ ਭਾ: ਚਉਪਾ ਸਿੰਘ ਜੀ

(ਕ) ਗੁਰੂ ਕਾ ਸਿਖ ਨਵੇਂ ਚੰਦ ਚੜ੍ਹੇ ਨੂੰ ਨਮਸਕਾਰ ਕਰਕੇ, ਸਿਖਾਂ ਨੂੰ ਵਾਹਿਗੁਰੂ ਜੀ ਕੀ ਫਤਿਹ ਬੁਲਾਏ।

ਨੋਟ:—ਫਿਰ ਅਗਾਂਹ ਜਾ ਕੇ ਇਸੇ ਰਹਿਤਨਾਮੇ ਦੇ ਤਨਖਾਹਨਾਮਾ ਵਾਲੇ ਅੰਕ ਵਿਚ ਦਰਜ ਹੈ—

ਜੋ ਸੂਰਜ ਦੇਵਤੇ ਨੂੰ ਨਮਸਕਾਰ ਕਰੇ, ਸੋ ਤਨਖਾਹੀਆ। [ਰਹਿਤਨਾਮਾ ਭਾਈ ਚਉਪਾ ਸਿੰਘ ਜੀ

(ਖ) ਰਤੀ ਅਫੀਮ ਜੁ ਮਾਸਾ ਭੰਗ। ਇਨ ਕੋ ਖਾਵਹਿ ਕਦੀ ਨਿਸੰਗ ।੩੧।

ਇਸ ਤੇ ਅਧਿਕ ਨ ਅਮਲ ਵਧਾਵੈ । ਵਧ ਅਮਲ ਤਉ ਨਰ ਦੁਖ ਪਾਵੈ॥
[ਰਹਤਨਾਮਾ ਭਾ: ਦੇਸਾ ਸਿੰਘ ਜੀ]

(ਘ) ਰਣ ਮੋ ਚਲੇ ਤੋ ਮਦਰਾ ਸੇਵੈ । ਅਵਰ ਦਿਵਸ ਕਹੂੰ ਨਾਮ ਨ ਲੇਵੈ ।੪੫।

**ਪ੍ਰੇਮ ਸੁਮਾਰਗ ਗ੍ਰੰਥ ਵਿਚੋਂ ਕੁਝ ਟੂਕ ਮਾਤ੍ਰ–**

ਬੇਸਵਾ ਕਾ ਸੰਗ ਅੱਥਾ ਬਿਆਹ ਸੰਜੋਗ ਹੈ । ਯਹ ਭੀ ਬਹੁਤ ਬੁਰਾ ਹੈ ।
ਜੋ ਰਹਿ ਨ ਸਕੈ ਤਉ ਕਰੈ ॥ (ਪੰਨਾ ੧੦੯)

ਇਸਤ੍ਰੀ ਹੋਤੇ ਦਾਸੀ ਕਾ ਸੰਗ ਨ ਕਰੈ । ਦਾਸੀ ਕਾ ਸੰਗ ਤਬ ਕਰੈ ਜੋ ਜਾਨੈ ਇਸਤ੍ਰੀ ਨਾਹੀ ਆਪਨੈ ਪਾਸ; ਅਰ ਕਾਮ ਕੇ ਜੋਰ ਤੇ ਰਹਿ ਨਹੀ ਸਕਤਾ । (ਪੰਨਾ ੧੨੧)

ਪਰ-ਇਸਤ੍ਰੀ ਅਰੁ ਬਿਆਹੁਤਾ ਕਉ ਏਕ ਬਰਾਬਰ ਪਛਾਨੈ ।
ਜੋ ਕਿਛੁ ਸਹਜ ਪਾਇ ਹੋਇ; ਸੋ ਹੁਕਮ ਕਰਿ ਜਾਨੈ । (ਪੰਨਾ ੧੪੭)

ਜੋ ਕਦਾਂਚ ਕੋਈ ਇਸਤ੍ਰੀ ਰਿਤੁਵੰਤੀ ਆਇ ਸੁਆਲ ਕਰੈ; ਤਾਂ ਉਸਕਾ ਆਤਮਾ ਪ੍ਰਸੰਨ ਕਰੈ । ਜੋ ਕਦਾਂਚ ਆਪ ਹੀ ਜਿਉਂ ਕਾਮ ਬਿਆਪਕ ਹੋਇ; ਅਰੁ ਸੰਜੋਗ ਪਾਇ ਉਸ ਸਾਥਿ ਰਿਤੁ ਉਪਚਾਰ ਕਰੈ, ਤਉ ਭੀ ਸਹਜਵਾਨ ਕੀ ਗਤਿ ਹੈ । (ਪੰਨਾ ੧੨੦, ਮੁਢਲੇ)

**ਨੋਟ :**–ਉਪ੍ਰੋਕਤ ਸਹਜਵਾਨ ਕੀ ਗਤਿ ਉਤੇ ਟਿਪਣੀ ਕਰਦੇ ਹੋਏ ਇਸ ਪੁਸਤਕ ਦੇ ਸੰਪਾਦਕ ਅਤੇ ਸ੍ਰ: ਗੁ: ਪ੍ਰ: ਕਮੇਟੀ ਦੇ ਰਿਸਰਚ ਸਕਾਲਰ ਜੀ ਲਿਖਦੇ ਹਨ–

(ਅਨਜਾਣ ਅਤੇ ਗੁਰਮਤਿ ਦੇ ਉਚੇ ਉਦੇਸ਼ ਦੀ ਸੂਝ ਤੋਂ ਸਖਣੇ ਸਜਣਾਂ ਦੇ ਭਾਣੇ ਇਹ ਬਚਨ) ਪਰ ਤ੍ਰਿਆ ਗਮਨ (ਵਿਭਚਾਰ) ਦੀ ਖੁਲ੍ਹ ਦੇਣ ਤੁਲ ਹੈ । ਇਜੇਹਾ ਸ਼ੰਕਾ ਕਰਨ ਲਗਿਆਂ ਇਸ ਉਚ ਅਵਸਥਾ ਦੇ ਸਾਰੇ ਪੱਖਾਂ ਨੂੰ ਅੱਖਾਂ ਸਾਹਮਣੇ ਰਖਣਾ ਚਾਹੀਦਾ ਇ । ਸੱਚਾ ਸਹਜਵਾਨ (ਬ੍ਰਹਮ ਗਿਆਨੀ) ਹਰ ਤਰ੍ਹਾਂ ਦੇ ਪੁੰਨ-ਪਾਪ ਤੇ ਆਪਣੇ ਪਰਾਏ ਦੇ ਵਿਚਾਰ ਤੋਂ ਨਿਰਲੇਪ ਹੁੰਦਾ ਹੈ । (੧੨੦, ਮੁਢਲੇ ਪੰਨੇ)

ਅਰੁ ਜੋ ਕੋਈ ਬਿਗਾਨੀ ਇਸਤ੍ਰੀ ਸਾਥ ਬਦ-ਕਰਮ ਕਰੈ ਯਾ ਅਪਨੇ ਘਰ ਬਿਖੈ ਰਖੈ, ਰਜਾ-ਮੰਦੀ ਕਰ, ਯਾ ਸਖਤੀ ਕਰਿ, ਤਬ ਚਾਹੀਐ :–

ਜੋ ਖਸਮ ਉਸ ਇਸਤ੍ਰੀ ਕਾ ਜੀਵਤਾ ਹੋਇ–ਜਿਸ ਪੁਰਖ ਨੇ ਇਸ ਪੁਰਖ ਕੀ ਇਸਤ੍ਰੀ ਘਰ ਮੈਂ ਪਾਈ ਹੋਇ; ਅਪਨੀ ਇਸਤ੍ਰੀ ਬਦਲੇ ਉਸ ਪੁਰਖ ਕੋ ਦੇਇ । ਜੇਤੇ ਦਿਨ ਵਹੁ ਰਖੈ ਇਸ ਕੀ ਇਸਤ੍ਰੀ ਕਉ, ਉਤਨੇ ਦਿਨ ਵਹੁ ਰਖੈ । ਅਰੁ ਜੇ ਬਦ ਕਰਮ ਕਰ ਕੈ ਛੋਡ ਦੇਇ, ਅਰੁ ਜਾਹਰ ਹੋਇ, ਤਬ ਉਸ ਕੀ ਇਸਤ੍ਰੀ ਕਉ ਭੀ ਉਸੀ ਤਰਹਿ ਉਸ ਕੇ ਹਵਾਲੇ ਕਰੈ । ਜਿਸ ਕੀ ਇਸਤ੍ਰੀ ਕੇ ਸਾਥ ਬਦੀ ਕੀਈ ਹੋਇ ॥੬॥ (ਪੰਨਾ ੧੩੮)

ਅਰੁ **ਕੰਨ ਛੇਦੇ**, ਦੁਰ (ਮੋਤੀ) ਪਾਏ–ਸੁਇਨੇ ਕੇ ਅਥਵਾ ਰੁਪੇ ਕੇ ਦੁਰ । (ਪੰਨਾ ੨੪)

ਅਰੁ ਲੜਕੀ ਕੋ ਝਗਾ, **ਟੋਪੀ**, ਚੁਨੀ ਸਾਲੂ ਕੀ ਪਹਿਨਾਏ
ਨਾਮ ਰਖੇ 'ਦੇਵੀ' ਨਾਮਾ । **ਨੱਕ ਕੰਨ ਛੇਦੇ** । (ਪੰਨਾ ੨੫)

ਸ਼ਾਦੀ ਸੰਬੰਧ ਲਿਖਿਆ ਹੈ–

ਲੜਕੇ ਕਉ ਚਾਰ ਦਿਨ ਅਗੇ ਸੰਜੋਗ ਕੇ ਮਾਸ ਕਾ ਆਹਾਰ ਦੇਵੇ ਬਕਰੇ ਕਾ–ਗੇਹੂੰ ਕੇ ਫੁਲਕੇ ਸਾਥ, ਮਧਿਆਨ (ਦੁਪਹਿਰ) ਦਿਨ ਮੋ । ਰਾਤਿ ਕਉ ਦੁੱਧ ਜੇਤਾ ਕੁ ਪਚੇ, ਪਿਲਾਵੈ । ਅਤੇ ਪਾਨ, ਜਾਇਫਲ,

ਜਾਵਿਤ੍ਰੀ, ਲੌਂਗ, ਮੁਸ਼ਕ, ਲਾਇਚੀ ਛੋਟੀ ਡਾਲ ਕੇ ਬੀੜੇ ਅੰਦਰਿ, ਦਸ ਬੀੜੇ ਖਿਲਾਵੇ; ਰਾਤਿ ਦਿਨ ਵਿਚਿ ॥੧॥ (ਪੰਨਾ ੨੯)

ਦਿਨ ਨੂੰ ਅਗੇ ਹੀ ਭੋਜਨੁ ਮਾਸ ਕਾ ਮਸਾਲਿਆਂ ਨਾਲ ਕਰੇ । ਅਰੁ ਬੀੜੇ ਮਸਾਲਿਆਂ ਆਲੇ ਚਬੇ ॥੧੦॥

ਗਭਰੂ ਮਸਾਲਿਆਂ ਨਾਲਿ ਬੀੜੇ ਚਬਾਵੰਦਾ ਰਹੈ । (ਸੰਗਤਿ ਵਿਚ ਬੈਠਾ)
ਸ਼ਬਦ ਸੁਨਤਾ ਰਹੈ । ਤਾਂ ਇਸ ਦੇ ਸਭ ਮਨੋਰਥ ਰਾਸ ਹੋਵਨਿ ॥੧੭॥੪॥ (ਪੰਨਾ ੩੧)

ਅਰੁ ਅਮਲ ਕੋਈ ਖਾਏ ਨਾਹੀਂ । ਅਰੁ ਜੋ ਕਦਾਂਚ ਖਾਏ, ਤਾਂ ਇਸ ਤਰਹਿ ਖਾਏ : ਜੋ ਅਫੀਮ ਖਾਏ, ਤਾਂ ਮੂੰਗ ਬਰਾਬਰ, ਅੱਛੀ ਅੱਵਲ ਖਾਏ । ਮਸਾਲਾ ਪਾਇ ਖਾਇ । ਅਰ ਜੋ ਮਸਾਲਾ ਨਾ ਹੋਵੇ; ਤਾਂ ਤੀਨ ਮਾਸੇ ਬਿਜੀਆ (ਭੰਗ) ਘੋਟਿ ਪੀਵੈ ਸਾਦੀ । ਪੋਸਤ ਪੀਵੇ, ਤਾਂ ਅਢਾਈ ਡੋਡੇ-ਅਫੀਮ ਅਨ-ਨਿਕਲੇ–ਭੇਂਵ ਕੇ ਪੀਵੇ ॥੪॥ (ਪੰਨਾ ੬੭)

ਅਮਲ ਖਾਣਾ ਮਨਾ ਹੈ ।......ਜਬ ਖਾਏ ਤਾਂ ਜੌਂ ਖਾਏ : ਜਬ ਜਾਣੇ ਕਿ ਦੁਨੀਆਂ ਕੇ ਬਿਓਹਾਰਾਂ ਤੇ ਫਾਰਗ ਹੋਇਆ ਹਾਂ, ਅਬ ਕਿਛੁ ਕੰਮ ਨਾਹੀਂ । ਅਰੁ ਖਾਏ ਤਾਂ ਛਪਾਇ ਕੇ ਖਾਏ । ਕਿਸੇ ਉਪਰਿ ਜਾਹਰ ਨ ਕਰੇ । ਭਾਂਗ ਖਾਏ ਤਾਂ ਅਢਾਈ ਮਾਸਾ ਮਸਾਲੇ ਪਾਇ ਖਾਏ, ਲੌਂਗ, ਮਿਰਚਾਂ, ਜਾਇਫਲ, ਜਾਵਿਤ੍ਰੀ, ਕੇਸਰ, ਮੁਸ਼ਕੰਬਰ ਪਾਣਾ । ਇਹ ਐਬ ਨਾਹੀ ॥੯॥ (ਪੰਨਾ ੬੭)

ਅਰੁ ਕਦਾਂਚ ਮਲੇਛ ਕੀ ਪੁੱਤ੍ਰੀ ਚਾਹੈ, ਜੋ "ਮੈ ਖਾਲਸਾ ਹੋਇ ਕਰਿ ਅਪਨਾ ਸੰਜੋਗ ਖਾਲਸੇ ਸਾਥ ਕਰਾਂ" ਤਿਸ ਕੀ ਬਿਧਿ :–

ਪਹਿਲੇ ਤਉ ਨੁਵਾਇ ਕੈ ਜਿਮੀ ਮੈ ਗੱਡੇ, ਹਿਕਮਤਿ ਨਾਲਿ । ਜੋ ਸਾਸ ਅਰੁ ਅੱਖੀਆਂ ਬਚਨਿ, ਅਉਰ ਸਭ ਅੰਗ ਗੱਡੇ, ਨਜ਼ਰ ਆਵੇ ਨਾਹੀ । ਛਿਨ ਮਾਤ੍ਰ ਇਹ ਕਰਮ ਕਰ ਕੈ ਕਢੇ । ਅਰੁ ਫੇਰਿ ਨੁਵਾਇ । ਅਰੁ ਆਖੇ– "ਪਾਕੀ ਨਾਈ ਪਾਕ, ਏਕ ਅਕਾਲ ਪੁਰਖੁ ਹੈ ।"

..... ਫੇਰਿ ਮਾਸ ਬੈਰਾਹ (ਸੂਰ) ਕਾ ਖਿਲਾਵੈ, ਇਕਵੰਜਾ (੫੧) ਦਿਨ । ਤਬ ਸੁੱਧ ਹੋਇ ॥੧੬॥ (ਪੰਨਾ ੫੭)

ਅਰੁ ਮਾਸ-ਜੋ ਗੁਰੂ ਦੇਇ, ਤਉ ਹਰਿ ਰੋਜ਼ ਪ੍ਰਸ਼ਾਦ ਨਾਲਿ ਕਰੈ; ਥੋੜਾ ਬਹੁਤ । ਨਾਗਾ ਨ ਕਰੈ । ਜਿਸ ਦਿਨ ਨਾਗਾ ਕਰੈ, ਉਸ ਦਿਨ ਪ੍ਰਸਾਦ ਕਬੂਲ ਪਵੇਗਾ ਨਾਹੀਂ । ਭੂਤ ਪ੍ਰੇਤ ਉਸ ਪ੍ਰਸਾਦ ਕੇ ਅਧਿਕਾਰੀ ਹੋਹਿੰਗੇ । ਮਾਸ ਜੋ ਕਹਿਆ ਹੈ, ਸੋ ਕਿਉਂ ਕਹਿਆ ਹੈ ? ਜੋ ਪਰਮ ਰੂਪ ਇਸ ਕੀ ਬਾਸਨਾ ਤੇ ਸੁਪ੍ਰਸੰਨ ਹੋਤਾ ਹੈ । ਤਬ ਉਹ ਪ੍ਰਸਾਦ, ਮਹਾਂ ਪ੍ਰਸਾਦ ਹੂਆ । ਜੋ ਕੋਈ ਮੂਹ ਪਾਵੈ, ਸੋ ਭੀ ਪਵਿਤ੍ਰ ਹੋਇ ॥੭॥ (ਪੰਨਾ ੬੨)

ਰਹਿਤਨਾਮਿਆਂ ਵਿਚੋਂ ਗੁਰਮਤਿ ਵਿਰੋਧੀ ਅਤੇ ਵਿਕਾਰਾਂ ਦੀ ਖੁਲ੍ਹ ਦੇਣ ਵਾਲੇ ਤਥ ਉਘਾੜ ਕੇ ਆਪਣਾ ਢਿੱਡ ਨੰਗਾ ਕਰਨ ਵਾਲੀ ਗੱਲ ਹੈ । ਪਰ ਇਸ ਤਥ ਨੂੰ ਪਾਠਕਾਂ ਦੇ ਸਾਹਮਣੇ ਉਘੇੜ ਕੇ ਰਖਣ ਦੀ ਲੋੜ ਇਸ ਲਈ ਪਈ ਹੈ ਕਿ ਡਾਕਟਰ ਜੀਤ ਸਿੰਘ ਜੀ ਸੀਤਲ ਰਹਿਤਨਾਮਿਆਂ ਨੂੰ ਵਾਚਣ ਤੇ ਘੋਖਣ ਦੀ ਖੇਚਲ ਕੀਤੇ ਬਗੈਰ ਲਿਖਦੇ ਹਨ :–

"ਉਹ ਗੁਰੂ ਕਲਗੀਆਂ ਵਾਲੇ ਦੇ ਅਟੱਲ ਆਦੇਸ਼ ਹਨ ਅਤੇ ਗੁਰਬਾਣੀ ਵਾਂਗ ਉਹਨਾਂ ਵਿਚ 'ਅੱਖਰ, ਲਗ, ਕੰਨਾ' ਵਧ ਘਟ ਨਹੀਂ ਕੀਤਾ ਜਾ ਸਕਦਾ ।"

[ਸਿੰਘ ਸਭਾ ਪਤ੍ਰਿਕਾ, ਜੁਲਾਈ ੧੯੮੦, ਪੰਨਾ ੬੦

ਪਾਠਕ ਅੰਦਾਜ਼ਾ ਲਾ ਲੈਣ ਕਿ ਮਾਇਆ ਦੇ ਤਕੜੇ ਗਫੇ ਲੈ ਕੇ ਲੇਖ ਲਿਖਣ ਵਾਲੇ ਸਿਖ ਵਿਦਵਾਨ ਕਿਵੇਂ ਕੌਮ ਦੀਆਂ ਬੇੜੀਆਂ ਵਿਚ ਵੱਟੇ ਪਾਈ ਜਾ ਰਹੇ ਹਨ !

"ਰਹਿਤਨਾਮੇ" ਪੁਸਤਕ ਰੂਪ ਵਿਚ ਸੰਪਾਦਨ ਕਰ ਕੇ ਪ੍ਰੋ: ਪਿਆਰਾ ਸਿੰਘ ਜੀ ਪਦਮ ਆਪਣੇ ਵਲੋਂ

ਲਿਖੀ ਪ੍ਰਸਤਾਵਨਾ ਵਿਚ ਲਿਖਦੇ ਹਨ–

ਇਹ ਰਹਿਤਨਾਮੇ ਕਦੋਂ ਲਿਖੇ ਗਏ, ਕਿਸ ਕਿਸ ਨੇ ਲਿਖੇ, ਇਸ ਦਾ ਉਤਰ ਡੂੰਘੀ ਖੋਜ-ਵਿਚਾਰ ਦਾ ਮੁਥਾਜ ਹੈ। ਇਕ ਗੱਲ ਸਾਫ਼ ਹੈ ਕਿ ਕੋਈ ਰਹਿਤਨਾਮਾ ਸ੍ਰੀ ਮੁਖਵਾਕ ਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਨਹੀਂ। ਜੇ ਅਜਿਹਾ ਹੁੰਦਾ ਤਾਂ ਦਸਮ ਗ੍ਰੰਥ ਵਿਚ ਜ਼ਰੂਰ ਦਰਜ ਹੁੰਦਾ। ਮਲੂਮ ਹੁੰਦਾ ਹੈ ਕਿ ਅਠਾਰ੍ਹਵੀਂ ਸਦੀ ਵਿਚ ਇਨ੍ਹਾਂ ਦੀ ਰਚਨਾ ਹੋਈ ਅਤੇ ਲਿਖਣ ਵਾਲੇ ਹੋਰ ਬੁਧਿਮਾਨ ਸਿਖ ਹਨ, ਪ੍ਰੰਤੂ ਇਨ੍ਹਾਂ ਨੂੰ ਪ੍ਰਮਾਣੀਕ ਬਣਾਉਣ ਲਈ ਗੁਰੂ ਦਸਮੇਸ਼ ਦੇ ਨਿਕਟਵਰਤੀ ਬਜ਼ੁਰਗ ਸਿਖਾਂ ਨਾਲ ਸੰਬੰਧਤ ਕੀਤਾ ਗਿਆ, ਜਿਵੇਂ ਕਿ ਭਾਈ ਨੰਦ ਲਾਲ, ਭਾਈ ਦਯਾ ਸਿੰਘ, ਭਾਈ ਚੌਪਾ ਸਿੰਘ, ਭਾਈ ਪ੍ਰਹਿਲਾਦ ਸਿੰਘ ਨਾਲ। ਹੋ ਸਕਦਾ ਹੈ ਕਿ ਕਿਸੇ ਰਹਿਤਨਾਮੇ ਦਾ ਕੁਝ ਹਿੱਸਾ ਸ਼ਾਇਦ ਇਨ੍ਹਾਂ ਦਾ ਵੀ ਲਿਖਿਆ ਹੋਵੇ, ਪ੍ਰੰਤੂ ਜੋ ਵੇਰਵਾ ਵਿਸਤਾਰ, ਹਵਾਲੇ ਤੇ ਸ਼ੈਲੀ ਹੁਣ ਮਿਲਦੀ ਹੈ, ਉਸ ਤੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਦਾ ਹੁਣ ਵਾਲਾ ਰੂਪ ੧੭੨੦ ਈਸਵੀ ਤੋਂ ਬਾਅਦ ਤਿਆਰ ਹੋਇਆ। .....ਕੁਝ ਰਹਿਤਨਾਮਿਆਂ ਵਿਚ ਕੁਝ ਕੁ ਗੱਲਾਂ ਅਜਿਹੀਆਂ ਅੰਕਿਤ ਹਨ, ਜੋ ਗੁਰਮਤਿ ਅਨੁਸਾਰ ਨਹੀਂ, ਜਿਵੇਂ ਕਈ ਪੰਡਿਤ ਸਿਖ ਲੇਖਕਾਂ, ਬ੍ਰਾਹਮਣਾਂ ਦੀ ਵਡਿਆਈ ਕੀਤੀ ਹੈ, ਤੁਰਕਾਂ ਪ੍ਰਤੀ ਅਤਿ ਸਖ਼ਤ ਸ਼ਬਦ ਵਰਤੇ ਹਨ, ਅਰਬੀ ਫ਼ਾਰਸੀ ਪੜ੍ਹਨੀ ਮਨ੍ਹਾ ਕੀਤੀ ਹੈ।......ਬਾਕੀ ਜੋ ਕਥਨ ਗੁਰਬਾਣੀ ਆਸ਼ੇ ਦੇ ਪ੍ਰਤੀਕੂਲ ਹੈ, ਉਸ ਨੂੰ ਜੇ ਕਿਸੇ ਰਹਿਤਨਾਮੇ ਵਿਚ ਲਿਖਿਆ ਗਿਆ ਹੈ ਤਾਂ ਜ਼ਰੂਰੀ ਨਹੀਂ ਕਿ ਸਿਖ ਉਸ ਨੂੰ ਪਰਵਾਣ ਕਰੇ।"

ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਰਿਸਰਚ ਸਕਾਲਰ ਸ: ਰਣਧੀਰ ਸਿੰਘ ਜੀ 'ਪ੍ਰੇਮ ਸੁਮਾਰਗ' ਗ੍ਰੰਥ ਦੇ ਸੰਪਾਦਕੀ ਨੋਟ ਵਿਚ ਲਿਖਦੇ ਹਨ–

> "ਏਸ ਤਰ੍ਹਾਂ ਭਾ: ਦਇਆ ਸਿੰਘ, ਭਾਈ ਨੰਦ ਲਾਲ, ਭਾਈ ਪ੍ਰਹਲਾਦ ਸਿੰਘ ਤੇ ਭਾ: ਦੇਸਾ ਸਿੰਘ ਆਦਿ ਹਜ਼ੂਰੀ ਸਿੰਘਾਂ ਦੇ ਨਾਮ ਪੁਰ ਅਨੇਕਾਂ ਰਹਿਤਨਾਮੇ ਲਿਖੇ ਛਪੇ ਲਭਦੇ ਹਨ। ਪਰ ਇਹ ਚਾਰੇ ਹੀ ਗੁਮਨਾਮ ਵਿਦਵਾਨਾਂ ਦੇ ਰਚੇ ਹੋਏ ਹਨ। ਉਹਨਾਂ ਦੀ ਹਕੀਕਤ, ਅੰਦਰਲੀਆਂ ਗਵਾਹੀਆਂ ਤੋਂ ਹੀ ਖੁਲ੍ਹ ਜਾਂਦੀ ਹੈ।" (ਪੰਨਾ ੮੦)

ਗੁਰਬਾਣੀ ਅਤੇ ਰਹਿਤਨਾਮਿਆਂ ਅਥਵਾ ਇਤਿਹਾਸ ਦੇ ਪਰਸਪਰ-ਵਿਰੋਧੀ ਤੱਥ, ਬੜੀ ਦੇਰ ਤੋਂ ਸਿਖ ਵਿਦਵਾਨਾਂ ਤੇ ਪੰਥ-ਹਿਤੈਸ਼ੀਆਂ ਦੀ ਵਿਚਾਰ ਦਾ ਵਿਸ਼ਾ ਬਣੇਹੋਏ ਹਨ।

## ਪਰਖ-ਵੱਟੀ–

ਇਸ ਸੰਬੰਧੀ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਜਿਹੜੀਆਂ ਗੱਲਾਂ ਉਤੇ ਰਹਿਤਨਾਮਿਆਂ ਦੀ ਪਰਸਪਰ ਇਕਸਾਰਤਾ ਤੇ ਸਰਬ ਸੰਮਤੀ ਹੈ ਅਤੇ ਗੁਰਬਾਣੀ ਦੇ ਉਪਦੇਸ਼ਾਂ ਨਾਲ ਕੋਈ ਟਕਰਾਅ ਨਹੀਂ, ਉਹ ਖਾਲਸੇ ਦੇ ਮੰਨਣ ਤੇ ਕਮਾਉਣ ਜੋਗ ਹਨ, ਪਰ ਜਿਨ੍ਹਾਂ ਗੱਲਾਂ ਤੇ ਗੁਰਬਾਣੀ ਅਤੇ ਰਹਿਤਨਾਮਿਆਂ ਵਿਚ ਪਰਸਪਰ **ਵਿਰੋਧ ਹੈ ਤਾਂ ਨਿਰਸੰਦੇਹ ਉਹਨਾਂ ਬਾਰੇ ਅੰਤਮ ਨਿਰਣਾ ਕਰਨ ਦੀ ਕਸਵਟੀ ਕੇਵਲ ਗੁਰਬਾਣੀ ਹੀ ਮੰਨੀ ਜਾ ਸਕਦੀ ਹੈ।**

**ਖਤਰਨਾਕ ਦ੍ਰਿਸ਼ਟੀ-ਕੋਣ**–ਡਾ: ਜੀਤ ਸਿੰਘ ਦੇ ਵਿਚਾਰ-ਅਧੀਨ ਲੇਖ ਤੋਂ ਸਪੱਸ਼ਟ ਹੁੰਦਾ ਹੈ ਕਿ ਉਹ ਗੁਰਬਾਣੀ ਦੀ ਰੌਸ਼ਨੀ ਵਿਚ ਰਹਿਤਨਾਮਿਆਂ ਦੇ ਸਰਬ-ਸੰਮਤੀ ਵਾਲੇ ਤੱਥਾਂ ਦੇ ਅਧਾਰ ਤੇ ਖਾਲਸਾ ਰਹਿਤ ਵਿਚ ਇਕਸਾਰਤਾ ਕੀਤੇਜਾਣ ਦੇ ਵਿਰੋਧੀ ਹਨ ਅਤੇ ਇਸ ਪੱਖ ਦੇ ਮੁਦਈ ਹਨ ਕਿ ਗੁਰਬਾਣੀ ਵਿਚ ਦ੍ਰਿੜ੍ਹਾਈ ਗਈ ਗੁਰ-ਮਤਿ ਰਹਿਤ ਅਤੇ ਰਹਿਤਨਾਮਿਆਂ ਵਿਚ ਦਰਜ ਖਾਲਸਾ ਰਹਿਤ ਨੂੰ ਵਖਰੇ ਵਖਰੇ ਸਗਵੇਂ ਰੂਪ ਵਿਚ ਹੀ ਪਰਚਾਰਿਆ ਜਾਵੇ। ਇਸ ਚਾਲ ਦਾ ਅਸਲੀ ਮੰਤਵ ਸਿਖ ਕੌਮ ਵਿਚ ਦੋ ਕਿਸਮ ਦੀ ਰਹਿਤ ਅਤੇ ਦੋ ਕਿਸਮ ਦੀ ਸਿਖੀ ਪ੍ਰਚਲਤ ਕਰਨਾ ਜਾਪਦਾ ਹੈ। ਇਹ ਸਿੱਖੀ ਨੂੰ ਢਾਹ ਲਾਉਣ ਵਾਲਾ ਪਰਚਾਰ ਹੈ ਅਤੇ ਇਸਦੇ ਸਿੱਟੇ ਸਿੱਖੀ ਲਈ ਘਾਤਕ ਸਾਬਤ ਹੋਣਗੇ।

# ਪਰ-ਤਨ ਗਮਨ

ਸਿਖ ਧਰਮ ਸਹਿਜ ਦਾ ਮਾਰਗ ਹੈ । ਇਹ ਨਿਰਵਿਰਤੀ ਅਤੇ ਪਰਵਿਰਤੀ ਦੋਹਾਂ ਦਾ ਸੰਗਮ ਹੈ । ਨਿਰਵਿਰਤੀ ਦਾ ਧਾਰਨੀ 'ਜੋਗੀ' ਸੰਸਾਰ ਦਾ ਤਿਆਗੀ ਹੋ ਕੇ ਜੀਵਨ-ਸੰਗ੍ਰਾਮ ਤੋਂ ਭਗੋੜਾ ਹੋ ਗਿਆ । ਜੰਗਲ ਵਿਚ ਜਾ ਬੈਠਣ ਨਾਲ ਸੰਸਾਰ ਤਾਂ ਛੁਟ ਗਿਆ, ਪਰ ਵਾਸ਼ਨਾ ਨਾ ਛੁਟ ਸਕੀ । ਵਾਸ਼ਨਾ ਦੇ ਅਧੀਨ ਫਿਰ ਵਿਕਾਰੀ ਹੋ ਗਿਆ :–

ਹਾਥਿ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥੬॥

[ਮਾਰੂ ਮਹਲਾ ੧, ਪੰਨਾ ੧੦੧੩

ਦੂਜੇ ਪਾਸੇ ਪਰਵਿਰਤੀ ਵਿਚ ਖੱਚਤ ਹੋ ਕੇਸੰਸਾਰੀ ਮਨੁਖ ਆਪਣਾ ਜੀਵਨ-ਨਿਸ਼ਾਨਾ ਭੁਲਾ ਕੇ, ਮਾਇਕ ਵਿਸ਼ੇ-ਭੋਗਾਂ ਦਾ ਗ਼ੁਲਾਮ ਹੋ ਗਿਆ । ਭੋਗਾਂ ਵਿਚ ਤ੍ਰਿਪਤੀ ਕਿਥੇ ? ਇਸ ਤਰ੍ਹਾਂ ਸਗੋਂ ਭੋਗ-ਵਾਸ਼ਨਾ ਹੋਰ ਪ੍ਰਚੰਡ ਹੋਈ । ਤਨ ਤੇ ਮਨ ਦੋਵੇਂ ਰੋਗੀ ਹੋ ਗਏ ਤੇ ਅੰਤ ਖੁਆਰੀ ਹੀ ਪਲੇ ਪਈ ।

ਜੇ ਲਖ ਇਸਤਰੀਆ ਭੋਗ ਕਰਹਿ ਨਵਖੰਡ ਰਾਜੁ ਕਮਾਹਿ ॥
ਬਿਨੁ ਸਤਿਗੁਰ ਸੁਖੁ ਨ ਪਾਵਹੀ ਫਿਰਿ ਫਿਰਿ ਜੋਨੀ ਪਾਹਿ ॥੩॥

[ਸਿਰੀਰਾਗੁ ਮ: ੩, ਪੰਨਾ ੨੬

ਸਿਖ ਧਰਮ ਦੇ ਸੰਚਾਲਿਕ ਸਤਿਗੁਰਾਂ ਨੇ ਪਰਵਿਰਤੀ ਵਿਚ ਨਿਰਵਿਰਤੀ, ਅਥਵਾ ਸਹਿਜ ਦਾ ਮਾਰਗ ਧਾਰਨ ਕੀਤਾ ਅਤੇ ਸਿਖ ਜਗਿਆਸੂਆਂ ਨੂੰ ਸਹਿਜ ਦੇ ਧਾਰਨੀ ਹੋਣ ਦਾ ਉਪਦੇਸ਼ ਦ੍ਰਿੜ੍ਹਾਇਆ । ਸਾਰੇ ਗੁਰੂ ਸਾਹਿਬਾਨ ਗ੍ਰਿਹਸਤੀ ਹੋਏ ਅਤੇ ਗੁਰਸਿਖਾਂ ਨੂੰ ਵੀ ਗ੍ਰਿਹਸਤੀ ਬਣ ਕੇ "ਵਿਚੇ ਗ੍ਰਿਹਸਤ ਉਦਾਸ" ਦਾ ਉਪਦੇਸ਼ ਕੀਤਾ :–

ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥
ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥੧॥ਰਹਾਉ॥

[ਸਿਰੀਰਾਗੁ ਮ: ੩, ਪੰਨਾ ੨੬

ਮਨ ਹਠਿ ਜਿਸ ਤੇ ਮੰਗਣਾ ਲੈਣਾ ਦੁਖੁ ਮਨਾਇ ॥
ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ ॥੧॥

[ਸਲੋਕੁ ਮ: ੩, ਵਡਹੰਸ ਕੀ ਵਾਰ, ਪੰਨਾ ੫੮੭

ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥
ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥੨॥

[ਮ: ੧, ਵਾਰ ਰਾਮਕਲੀ ਮ: ੩, ਪੰਨਾ ੯੫੨

ਚਿਕੜ ਵਿਚ ਰਹਿੰਦੇ ਹੋਏ ਇਸ ਤੋਂ ਅਲੇਪ ਕਮਲ ਵਾਂਗ ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਇਸ ਦੀ ਪਕੜ ਤੋਂ ਨਿਰਲੇਪ ਰਹਿਣਾ ਗੁਰਸਿਖ ਦਾ ਨਿਸ਼ਾਨਾ ਹੈ । ਗੁਰਸਿਖਾਂ ਨੂੰ ਆਦਰਸ਼ਕ ਗ੍ਰਿਹਸਤੀ ਬਣਨ ਦਾ ਭੇਤ ਸਤਿਗੁਰਾਂ ਨੇ ਆਪ ਸਮਝਾਇਆ ਹੈ–

ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥

[ਪਾਤਸ਼ਾਹੀ ੧੦

ਮਨੁਖ ਦੇ ਜੀਵਨ ਵਿਚ ਗ੍ਰਿਹਸਤ ਇਕ ਅਜਿਹਾ ਸੰਜਮ ਹੈ ਜਿਸ ਦੁਆਰ ਨਾ ਤਾਂ ਨਿਰਵਿਰਤੀ ਦਾ ਉਲਾਰ ਹੁੰਦਾ ਹੈ ਅਤੇ ਨਾ ਹੀ ਪਰਵਿਰਤੀ ਦਾ। ਇਹ ਪਰਵਿਰਤੀ ਅਤੇ ਨਿਰਵਿਰਤੀ ਦੋਹਾਂ ਦਾ ਸੰਗਮ ਹੈ। ਏਸੇ ਲਈ ਇਸ ਨੂੰ ਪ੍ਰਧਾਨ* ਮੰਨਿਆ ਗਿਆ ਹੈ। ਸਿਖ ਧਰਮ ਵਿਚ ਪਰ-ਤਨ-ਗਾਮੀ ਹੋਣਾ, ਭਾਵ ਪੁਰਸ਼ ਦਾ ਪਰਾਈ-ਇਸਤ੍ਰੀ ਨਾਲ ਸੰਬੰਧ ਰਖਣਾ ਅਤੇ ਇਸਤ੍ਰੀ ਦਾ ਪਰਾਏ-ਪੁਰਸ਼ ਨਾਲ ਸੰਬੰਧ ਰਖਣਾ, ਪਾਪ ਕਰਮ ਮਿਥਿਆ ਗਿਆ ਹੈ ਅਤੇ ਇਸ ਤੋਂ ਸਮੱਗਰ ਗੁਰਬਾਣੀ ਅਤੇ ਸਾਰੇ ਰਹਿਤਨਾਮਿਆਂ ਵਿਚ ਅੰਕਤ ਉਪਦੇਸ਼ਾਂ ਦੁਆਰਾ ਵਰਜਿਆ ਗਿਆ ਹੈ—

ਪਰ-ਧਨ ਪਰ-ਤਨ ਪਰ-ਤੀ ਨਿੰਦਾ ਅਖਾਧਿ ਖਾਹਿ ਹਰਕਾਇਆ ॥
ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ ॥੩॥
[ਆਸਾ ਮ: ੫, ਪੰਨਾ ੪੦੨

ਪਰ-ਧਨ ਪਰ-ਦਾਰਾ ਪਰ-ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ ॥
ਚਰਨ ਕਮਲ ਸੇਵੀ ਰਿਦ ਅੰਤਰਿ ਗੁਰ ਪੂਰੇ ਕੈ ਆਧਾਰਿ ॥੩॥
[ਆਸਾ ਮ: ੫, ਪੰਨਾ ੩੭੯

ਪਰਧਨ ਪਰਦਾਰਾ ਪਰਹਰੀ ॥ ਤਾ ਕੈ ਨਿਕਟਿ ਬਸੈ ਨਰਹਰੀ ॥੧॥ (੩॥੨)
(ਭੈਰਉ ਨਾਮਦੇਉ ਜੀ, ੧੧੬੩

ਪਰ-ਤ੍ਰਿਅ ਰਾਵਣਿ ਜਾਹਿ ਸੇਈ ਤਾਲਾਜੀਅਹਿ ॥
ਨਿਤ-ਪ੍ਰਤਿ ਹਿਰਹਿ ਪਰਦਰਬੁ ਛਿਦ੍ਰ ਕਤ ਢਾਕੀਅਹਿ ॥੮॥
[ਫੁਨਹੇ ਮ: ੫, ਪੰਨਾ ੧੩੬੨

ਰੇ ਨਰ ਕਾਇ ਪਰ ਗ੍ਰਿਹਿ ਜਾਇ ॥
ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮਰਾਇ ॥੧॥ਰਹਾਉ॥
[ਮਾਰੂ ਮ: ੫, ਪੰਨਾ ੧੦੦੧

ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥੩॥
[ਸੋਰਠਿ ਮ. ੫, ਪੰਨਾ ੬੧੬

ਪਰ ਇਸਤ੍ਰੀ ਸਿਉ ਨੇਹ ਲਗਾਵੈ ॥
ਗੋਬਿੰਦ ਸਿੰਘ ਵਹ ਸਿਖ ਨ ਭਾਵੈ ॥ (ਤਨਖਾਹ ਨਾਮਾ)

ਪਰ-ਬੇਟੀ ਕੋ ਬੇਟੀ ਜਾਨੈ ॥
ਪਰ-ਇਸਤ੍ਰੀ ਕੋ ਮਾਤ ਬਖਾਨੈ ॥ (ਰਹਤਨਾਮਾ ਭਾ: ਦੇਸਾ ਸਿੰਘ)

ਸਭ ਤੇ ਵਡੀ ਰਹਤ ਇਹ ਹੈ—ਮਰਦ ਪਰ ਨਾਰੀ ਕਾ ਸੰਗ ਨਾ ਕਰੇ,
ਇਸਤ੍ਰੀ ਬਿਗਾਨੇ ਮਰਦ ਨੂੰ ਨ ਦੇਖੇ। (ਪ੍ਰੇਮ ਸੁਮਾਰਗ)

ਪਰ-ਨਾਰੀ ਜੂਆ ਅਸੱਤ ਚੋਰੀ ਮਦਰਾ ਜਾਨ ॥
ਪਾਚ ਐਬ ਯੇ ਜਗਤ ਮੋ ਤਜੈ ਸੁ ਸਿੰਘ ਸੁਜਾਨ ।੪੪। (ਰਹਤਨਾਮਾ ਭਾ: ਦੇਸਾ ਸਿੰਘ)

---

*ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰੁ, ਸਕਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ ॥
[ਭਾ: ਗੁਰਦਾਸ ਜੀ, ਕਬਿਤ ੩੭੬

ਵਡੀ ਮਾਂ ਕਰਿ ਦੇਖਣੀ, ਹਾਣ ਦੀ ਭੈਣ ਕਰ ਦੇਖਣੀ ।
ਪਰਾਈ ਧੀਅ ਭੈਣ ਨੂੰ ਬੁਰੀ ਦ੍ਰਿਸ਼ਟਿ ਨਹੀਂ ਦੇਖਣਾ ।
(ਸਾਖੀ ਰਹਿਤ ਕੀ, ਭਾਈ ਨੰਦ ਲਾਲ ਜੀ

ਪਾਂਚ ਐਬ ਨ ਕਰੇ, ਜੋ ਜੀਵਨ ਮੁਕਤ ਹੈ–
ਪਰ-ਧਨ, ਪਰ-ਇਸਤ੍ਰੀ, ਪਰ-ਨਿੰਦਾ, ਜੂਆ, ਮਦਰਾ ।......
ਸੁਰਮਾਦਿਕ ਸਿੰਗਾਰ ਨਹਿ, ਨਹਿਂ ਪਰ-ਤਰੁਨੀ ਸੰਗਿ ॥
[ਰਹਿਤਨਾਮਾ ਭਾਈ ਦਯਾ ਸਿੰਘ ਜੀ

ਜੇ ਗੁਰੂ ਕਾ ਸਿਖ ਹੋਇ, ਸੋ ਪਰ-ਇਸਤ੍ਰੀ ਦੇਖੇ ਨਾਹੀਂ । ਪਰ-ਇਸਤ੍ਰੀਆਂ ਦੀ ਸੰਗਤਿ ਨਾ ਬੈਠੇ ।......

ਸ਼ਸਤਰ-ਧਾਰੀ ਸਿਖ ਕੈਸਾ ਹੋਵੇ ? ਨਾਲੇ ਦਾ ਜਤੀ ਹੋਵੇ ।
[ਰਹਿਤਨਾਮਾ ਭਾਈ ਚਉਪਾ ਸਿੰਘ ਛਿੱਬਰ

ਗੁਰੂ ਕੀ ਸਿਖਣੀ ਸੀਲ-ਧਰਮ ਰਖੇ । ਆਪਣੇ ਭਰਤੇ ਨੂੰ ਭਰਤਾ ਜਾਣੇ, ਹੋਰ ਸਭ ਪਿਤਾ, ਭਾਈ, ਪੁਤ੍ਰ ਕਰਿ ਜਾਣੇ ।
ਪਤਿਬ੍ਰਤ ਧਰਮ ਰਖੇ, ਜੈਸੇ ਗ੍ਰੰਥ ਸਾਹਿਬ ਵਿਚ ਕਹਿਆ ਹੈ ।
[ਤਨਖਾਹਨਾਮਾ; ਭਾਈ ਚਉਪਾ ਸਿੰਘ ਜੀ

ਮਰਦ ਹੋਇ ਕੈ ਪਰ-ਨਾਰੀ ਦਾ ਸੰਗ ਨ ਕਰੇ, ਇਸਤ੍ਰੀ ਹੋਇ ਕੇ ਮਰਦ ਨੋ ਨਾ ਦੇਖੇ ।
[ਰਹਿਤਨਾਮਾ ਪ੍ਰੇਮ ਸੁਮਾਰਗ

ਗੁਰਬਾਣੀ ਵਿਚ ਪਰ-ਗ੍ਰਿਹ [ਪਰ-ਤਨ ਗਾਮੀ ਹੋਣ] ਨੂੰ ਬਿਸੀਅਰ (ਵਿਹੁਲੇ ਸੱਪ) ਦੇ ਸੰਗ ਕਰਨ ਨਾਲ ਤੁਲਨਾ ਦਿਤੀ ਗਈ ਹੈ । ਜਿਸ ਤਰ੍ਹਾਂ ਸੱਪ ਲੜਨ ਨਾਲ ਮਨੁਖ ਜ਼ਹਿਰ ਦਾ ਵਿਕਾਰੀ ਹੋ ਕੇ ਮਰ ਜਾਂਦਾ ਹੈ ਇਸੇ ਤਰ੍ਹਾਂ ਪਰ-ਤਨ-ਗਮਨ ਦਾ ਭਾਗੀ ਹੋ ਕੇ ਕੋਈ ਮਨੁਖ ਖਾਲਸਾ ਨਹੀਂ ਰਹਿ ਜਾਂਦਾ; ਸਗੋਂ 'ਪਤਿਤ' ਹੋ ਜਾਂਦਾ ਹੈ ।

ਜੈਸਾ ਸੰਗੁ ਬਿਸੀਅਰ ਸਿਉ ਹੈ ਰੇ
ਤੈਸੋ ਹੀ ਇਹੁ ਪਰ ਗ੍ਰਿਹੁ ॥ ੨ ॥ [ਆਸਾ ਮ: ੫, ਪੰਨਾ ੪੦੩

ਉਪਰੋਕਤ ਗੁਰ-ਹੁਕਮਾਂ ਤੇ ਰਹਿਤਨਾਮਿਆਂ ਦੀ ਰੋਸ਼ਨੀ ਵਿਚ ਪਰ-ਤ੍ਰਿਅ-ਗਮਨ ਸਰਬੱਤ ਖਾਲਸੇ ਲਈ ਬਜਰ ਕੁਰਹਿਤ ਹੈ, ਪਰ ਖਾਲਸਾ ਰਹਿਤ ਦੇ ਨਵੀਨ ਤੇ ਵਿਲੱਖਣ ਵਿਆਖਿਆਕਾਰ ਡਾ: ਜੀਤ ਸਿੰਘ ਜੀ ਸੀਤਲ 'ਸਿੰਘ ਸਭਾ ਪਤ੍ਰਿਕਾ' ਵਿਚ ਲਿਖਦੇ ਹਨ–

"(ਕੁਰਹਿਤਾਂ ਵਿਚੋਂ ਇਕ ਕੁਰਹਿਤ ਹੈ) ਮੁਸਲੀ ਜਾਂ ਤੁਰਕਣੀ ਸੰਗ ਭੋਗ ਕਰਨਾ (**ਪਰ-ਇਸਤ੍ਰੀ ਨਹੀਂ**) ।" [ਸਿੰਘ ਸਭਾ ਪਤ੍ਰਿਕਾ, ਪੰਨਾ ੪੪

ਜਦੋਂ ਸਾਰੇ ਰਹਿਤਨਾਮਿਆਂ ਵਿਚ ਪਰ-ਤ੍ਰਿਆ ਤਿਆਗ ਸੰਬੰਧੀ ਸੰਮਤੀ ਹੈ ਅਤੇ ਇਹ ਮਨਾਹੀ ਗੁਰਬਾਣੀ ਦੇ ਹੁਕਮਾਂ ਦੇ ਬਿਲਕੁਲ ਅਨਕੂਲ ਹੈ ਅਤੇ ਸਰਬੱਤ ਖਾਲਸਾ ਇਸ ਤਿਆਗ ਦਾ ਅਮਲੀ ਰੂਪ ਵਿਚ ਧਾਰਨੀ ਹੈ, ਫਿਰ ਪਤਾ ਨਹੀਂ ਡਾ: ਜੀਤ ਸਿੰਘ ਜੀ ਪਰ-ਤ੍ਰਿਆ-ਗਮਨ ਨੂੰ ਖਾਲਸਾ ਕੁਰਹਿਤ ਦਾ ਅਨਿਖੜਵਾਂ ਅੰਗ ਮੰਨਣ ਤੋਂ ਕਿਉਂ ਆਕੀ ਹਨ ?

ਪਰ-ਤ੍ਰਿਅ ਗਮਨ ਦੀ ਕਾਲੀ ਕਰਤੂਤ ਵਜੋਂ ਇੰਦਰ ਦੇਵਤੇ ਦੀ ਹੋਈ ਮੰਦੀ ਹਾਲਤ ਦਾ ਹਵਾਲਾ ਦੇ ਕੇ ਸਤਿਗੁਰਾਂ ਨੇ ਆਪਣੇ ਸਿਖ-ਪੁਤਰਾਂ ਨੂੰ ਸਮਾਜ ਦੇ ਇਸ ਕੋਹੜ ਤੋਂ ਖ਼ਬਰਦਾਰ ਕੀਤਾ ਹੈ–

ਗੋਤਮ ਤਪਾ ਅਹਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰ ਲੁਭਾਇਆ ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥੧॥
[ਪ੍ਰਭਾਤੀ ਮ: ੧, ਪੰਨਾ ੧੩੪੩–੪੪

ਡਾ: ਜੀਤ ਸਿੰਘ ਦਸਣ ਕਿ ਕੀ ਅਹਿਲਿਆ ਮੁਸਲਮਾਨੀ ਸੀ ? ਪਰ-ਤ੍ਰਿਅ ਗਮਨ ਵਿਕਾਰ ਹੈ, ਭਾਵੇਂ ਪਰ-ਤ੍ਰਿਅ ਕਿਸੇ ਜਾਤੀ ਜਾਂ ਫਿਰਕੇ ਦੀ ਹੋਵੇ। ਕਾਮੀ ਪੁਰਸ਼ ਦਾ ਕੋਈ ਈਮਾਨ ਨਹੀਂ ਹੁੰਦਾ। ਉਹ ਕਾਮ-ਵਾਸ਼ਨਾ ਵਿਚ ਅੰਨ੍ਹਾ ਹੋਇਆ ਜਾਤਿ ਕੁਜਾਤਿ ਨਹੀਂ ਵੇਖਦਾ। ਜਿਵੇਂ ਗੁਰ-ਹੁਕਮ ਹੈ—

ਛਿਵੈ ਕਾਮੁ ਨ ਪੁਛੈ ਜਾਤਿ ॥ [ਸਲੋਕੁ ਮ: ੧, ਪੰਨਾ ੧੩੭

ਪਰ-ਤ੍ਰਿਅ ਗਮਨ ਸਿਖੀ ਦੇ ਆਦਿ ਕਾਲ ਤੋਂ ਹੀ ਘੋਰ ਪਾਪ ਗਰਦਾਨਿਆ ਗਿਆ ਤੇ ਇਸ ਤੋਂ ਸਿਖਾਂ ਨੂੰ ਵਰਜਿਆ ਗਿਆ। ਏਥੋਂ ਤਕ ਕਿ ਸਤਿਗੁਰਾਂ ਨੇ ਪਰ-ਇਸਤ੍ਰੀ ਨੂੰ ਮੰਦੀ ਨਜ਼ਰ ਨਾਲ ਦੇਖਣ ਤੋਂ ਵੀ ਵਰਜਿਆ—

ਪਰਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ (੨੭੪)

ਗੁਤਮਤਿ ਦੇ ਸੱਚੇ ਵਿਆਖਿਆਕਾਰ ਭਾਈ ਸਾਹਿਬ ਭਾਈ ਗੁਰਦਾਸ ਜੀ ਸਿਖ ਦੀ ਦ੍ਰਿਸ਼ਟੀ ਨੂੰ ਉਚਾਣ ਦੀ ਟੀਸੀ ਤੇ ਲਿਜਾਣ ਲਈ ਫੁਰਮਾਂਦੇ ਹਨ :—

ਏਕਾ ਨਾਰੀ ਜਤੀ ਹੋਇ ਪਰ-ਨਾਰੀ ਧੀ ਭੈਣ ਵਖਾਣੈ ॥ [ਵਾਰ ੬, ਪਉੜੀ ੮
ਹਉ ਤਿਸੁ ਘੋਲਿ ਘੁਮਾਇਆ ਪਰ-ਨਾਰੀ ਦੇ ਨੇੜਿ ਨ ਜਾਵੈ ॥ [ਵਾਰ ੧੨, ਪਉੜੀ ੪
ਦੇਖਿ ਪਰਾਈਆਂ ਚੰਗੀਆ ਮਾਵਾਂ ਭੈਣਾ ਧੀਆਂ ਜਾਣੈ ॥ [ਵਾਰ ੨੯, ਪਉੜੀ ੧੧

ਇਹ ਇਸ ਲਈ ਕਿ ਨਾਮ-ਰਤੇ ਅੰਮ੍ਰਿਤ-ਧਾਰੀ ਗੁਰਸਿਖਾਂ ਦੇ ਨੈਣਾਂ ਬੈਣਾਂ ਵਿਚੋਂ ਸਦਾ ਅੰਮ੍ਰਿਤ ਵਰਸੇ ਤੇ ਜੋ ਜੋ ਮਨੁਖ ਮਾਤ੍ਰ ਇਸਤ੍ਰੀ ਜਾਂ ਪੁਰਸ਼ ਗੁਰਸਿਖ ਦੇ ਦਰਸ਼ਨ-ਦੀਦਾਰ ਕਰ ਲਵੇ, ਉਸ ਨੂੰ ਉਸ ਦੀ ਅੰਮ੍ਰਿਤ-ਗੁੱਧੀ ਸ਼ਖਸੀਅਤ ਤੋਂ ਅੰਮ੍ਰਿਤ-ਛੁਹ ਹੀ ਪ੍ਰਾਪਤ ਹੋਵੇ।

ਫਿਰ ਅਕਾਲ ਪੁਰਖ ਵਿਚ ਅਭੇਦ ਹੋਣ ਦਾ ਟੀਚਾ ਰਖਣ ਵਾਲੇ ਗੁਰਸਿਖਾਂ ਨੂੰ ਸਤਿਗੁਰਾਂ ਨੇ ਸਚਿਆ-ਰਤਾ ਦੀ ਟੀਸੀ ਤੇ ਪਹੁੰਚਾਣ ਲਈ ਸਮਝਾਇਆ ਕਿ "ਅੰਜੁਨ ਮਾਹਿ ਨਿਰੰਜਨੁ ਪਾਵੈ" ਦੀ ਸਰਵ-ਉਚ ਪਦਵੀ ਪ੍ਰਾਪਤ ਕਰਨ ਲਈ ਇਹ ਪਹਿਲੀ ਸ਼ਰਤ ਹੈ ਕਿ ਗੁਰਸਿਖ ਨਿਜ-ਨਾਰੀ ਦੇ ਮੋਹ-ਪਿਆਰ ਤੋਂ ਵੀ ਉਚਾ ਉਠ ਕੇ ਵਾਹਿਗੁਰੂ ਨਾਲ ਪਿਆਰ ਪਾਵੇ, ਜਿਵੇਂ ਫੁਰਮਾਨ ਹੈ—

ਪੁਤ੍ਰ ਕਲਤ੍ਰ ਲਛਿਮੀ ਮਾਇਆ ਇਹੈ ਤਜਹੁ ਜੀਅ ਜਾਨੀ ਰੇ ॥
ਕਹਤ ਕਬੀਰੁ ਸੁਨਹੁ ਰੇ ਸੰਤਹੁ ਮਿਲਿ ਹੈ ਸਾਰਿਗਪਾਨੀ ਰੇ ॥੪॥੧॥
[ਬਿਲਾਵਲੁ ਕਬੀਰ ਜੀ, ਪੰਨਾ ੮੫੫

ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥ [ਮਹਲਾ ੪, ਪੰਨਾ ੧੪੧
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮ ਨਿਵਾਸਾ ॥੩॥[ਸੋਰਠਿ ਮ: ੯,ਪੰਨਾ ੬੩੪

ਏਡਾ ਉਚਾ ਨਿਸ਼ਾਨਾ ਅਤੇ ਇੰਨਾ ਸੁੱਚਾ ਚਲਨ ਰਖਣ ਵਾਲੇ ਖਾਲਸੇ ਦੀ ਰਹਿਤ ਨੂੰ ਮੁਸਲੀ-ਗਮਨ ਦੀ ਮਨਾਹੀ ਤਕ ਸੀਮਤ ਰਖੇ ਜਾਣ ਦੀ ਵਕਾਲਤ ਲੇਖਕ ਦੀ ਗੁਰਮਤਿ ਫਿਲਾਸਫੀ ਤੋਂ ਘੋਰ ਨਾਵਾਕਫ਼ੀ ਅਤੇ ਨਿਜੀ ਵਿਕਾਰੀ ਰੁਚੀ ਦੀ ਹੀ ਪ੍ਰਤੀਕ ਜਾਪਦੀ ਹੈ।

ਕੋਈ ਪੁਛੇ ਕਿ ਜਦੋਂ ਖਾਲਸਾ ਰਹਿਤ ਦੇ ਨਿਰਮਾਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖ਼ੁਦ ਪਰ-ਨਾਰੀ ਗਮਨ ਨੂੰ 'ਕਲੰਕ' ਦਾ ਫਤਵਾ ਦੇ ਕੇ ਆਪਣੇ ਖਾਲਸੇ ਨੂੰ ਇਸ ਤੋਂ ਖਬਰਦਾਰ ਕਰਦੇ ਹਨ ਤਾਂ ਫਿਰ ਡਾਕਟਰ ਸਾਹਿਬ ਕਿਉਂ ਆਪਣੀ ਡਾਕਟਰੀ ਦੀ ਅੜੀ ਵਿਚ ਇਸ ਨੂੰ ਖਾਲਸਾ ਕੁਰਹਿਤ ਦੇ ਘੇਰੇ ਵਿਚੋਂ ਕਢੇ

ਜਾਣ ਲਈ ਅਜਾਈਂ ਦਲੀਲਾਂ ਦੇ ਘੋੜੇ ਦੁੜਾ ਕੇ ਸਮੁੱਚੀ ਕੌਮ ਨੂੰ ਪਟੜੀਓਂ ਲਾਹੁਣ ਦਾ ਕੋਝਾ ਜਤਨ ਕਰ ਰਹੇ ਹਨ । ਗੁਰਦੇਵ ਦਾ ਆਪਣਾ ਮੁਖ ਵਾਕ ਇਉਂ ਹੈ :–

ਸੁਧ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥
ਪੂਤ ਇਹੈ ਪ੍ਰਨ ਤੋਹਿ, ਪ੍ਰਾਨ ਜਬ ਲਗ ਘਟ ਥਾਰੇ ॥
ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿੱਤ ਬਢੈਯਹੁ ॥
ਪਰ-ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥

ਪਰਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ ॥ ਪਰਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ ॥
ਪਰਨਾਰੀ ਕੇ ਹੇਤ ਸੀਸ ਦਸ-ਸੀਸ ਗਵਾਯੋ ॥ ਹੋ ਪਰਨਾਰੀ ਕੇ ਹੇਤ, ਕਟਕ ਕਵਰਨ ਕੋ ਘਾਯੋ ॥੫੨॥
ਪਰਨਾਰੀ ਸੋ ਨੇਹੁ ਛੁਰੀ ਪੈਨੀ ਕਰਿ ਜਾਨਹੁ ॥ ਪਰਨਾਰੀ ਕੇ ਭਜੇ, ਕਾਲ ਬਯਾਪਯੋ ਤਨ ਮਾਨਹੁ ॥
ਅਧਿਕ ਹਰੀਫੀ ਜਾਨਿ ਭੋਗ ਪਰਤ੍ਰਿਆ ਜੁ ਕਰਹੀ ॥ ਹੋ ਅੰਤ ਸ੍ਵਾਨ ਕੀ ਮ੍ਰਿਤ ਹਾਥ ਲੇਂਡੀ ਕੇ ਮਰਹੀ ॥੫੩॥
ਬਾਲ ਹਮਾਰੇ ਪਾਸ, ਦੇਸ ਦੇਸਨ ਤ੍ਰਿਅ ਆਵਹਿ ॥ ਮਨ ਬਾਛਤ ਬਰ ਮਾਂਗਿ, ਜਾਨਿ ਗੁਰਿ ਸੀਸ ਝੁਕਾਵਹਿ ॥
ਸਿਖਯ ਪੁਤ੍ਰ, ਤ੍ਰਿਆ ਸੁਤਾ ਜਾਨਿ ਅਪਨੇ ਚਿਤ ਧਰਿਯੈ॥ਹੋ ਕਹੁ ਸੁੰਦਰ ਤਿਹ ਸਾਥ ਗਵਨ ਕੈਸੇ ਕਰ ਕਰਿਯੈ॥੫੪॥
[ਰੂਪਕੁਅਰ ਪ੍ਰਬਾਏ, ਪਾ: ੧੦

ਵੇਖਣ ਵਿਚ ਆਇਆ ਹੈ ਕਿ ਦਿਮਾਗੀ ਤੌਰ ਤੇ ਚਲਾਕ ਨਸ਼ੱਈ ਅਤੇ ਵਿਸ਼ੱਈ ਮਨੁਖ ਮਾਇਕ ਚਸਕਿਆਂ ਦੇ ਮੁੱਠੇ ਹੋਏ ਹਰ ਵੇਲੇ ਇਸ ਤੱਕ ਵਿਚ ਰਹਿੰਦੇ ਹਨ ਕਿ ਵਿਸ਼ੇ-ਭੋਗਾਂ ਵਿਚ ਖੁਲ੍ਹ ਲੈਣ ਲਈ ਉਹਨਾਂ ਨੂੰ ਕਿਧਰੋਂ ਗੁੰਜੈਸ਼ ਨਿਕਲੇ । ਆਪਣੇ ਮੰਤਵ ਦੀ ਸਿਧੀ ਲਈ ਉਹ ਅਜਿਹੀਆਂ ਲਿਖਤਾਂ ਦਾ ਆਸਰਾ ਟੋਲਦੇ ਰਹਿੰਦੇ ਹਨ ਜੋ ਖਾਲਸੇ ਦੇ ਵਿਰੋਧੀਆਂ ਨੇ ਗਿਣ ਮਿਥ ਕੇ ਖਾਲਸਾ ਰਹਿਤਾਂ ਰਵਾਇਤਾਂ ਨੂੰ ਨਸ਼ਟ ਭ੍ਰਸ਼ਟ ਕਰਨ ਲਈ ਰਲੇ ਪਾਏ ਹੋਏ ਹਨ । ਏਸੇ ਪਰਕਿਰਤੀ ਦੇ ਅਧੀਨ ਡਾ: ਜੀਤ ਸਿੰਘ ਜੀ ਨੇ ਸਾਰਾ ਤਾਣ ਚੌਥੀ ਕੁਰਹਿਤ ਨੂੰ ਮੁਸਲੀ-ਗਮਨ ਤਕ ਸੀਮਤ ਰਖਣ ਅਤੇ ਇਸ ਨੂੰ ਹਾਸੋ-ਹੀਣੀ ਬਣਾਉਣ ਤੇ ਲਾ ਦਿਤਾ ਹੈ । ਪਰ ਰਹਿਤ-ਨਾਮਿਆਂ ਦੇ ਸਹੀ ਤੱਥਾਂ ਅਤੇ ਗੁਰਬਾਣੀ ਦੀ ਰੋਸ਼ਨੀ ਵਿਚ ਅਜਿਹੇ ਚਸਕਾਲੂ ਵਿਦਵਾਨਾਂ ਦਾ ਸਾਰਾ ਕੂੜਾਵਾ ਪਾਜ ਉਘੜ ਕੇ ਸਾਹਮਣੇ ਆ ਜਾਂਦਾ ਹੈ ।

ਦੂਜੇ ਪਾਸੇ ਹੌਂਸਲੇ ਖਾਲਸਾ ਜੀ, ਆਪਣੀ ਵਿਵੇਕ ਬੁਧੀ ਦੇ ਆਸਰੇ ਗੁਰਬਾਣੀ ਦੀ ਰੋਸ਼ਨੀ ਵਿਚ ਸੱਚ ਝੂਠ ਨੂੰ ਨਿਤਾਰ ਕੇ, ਸੱਚ ਨੂੰ ਧਾਰਨ ਕਰ ਕੇ ਸਚਿਆਰ ਬਣਨ ਦੇ ਚਾਹਵਾਨ ਹੁੰਦੇ ਹਨ । ਉਹ ਗੁਰੂ ਕੇ ਸਮੱਗਰ ਹੁਕਮਾਂ ਨੂੰ ਸਤਿ ਸਤਿ ਕਰ ਕੇ ਮੰਨਣ ਤੇ ਕਮਾਉਣ ਵਿਚ ਪ੍ਰਸੰਨਤਾ ਤੇ ਗੌਰਵ ਮਹਿਸੂਸ ਕਰਦੇ ਹਨ । ਇਹ ਖਾਲਸਾ ਰਹਿਤ ਗੁਰਸਿਖੀ ਦੇ ਆਸ਼ਕਾਂ ਦਾ ਮਾਰਗ ਹੈ, ਜੋ ਛੋਟਾਂ ਨਹੀਂ ਲੋੜਦੇ, ਗੁਰ-ਹੁਕਮਾਂ ਤੋਂ ਆਪਾ ਘੋਲ ਘੁਮਾਉਣ ਲਈ ਸਦਾ ਤੱਤਪਰ ਰਹਿੰਦੇ ਹਨ । ਉਹਨਾਂ ਦੀ ਕਰੜੀ ਘਾਲਣਾ ਤੋਂ ਸਗੋਂ ਹੋਰਨਾਂ ਨੂੰ ਚੜ੍ਹਦੀ ਕਲਾ ਦੀ ਪ੍ਰੇਰਨਾ ਮਿਲਦੀ ਹੈ । ਆਪਣੇ ਗਲਤ ਪੱਖ ਦੀ ਪੂਰਤੀ ਲਈ ਡਾਕਟਰ ਸਾਹਿਬ ਗੁਰਬਾਣੀ ਦੀ ਵਿਆਖਿਆ ਵੀ ਅਨੋਖੇ ਢੰਗ ਨਾਲ ਕਰਦੇ ਹਨ :–

"ਤੁਰਕਨੀ ਅਰਥਾਤ ਮੁਸਲਮਾਨੀ ਔਰਤ ਦਾ ਗਮਨ ਕੁਰਹਿਤ ਹੈ, ਨਾ ਕਿ ਪਰ-ਇਸਤ੍ਰੀ ਗਮਨ । ਇਹ ਕੁਰਹਿਤ ਵੀ ਜੰਗਾਂ ਜੁਧਾਂ ਦੀ ਧਰਮ ਵਿਵਸਥਾ ਨੂੰ ਸਥਿਰ ਰਖਣ ਲਈ ਬਣਾਈ ਗਈ ਸੀ, ਵਰਨਾ ਇਹ ਤਾਂ ਗੁਰੂ ਨਾਨਕ ਸਾਹਿਬ ਵੀ ਫੁਰਮਾ ਗਏ ਸਨ :

ਤਗੁ ਨ ਇੰਦ੍ਰੀ ਤਗੁ ਨ ਨਾਰੀ ॥
ਅਤੇ– ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥

'ਸੂਰਾ' ਅੰਮ੍ਰਿਤਸਰ, ਸਤੰਬਰ ੧੯੮੦

ਅਜਿਹੇ ਸਾਰੇ ਸੂਤਕ ਤਾਂ ਗੁਰੂ ਸਾਹਿਬ ਪਹਿਲਾਂ ਹੀ 'ਭਰਮ ਹੈ' ਦਸ ਗਏ ਹਨ। ਇਹ ਕੁਰਹਿਤ ਵੀ ਤੁਰਕਨੀ ਤਕ ਹੀ ਸੀਮਤ ਹੈ।'' [ਸਿੰਘ ਸਭਾ ਪਤ੍ਰਿਕਾ, ਪੰਨਾ ੫੧

ਬਲਿਹਾਰ ਜਾਈਏ ਡਾਕਟਰ ਸਾਹਿਬ ਦੀ ਗੁਰਬਾਣੀ ਦੀ ਵਿਆਖਿਆ ਕਰਨ ਦੀ ਸੂਝ-ਬੂਝ ਅਤੇ ਵਿਲੱਖਣ ਢੰਗ ਦੇ! ਉਪ੍ਰੋਕਤ ਤੁਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਪਰ-ਤਨ ਅਥਵਾ ਪਰ-ਧਨ ਪ੍ਰਤੀ ਮੈਲੀ ਅੱਖ ਰਖਣ ਨੂੰ ਅਸਲੀ ਸੂਤਕ ਦਰਸਾ ਕੇ ਸਿਖ-ਪੁਤਰਾਂ ਨੂੰ ਇਸ ਸੂਤਕ ਤੋਂ ਖ਼ਬਰਦਾਰ ਕਰ ਰਹੇ ਹਨ, ਪਰੰਤੂ 'ਪਰ-ਤਨ ਗਮਨ' ਦੇ ਕੋਹੜ ਨੂੰ ਖਾਲਸਾ ਕੁਰਹਿਤ ਦੇ ਘੇਰੇ ਵਿਚੋਂ ਬਾਹਰ ਰਖੇ ਜਾਣ ਦੇ ਪੱਖ ਵਿਚ ਕਮਲੇ ਹੋਏ ਹੋਏ ਡਾਕਟਰ ਸਾਹਿਬ ਫੁਰਮਾਉਂਦੇ ਹਨ ਕਿ ਅਜਿਹੇ ਸਾਰੇ ਸੂਤਕ ਤਾਂ ਗੁਰੂ ਸਾਹਿਬ ਪਹਿਲਾਂ ਹੀ ਭਰਮ ਦਸ ਗਏ ਹਨ। ਡਾਕਟਰ ਸਾਹਿਬ ਦੀ ਵਿਆਖਿਆ ਮੁਜਬ 'ਪਰ ਤ੍ਰਿਅ ਪਰ ਧਨ ਰੂਪੁ' ਵੇਖਣ ਦੀ ਸਾਨੂੰ ਸਤਿਗੁਰਾਂ ਨੇ ਖੁਲ੍ਹ ਦਿਤੀ ਹੈ। ਵਾਹ! ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਗੁਰਬਾਣੀ ਦੀ ਅਜਿਹੀ ਵਿਆਖਿਆ ਦਾ ਪਰਚਾਰ ਕਰ ਕੇ ਕਿਉਂ ਦੋਸ਼ ਆਪਣੇ ਮਥੇ ਤੇ ਮੜ੍ਹਨਾ ਚਾਹੁੰਦੀ ਹੈ?

ਸਵਾਲ ਉਠਦਾ ਹੈ ਕਿ ਪਰ-ਤ੍ਰਿਅ-ਗਮਨ ਅਤੇ ਮੁਸਲੀ-ਗਮਨ ਵਿਚ ਧਰਮ ਦੇ ਦ੍ਰਿਸ਼ਟੀਕੋਣ ਤੋਂ ਕੀ ਫ਼ਰਕ ਹੈ? ਦੋਹਾਂ ਹਾਲਤਾਂ ਵਿਚ ਮਨੁੱਖ ਵਿਸ਼ੇ-ਗ੍ਰਸਤ ਹੋਇਆ ਕਾਮ ਦਾ ਵਿਕਾਰੀ ਬਣਦਾ ਹੈ ਤੇ ਉਸ ਉਤੇ ਗੁਰਬਾਣੀ ਦਾ ਫ਼ਤਵਾ ਸਾਦਰ ਹੁੰਦਾ ਹੈ:—

ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥
ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥
[ਆਸਾ ਮ: ੫, ਪੰਨਾ ੪੦੩

ਹੇ ਕਾਮੰ ਨਰਕ ਬਿਸ੍ਰਾਮੰ, ਬਹੁ ਜੋਨੀ ਭ੍ਰਮਾਵਣਹ॥
ਚਿਤ ਹਰਣੰ ਤ੍ਰੈਲੋਕ ਗੰਮ੍ਯ ਜਪ ਤਪ ਸੀਲ ਬਿਦਾਰਣਹ॥੪੬॥
[ਸਲੋਕ ਸਾਸਕ੍ਰਿਤੀ ਮ: ੫, ਪੰਨਾ ੧੩੫੮

ਜੇ ਉਪ੍ਰੋਕਤ ਦੋਹਾਂ ਕੁਕਰਮਾਂ ਵਿਚ ਕੋਈ ਫਰਕ ਨਹੀਂ ਤਾਂ ਖਾਲਸਾ ਰਹਿਤ ਦੇ ਮਸਲੇ ਵਿਚ ਦੋਹਾਂ ਨੂੰ ਵਖ ਵਖ ਗਰਦਾਨਣਾ ਕਿਥੋਂ ਦੀ ਸਿਆਣਪ ਹੈ? ਅਗੇ ਅਜਿਹੀ ਹਾਨੀਕਾਰਕ ਸੋਚਣੀ ਵਾਲੇ ਇਹ ਢੁਚਰ ਭੇੜਦੇ ਹਨ ਕਿ ਖਾਲਸਾ ਰਹਿਤ ਤਾਂ ਤਮਾਕੂ ਤੋਂ ਵਰਜਤ ਕਰਦੀ ਹੈ, ਬਾਕੀ ਨਸ਼ਿਆਂ ਪੰਜ ਰਤਨੀ (ਸ਼ਰਾਬ), ਸੁਖ ਨਿਧਾਨ (ਭੰਗ), ਛਤਰਧਾਰਾ (ਅਫੀਮ) ਦੀ ਖਾਲਸੇ ਲਈ ਕੋਈ ਰੋਕ ਟੋਕ ਨਹੀਂ। ਅਜਿਹੇ ਆਪ-ਹੁਦਰੇ ਅਨਸਰ ਦੇ ਨਸ਼ਿਆਂ ਵਿਚ ਗਲਤਾਨ ਹੋਣ ਕਾਰਨ ਕੌਮ ਸਾਰੀ ਦੁਨੀਆਂ ਵਿਚ ਨਸ਼ਰ ਹੋਈ ਪਈ ਹੈ। ਜੇ ਡਾਕਟਰ ਜੀਤ ਸਿੰਘ ਜੀ ਦੀ ਪਰ-ਤ੍ਰਿਅ-ਗਮਨ ਸੰਬੰਧੀ ਸਿਫਾਰਸ਼ ਅਮਲ ਵਿਚ ਲਿਆਂਦੀ ਗਈ ਤਾਂ ਰਹਿੰਦੀ ਖੂੰਹਦੀ ਕਸਰ ਵੀ ਬਾਕੀ ਨਿਕਲ ਜਾਏਗੀ ਤੇ ਉਸ ਹਾਲਤ ਵਿਚ ਖਾਲਸਾ, ਜਿਸਨੂੰ ਹੁਣ ਲੋਕਾਂ ਦੀ ਪਤ ਦਾ ਰਾਖਾ ਸਮਝਿਆ ਜਾਂਦਾ ਹੈ, ਨਸ਼ਈ ਤੇ ਵਿਸ਼ਈ ਹੋ ਕੇ ਪਤਨ ਵਿਚ ਜਾ ਡਿਗੇਗਾ।

ਦੂਜਾ ਸਵਾਲ ਉਠਦਾ ਹੈ ਕਿ ਕੀ ਖਾਲਸੇ ਲਈ ਅਮਨ ਸਮੇਂ ਦੀ ਧਰਮ-ਬਿਵਸਥਾ ਅਤੇ ਜੰਗਾਂ ਜੁਧਾਂ ਦੀ ਧਰਮ ਬਿਵਸਥਾ ਵਖਰੀ ਵਖਰੀ ਹੈ? ਬਿਲਕੁਲ ਨਹੀਂ।

ਖਾਲਸਾ ਅੰਦਰੋਂ ਤੇ ਬਾਹਰੋਂ ਗੁਰੂ ਦਾ ਖਾਸ ਆਪਣਾ ਰੂਪ ਹੈ। ਖਾਲਸੇ ਦਾ ਮਨ ਅਮਨ ਵਿਚ ਵੀ ਵਿਕਾਰਾਂ ਤੋਂ ਅਛੂਹ ਰਹਿੰਦਾ ਹੈ ਅਤੇ ਜੰਗਾਂ ਜੁਧਾਂ ਸਮੇਂ ਵੀ। ਖਾਲਸੇ ਦੇ ਜੰਗ ਜੁਧ ਵੀ ਧਰਮ-ਜੁਧ ਦੇ ਚਾਅ ਹਿਤ ਹਨ; ਕਿਸੇ ਦੁਸ਼ਮਣੀ, ਈਰਖਾ, ਲਾਲਚ ਜਾਂ ਚਸਕੇ ਅਧੀਨ ਨਹੀਂ। ਖਾਲਸੇ ਨੇ ਜੁਧ ਵਿਚ ਵੀ ਧਰਮ ਵਰਤਾਉਣਾ ਹੈ। ਧਰਮ ਖਾਲਸੇ ਦਾ ਮੁਖ ਨਿਸ਼ਾਨਾ ਹੈ। ਆਚਰਣ ਦੇ ਸੰਬੰਧ ਵਿਚ ਅਮਨ ਤੇ ਜੰਗ ਲਈ ਵਖ ਵਖ ਧਰਮ-ਬਿਵਸਥਾਂ ਮਿਥਣੀਆਂ ਕੁਟਲ ਸੋਚਣੀ ਦੀ ਉਪਜ ਹਨ। ਖਾਲਸੇ ਲਈ, ਅਮਨ ਸਮੇਂ ਅਤੇ ਜੰਗ ਸਮੇਂ, ਦੋਹਾ ਹਾਲਤਾਂ ਵਿਚ ''ਮੁਖਿ ਤੇ ਹਰਿ ਚਿਤ ਮਹਿ ਜੁਧ ਬਿਚਾਰੈ'' ਦਾ ਹੀ ਅਦਰਸ਼ ਹੈ।

ਅਗੇ ਚਲ ਕੇ ਡਾਕਟਰ ਜੀਤ ਸਿੰਘ ਜੀ ਫੁਰਮਾਉਂਦੇ ਹਨ :—

"ਜਿਹਨਾਂ ਸਵਾਰਥੀਆਂ ਨੇ ਇਸ ਕੁਰਹਿਤ ਨੂੰ 'ਤੁਰਕਣੀ-ਗਮਨ' ਦੀ ਥਾਂ 'ਪਰ-ਇਸਤ੍ਰੀ ਜਾਂ ਪਰ-ਮਰਦ-ਗਮਨ' ਨਾਲ ਬਦਲ ਲਿਆ ਹੈ, ਉਹ ਫੌਜੀ ਨਿਯਮ ਨੂੰ ਆਚਰਣਿਕ ਰੰਗ ਦੇ ਕੇ ਉਸ ਦੀ ਅਸਲ ਰੂਹ ਨੂੰ ਮਾਰਨਾ ਚਾਹੁੰਦੇ ਸਨ। ਇਸ ਨੇ 'ਖਾਲਸਾ' ਨੂੰ ਹਾਨੀ ਪਹੁੰਚਾਈ।"

[ਸਿੰਘ ਸਭਾ ਪਤ੍ਰਿਕਾ, ਪੰਨਾ ੫੯

ਡਾਕਟਰ ਜੀਤ ਸਿੰਘ ਜੀ ਨੇ ਇਹ ਦਸਣ ਦੀ ਖੇਚਲ ਨਹੀਂ ਕੀਤੀ ਕਿ ਤੁਰਕਣੀ-ਗਮਨ ਦੀ ਥਾਵੇਂ "ਪਰ-ਪੁਰਸ਼ ਜਾਂ ਪਰ-ਇਸਤ੍ਰੀ-ਗਮਨ" ਜੇ ਨਿਜੀ ਸੁਆਰਥੀਆਂ ਵਲੋਂ ਕੀਤਾ ਗਿਆ ਹੈ ਤਾਂ ਇਸ ਵਿਚ ਉਹਨਾਂ ਦਾ ਕਿਹੜਾ ਨਿਜੀ ਸੁਆਰਥ ਸੀ ?

ਕਹਾਵਤ ਹੈ ਥੁੜਿਆ ਹੋਇਆ ਮਨੁਖ ਸੰਭਲ ਸਕਦਾ ਹੈ, ਥਿੜਕਿਆ ਹੋਇਆ ਰਾਸ ਨਹੀਂ ਆਉਂਦਾ। ਅਜਿਹੀ ਮਾਨਸਿਕ ਦਸ਼ਾ ਵਿਚ ਗ਼ਲਤ-ਬਿਆਨੀ ਕਰਦਿਆਂ ਕਈ ਵਾਰੀ ਆਦਮੀ ਯਭਲੀਆਂ ਮਾਰੀ ਜਾਂਦਾ ਹੈ। ਜਦ ਗੁਰਬਾਣੀ ਦੇ ਹੁਕਮਾਂ ਅਨਕੂਲ ਸਾਰੇ ਰਹਿਤਨਾਮੇ ਪਰ-ਤਨ-ਗਾਮੀ ਹੋਣ ਨੂੰ ਕੁਰਹਿਤ ਦਸਦੇ ਹਨ ਤਾਂ ਇਸ ਵਿਚ ਕਿਸੇ ਦੇ ਸੁਆਰਥ ਦੀ ਕਿਹੜੀ ਗੱਲ ਹੋਈ ?

ਇਸ ਸਪੱਸ਼ਟੀਕਰਣ ਸਦਕਾ ਕੌਮ ਆਚਰਣਿਕ ਤੌਰ ਤੇ ਉਚੀ ਹੋਈ ਤੇ ਜਿਥੇ ਸੁੱਚੇ ਆਚਰਣ ਨਾਲ ਕੌਮ ਮਾਨਸਿਕ ਤੇ ਸਰੀਰਕ ਤੌਰ ਤੇ ਬਲਵਾਨ ਹੋਈ ਓਥੇ ਸਮੁਚੇ ਸੰਸਾਰ ਉਤੇ ਇਸ ਦੀ ਸ਼ੋਭਾ ਦੀ ਧਾਂਕ ਬਝੀ। ਏਥੋਂ ਤਕ ਕਿ ਸਾਡੇ ਵੈਰੀ ਤੇ ਵਿਰੋਧੀ, ਜਿਨ੍ਹਾਂ ਨੇ ਸਾਨੂੰ ਕੁੱਤੇ ਆਖਣ ਤੋਂ ਵੀ ਸੰਕੋਚ ਨਹੀਂ ਕੀਤਾ ਉਹ ਸਾਡੇ ਸੁੱਚੇ ਆਚਰਣ ਦੀ ਸਿਫਤ ਕਰਨੋਂ ਨਾ ਰਹਿ ਸਕੇ। ਅਬਦਾਲੀ ਦੇ ਹਮਲੇ ਸਮੇਂ ਕਾਜ਼ੀ ਨੂਰ ਮੁਹੰਮਦ ਜੀ ਨਾਲ ਸਨ। ਅਖੀਂ ਡਿਠੇ ਹਾਲਾਤ ਤੇ ਵਾਕਿਆਤ ਦੇ ਅਧਾਰ ਤੇ ਉਸ ਨੇ ਸਿਖੀ ਆਚਰਣ ਦੀ ਸੁਚਮਤਾ ਦੇ ਸੋਹਲੇ ਹੇਠ ਲਿਖੇ ਅਨੁਸਾਰ ਗਏ :—

ਜ਼ਰੋ ਜ਼ੇਵਰੇ ਜ਼ਨ ਬਤਾਰਾਜ ਨੀਜ਼। ਨ ਗੀਰੰਦ ਗਰ ਮੁਹਰਾ ਹਸਤੋ ਕਨੀਜ਼ ।੪੬।
ਜ਼ਨਾਹਮ ਨ ਬਾਸ਼ਦ ਮਿਆਨੇ ਸਗਾਂ। ਨਾ ਦੁਜ਼ਦੀ ਬ-ਵਦ ਕਾਰੇ ਆਂ ਬਦਰਗਾਂ ।੪੭।
ਕਿ ਜ਼ਨ ਗਰ ਜਵਾਨ-ਸਤ ਵਰ ਹਸਤ ਪੀਰ। ਬਗੋਇੰਦ ਬੁਢੀਆ ਬਰੋ ਗੋਸ਼ਾਗੀਰ ।੪੮।
ਬ-ਵਦ ਲਫ਼ਜ਼ਿ ਬੁਢੀਆ ਬ-ਹਿੰਦੀ ਜ਼ਬਾਨ। ਬ-ਮਾਅਨੇ ਕਿ ਐ ਪੀਰੇ ਜ਼ਾਲਿ ਜ਼ਨਾਂ ।੪੯।
ਨਾ ਦੁਜ਼ਦੀ-ਸਤ ਹਰਗਿਜ਼ ਮਿਆਨੇ ਸਗਾਂ। ਨਾ ਪੈਦਾ-ਸਤ ਸਾਰਕ ਦਰਾਂ ਬਦਰਗਾਂ ।੫੦।
ਕਿ ਜ਼ਾਨੀ ਵ ਸਾਰਕ ਨ-ਦਾਰੰਦ ਦੋਸਤ। ਵਗਰ ਫ਼ੇਲ੍ਹੇ ਸ਼ਾਂ ਜੁਮਲਗੀ ਨਾ ਨਿਕੋਸਤ ।੫੧।*

ਉਪ੍ਰੋਕਤ ਵਿਚਾਰ ਦਾ ਸਾਰ-ਸਿੱਟਾ ਇਹ ਹੈ ਕਿ 'ਪਰ-ਤਨ-ਗਮਨ' ਵਿਕਾਰ ਹੈ ਅਤੇ ਸਿਖ-ਮਾਤਰ ਲਈ ਵਿਵਰਜਿਤ ਹੈ। ਖਾਲਸੇ ਦੀ ਚੌਥੀ ਕੁਰਹਿਤ ਨੂੰ 'ਤੁਰਕਣੀ-ਗਮਨ' ਤਕ ਸੀਮਤ ਜਾਣਨਾ ਤੇ ਪ੍ਰਚਾਰਨਾ; ਖਾਸ ਕਰਕੇ ਉਸ ਹਾਲਤ ਵਿਚ ਜਦ ਕਿ ਸਮੁੱਚੇ ਪੰਥ ਦੀ ਇਸ ਕੁਰਹਿਤ (ਪਰ-ਤਨ-ਗਮਨ) ਉਤੇ ਸੰਮਤੀ ਹੈ, ਬੜਾ ਖ਼ਤਰਨਾਕ ਤੇ ਹਾਨੀਕਾਰਕ ਹੈ। ਇਹ ਕੌਮ ਨੂੰ ਪਟੜੀਓਂ ਲਾਹੁਣ ਵਾਲੀ ਗੱਲ ਹੈ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੇ ਆਪਣੇ ਪਰਚੇ ਵਿਚ ਇਸ ਹਾਨੀਕਾਰਕ ਦ੍ਰਿਸ਼ਟੀ-ਕੋਣ ਨੂੰ ਪੇਸ਼ ਕਰ ਕੇ ਖਤਾ ਖਾਧੀ ਹੈ।

---

*ਫ਼ਾਰਸੀ ਦੇ ਇਨ੍ਹਾਂ ਸ਼ਿਅਰਾਂ ਦੀ ਅਰਥ-ਵਿਆਖਿਆ ਇਸ ਲੇਖ ਦੇ ਅੰਤ ਵਿਚ ਕੈਪਟਿਨ ਸਵਰਨ ਸਿੰਘ ਦੇ ਸ਼ਬਦਾਂ ਵਿਚ ਪੜ੍ਹ ਕੇ ਅਨੰਦ ਲਓ।

# ਨਸ਼ਿਆਂ ਦੀ ਵਰਤੋਂ

ਇਹ ਮੰਨੀ-ਪ੍ਰਮੰਨੀ ਸੱਚਾਈ ਹੈ ਕਿ ਨਸ਼ੇ ਸਰੀਰ ਨੂੰ ਗਾਲਦੇ ਹਨ ਅਤੇ ਦਿਲ ਦਿਮਾਗ ਨੂੰ ਨਕਾਰਾ ਕਰਦੇ ਹਨ। ਨਸ਼ਈ ਪੁਰਸ਼ ਦਾ ਕੋਈ ਈਮਾਨ ਨਹੀਂ ਹੁੰਦਾ। ਉਹ ਨਸ਼ੇ ਦੀ ਤੋਟ ਵਿਚ ਇਸ ਦੀ ਪੂਰਤੀ ਲਈ ਨੀਚ ਤੋਂ ਨੀਚ ਕਰਮ ਕਰਨ ਤੋਂ ਵੀ ਰਤਾ ਸੰਕੋਚ ਨਹੀਂ ਕਰਦਾ। ਨਸ਼ੇ ਦੀ ਬਦਮਸਤੀ ਵਿਚ ਨਸ਼ੱਈ ਪੁਰਸ਼ ਮਾਂ ਭੈਣ ਦੀ ਤਮੀਜ਼ ਭੀ ਗਵਾ ਬੈਠਦਾ ਹੈ। ਆਏ ਦਿਨ ਨਸ਼ੱਈ ਪੁਰਸ਼ ਗੰਦੀਆਂ ਨਾਲੀਆਂ ਵਿਚ ਡਿਗੇ ਆਪਣੀ ਅਕਲ ਦਾ ਦਵਾਲਾ ਕਢਦੇ ਵੇਖੇ ਜਾਂਦੇ ਹਨ। ਪੜ੍ਹੇ ਲਿਖੇ ਤੇ ਦਿਮਾਗੀ ਤੌਰ ਤੇ ਬੜੇ ਸਿਆਣੇ ਮਨੁਖ ਵੀ ਨਸ਼ੇ ਦੀ ਬੇਹੋਸ਼ੀ ਵਿਚ ਊਲ-ਜਲੂਲ ਬਕਦੇ ਤੇ ਦੰਗੇ-ਫਸਾਦ ਕਰਦੇ ਦੇਖੀਦੇ ਹਨ। ਤਮਾਕੂ ਤੋਂ ਇਲਾਵਾ ਸ਼ਰਾਬ, ਭੰਗ, ਅਫੀਮ, ਪੋਸਤ ਆਦਿ ਕਈ ਕਿਸਮ ਦੇ ਨਸ਼ੇ ਹਨ, ਜੋ ਸਾਰੇ ਇਕ ਦੂਜੇ ਤੋਂ ਵਧ ਹਾਨੀਕਾਰਨ ਹਨ।

ਸਤਿਗੁਰਾਂ ਨੇ ਸਿਖ ਨੂੰ ਨਾਮ ਬਖਸ਼ਿਆ, ਜਿਸ ਦੀ ਬਾ-ਹੋਸ਼ ਮਸਤੀ ਵਿਚ ਉਹ ਦਿਨ ਰਾਤ ਖੀਵਾ ਹੋਇਆ ਰਵੇ। ਸਿਖੀ ਦੇ ਅਰੰਭ ਕਾਲ ਤੋਂ ਹੀ ਨਸ਼ਿਆਂ ਦੀ ਵਰਤੋਂ ਵਿਵਰਜਿਤ ਕੀਤੀ ਗਈ। ਗੁਰਬਾਣੀ ਵਿਚੋਂ ਮਦ-ਸੇਵਨ ਵਿਰੁਧ ਕਰੜੀ ਤਾੜਨਾ ਤੇ ਵਿਰੋਧਤਾ ਮਿਲਦੀ ਹੈ :—

(੧) ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥ [ਸਲੋਕ ਮ: ੩, ਪੰਨਾ ੫੫੪

(੨) ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥ [ਮਰਦਾਨਾ ੧, ਪੰਨਾ ੫੫੩

(੩) ਦੁਰਮਤਿ ਮਦੁ ਜੋ ਪੀਵਤੇ ਬਿਖਲੀਪਤਿ ਕਮਲੀ ॥
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥ [ਆਸਾ ਮ: ੫, ਪੰਨਾ ੩੯੯

(੪) ਕਬੀਰ ਭਾਂਗ, ਮਾਛੁਲੀ ਸੁਰਾ ਪਾਨਿ, ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲ ਜਾਂਹਿ ॥੨੩੩॥ [ਸਲੋਕ ਕਬੀਰ ਜੀ—੧੩੭੭

(੫) ਪ੍ਰਾਨ ਸੁਖਦਾਤਾ, ਜੀਅ ਸੁਖਦਾਤਾ, ਤੁਮ ਕਾਹੇ ਬਿਸਾਰਿਓ ਅਗਿਆਨਥ ॥
ਹੋਛਾ ਮਦੁ ਚਾਖਿ ਹੋਏ ਤੁਮ ਬਾਵਰ, ਦੁਲਭ ਜਨਮੁ ਅਕਾਰਥ ॥
[ਮਾਰੂ ਮਹਲਾ ੫, ਪੰਨਾ ੧੦੦੧

(੬) ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ, ਸੰਤ ਜਨ ਕਰਤ ਨਹੀ ਪਾਨੰ ॥
[ਹੇ ਭਾਈ, ਗੰਗਾ-ਜਲ ਦੀ ਬਣੀ ਹੋਈ ਸ਼ਰਾਬ ਵੀ ਸੰਤ ਜਨ ਨਹੀਂ ਪੀਂਦੇ। [ਮਲਾਰ ਰਵਿਦਾਸ ਜੀ—੧੨੯੩

(੭) ਅਮਲੀ ਨ ਅਮਲ ਤਜਤ ਜਯੋਂ ਧਿਕਾਰ ਕੀਏ, ਦੋਖ ਦੁਖ ਲੋਗ ਬੇਦ ਸੁਨਤ ਛਕਤ ਹੈਂ ॥
[ਭਾਈ ਗੁਰਦਾਸ ਜੀ, ਕਬਿਤ ੨੩੩

(੮) ਪੋਸਤ ਭੰਗ ਸ਼ਰਾਬ ਦਾ ਚਲੈ ਪਿਆਲਾ ਭੁਗਤ ਭੁੰਚਾਇਆ ॥
ਸਾਧ ਸੰਗਤਿ ਵਿਣੁ ਭਰਮ ਭੁਲਾਇਆ ॥ [ਭਾਈ ਗੁਰਦਾਸ ਜੀ, ਵਾਰ ੩੯, ਪਉੜੀ ੧੬

ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ–

(੯) "ਖੇਦ ਹੈ ਕਿ ਬਹੁਤ ਪਤਿਤ ਸਿਖ, (ਭਾਈ ਗੁਰਦਾਸ ਜੀ) ਦੇ ਪ੍ਰੇਮ-ਪਿਆਲੇ ਦਾ ਭਾਵ ਸਮਝ ਬਿਨਾਂ ਭੰਗ ਤੇ ਸ਼ਰਾਬ ਦੇ ਪਿਆਲੇ ਪਏ ਪੀਂਦੇ ਹਨ, ਔਰ ਕੌਮ ਵਿਚ ਦੁਰਾਚਾਰ ਦਾ ਪ੍ਰਚਾਰ ਕਰ ਕੇ ਕਲੰਕ ਦੇ ਭਾਗੀ ਹੁੰਦੇ ਹਨ।" [ਗੁਰਮਤਿ ਸੁਧਾਕਰ, ਪੰਨਾ ੧੦੨

ਖਾਲਸਾ ਰਹਿਤ ਨੂੰ ਪ੍ਰਤਿਪਾਦਨ ਕਰਨ ਵਾਲੇ ਰਹਿਤਨਾਮਿਆਂ ਵਿਚ ਵੀ ਨਸ਼ਿਆਂ ਦੇ ਤਿਆਗ ਦਾ ਹੁਕਮ ਅੰਕਤ ਹੈ :–

ਪਾਂਚ ਕਰਮ ਨ ਕਰੇ, ਸੋ ਜੀਵਨ-ਮੁਕਤ ਹੈ :–
ਪਰ ਧਨ, ਪਰ ਇਸਤ੍ਰੀ, ਪਰ ਨਿੰਦਾ, ਜੂਆ, ਮਦਰਾ। [ਰਹਿਤਨਾਮਾ ਭਾ: ਦਯਾ ਸਿੰਘ ਜੀ

ਜੂਆ ਖੇਲੈ, ਮਦ ਪੀਵੈ, ਸੋ ਨਰਕ ਮੇਂ ਜਾਵੈ ॥ [ਰਹਿਤਨਾਮਾ ਭਾ: ਦਯਾ ਸਿੰਘ ਜੀ

ਪਰ ਨਾਰੀ, ਜੂਆ, ਅ-ਸਤ, ਚੋਰੀ, ਮਦਰਾ ਜਾਨ ॥
ਪਾਂਚ ਐਬ ਯਿਹ ਜਗਤ ਮੈ, ਤਜੈ ਸੁ ਸਿੰਘ ਸੁਜਾਨ ॥੪੪॥ [ਰਹਿਤਨਾਮਾ ਭਾ: ਦੇਸਾ ਸਿੰਘ ਜੀ

ਉਤਮ ਕੁਲ ਜਿਨ ਜਨਮਹਿ ਪਾਯੋ ॥ ਮਦਪਾ ਮਾਸ ਨ ਕਬਹੂੰ ਖਾਯੋ ॥੧੦੨॥
[ਰਹਿਤਨਾਮਾ ਭਾ: ਦੇਸਾ ਸਿੰਘ ਜੀ

ਸ਼ਰਾਬ, ਤੰਬਾਕੂ, ਜੂਆ, ਚੋਰੀ, ਯਾਰੀ, ਇਨ ਸੋ ਹੇਤ, ਸੰਗਤ ਖੋਟੀ, ਸਭ ਪਰਹਰੇ ॥੩੮॥
[ਬੰਸਾਵਲੀਨਾਮਾ ਭਾ: ਕੇਸਰ ਸਿੰਘ ਛਿੱਬਰ

ਗੁਰੂ ਕਾ ਸਿਖ ਸ਼ਰਾਬ ਨ ਪੀਵੈ। ਸਾਖੀ ਗੁਰੂ ਗ੍ਰੰਥ ਸਾਹਿਬ ਜੀ ਦੀ–
ਝੂਠਾ ਮਦਿ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥ [ਰਹਿਤਨਾਮਾ ਭਾ: ਚੌਪਾ ਸਿੰਘ ਜੀ

ਭੰਗ ਤਮਾਕੂ ਫੀਮ ਪੋਸਤ ਦਾਰੂ ਅਮਲ ਕੋਈ ਨਹੀਂ ਖਾਣਾ।
[ਨਿਸ਼ਾਨ ਤੇ ਹੁਕਮਨਾਮੇ, ਹੁਕਮਨਾਮਾ ਨੰ: ੧੧੩ ਪੰਨਾ ੧੧੩, ਨੰ: ੧੯੭ ਪੰਨਾ ੧੬੯

ਕੁੱਠਾ ਹੁਕਾ ਚਰਸ ਤਮਾਕੂ ॥ ਗਾਂਜਾ ਟੋਪੀ ਤਾੜੀ ਖਾਕੂ ॥
ਇਨ ਕੀ ਓਰ ਨ ਕਬਹੂ ਦੇਖੈ ॥ ਰਹਿਤਵਾਨ ਸੋ ਸਿੰਘ ਬਿਸੇਖੈ ॥
[ਰਹਿਤਨਾਮਾ ਭਾ: ਦੇਸਾ ਸਿੰਘ ਜੀ

ਗੁਰਬਾਣੀ ਅਤੇ ਰਹਿਤਨਾਮਿਆਂ ਵਿਚ ਨਸ਼ਿਆਂ ਦੀ ਕਰੜੀ ਵਿਰੋਧਤਾ ਦੇ ਬਾਵਜੂਦ ਡਾ: ਜੀਤ ਸਿੰਘ ਬੜੇ ਹੌਸਲੇ ਨਾਲ ਲਿਖਦੇ ਹਨ :–

"ਬਜਰ ਕੁਰਹਿਤ ਤਮਾਕੂ (**ਕੇਵਲ ਤਮਾਕੂ**) ਵਰਤਣਾ ਹੈ (**ਹੋਰ ਨਸ਼ਿਆਂ ਬਾਰੇ ਨਹੀਂ**)।"
[ਸਿੰਘ ਸਭਾ ਪਤ੍ਰਿਕਾ, ਪੰਨਾ ੪੪

ਕੋਈ ਪੁਛੇ ਕਿ ਨਸ਼ਿਆਂ ਦੀ ਕਿਹੜੀ ਖ਼ੂਬੀ ਹੈ ਕਿ ਉਹਨਾਂ ਦਾ ਸੇਵਨ ਕੁਰਹਿਤ ਨਹੀਂ। ਸ਼ਰਾਬ, ਅਫੀਮ, ਭੰਗ, ਪੋਸਤ ਆਦਿ ਸਾਰੇ ਨਸ਼ੇ ਹੀ ਹਾਨੀਕਾਰਕ ਤੇ ਮਾਰੂ ਹਨ। ਨਸ਼ਿਆਂ ਬਾਰੇ ਖੋਜ ਕਰਨ ਵਾਲੇ ਵਿਗਿਆਨੀਆਂ ਦਾ ਕਿਆਸ ਹੈ ਕਿ ਮਹਾਨ ਯੁਧਾਂ, ਅੰਨ ਦੇ ਕਾਲਾਂ ਅਤੇ ਮਾਰੂ ਬੀਮਾਰੀਆਂ, ਇਨ੍ਹਾਂ ਤਿੰਨਾਂ ਦੇ ਮਿਲਵੇਂ ਹੱਲਿਆਂ ਨਾਲ ਮਨੁਖਤਾ ਦਾ ਏਨਾ ਨੁਕਸਾਨ ਨਹੀਂ ਹੋਇਆ ਜਿੰਨਾ ਇਕੱਲੀ ਸ਼ਰਾਬ ਨੇ ਕੀਤਾ ਹੈ। ਪਰ ਡਾ: ਜੀਤ ਸਿੰਘ ਨੂੰ ਅਤੇ ਨੈਸ਼ਨਲ ਪ੍ਰੋਫੈਸਰ ਆਫ਼ ਸਿਖਿਜ਼ਮ ਸਿਰਦਾਰ ਕਪੂਰ ਸਿੰਘ ਨੂੰ ਇਹ ਭਾਰਾ ਗਿਲਾ ਹੈ ਕਿ ਸ਼੍ਰੋਮਣੀ ਗੁ: ਪ੍ਰ:

ਕਮੇਟੀ ਦੀ ਚੋਣ ਲਈ ਵੋਟਰ ਉਤੇ ਸ਼ਰਾਬ ਪੀਣ ਦੀ ਪਾਬੰਦੀ ਕਿਉਂ ਲਗੀ ਹੋਈ ਹੈ। ਇਨ੍ਹਾਂ ਵਿਦਵਤਾ ਦੇ ਡਾਕਟਰਾਂ ਤੋਂ ਕੋਈ ਪੁਛੇ ਕਿ ਉਨ੍ਹਾਂ ਨੂੰ ਇਸ ਪਾਬੰਦੀ ਤੇ ਕਿਉਂ ਦੁੱਖ ਹੈ ? ਗੁਰਬਾਣੀ ਤਾਂ ਇਸ ਦੇ ਸੇਵਨ ਕਰਨ ਵਾਲਿਆਂ ਨੂੰ ਖਸਮ-ਪ੍ਰਭੂ ਦੀ ਦਰਗਾਹ ਤੋਂ ਧਕੇ ਜਾਣ ਤੇ ਸਜ਼ਾ ਦੇ ਭਾਗੀ ਹੋਣ ਦਾ ਸੰਕੇਤ ਕਰਦੀ ਹੈ, ਪਰ ਇਹ ਭਦਰ ਪੁਰਸ਼ ਇਸ ਦੀ ਵਕਾਲਤ ਕਰਦੇ ਹਨ। ਕੀ ਲਾਈ ਗਈ ਪਾਬੰਦੀ ਗੁਰਬਾਣੀ ਅਤੇ ਰਹਿਤਨਾਮਿਆਂ ਅਨਕੂਲ ਨਹੀਂ ?

ਨਸ਼ਈ ਮਨੁਖ ਵੀ ਅੰਦਰੋਂ ਇਹ ਚਾਹੁੰਦੇ ਹਨ ਕਿ ਨਸ਼ਿਆਂ ਦੀ ਭੈੜੀ ਵਾਦੀ ਉਨ੍ਹਾਂ ਦੀ ਔਲਾਦ ਨੂੰ ਨਾ ਪਵੇ, ਤੇ ਇਸ ਲਈ ਉਹ ਹਰ ਹੀਲਾ-ਵਸੀਲਾ ਕਰਦੇ ਹਨ। ਕੀ ਧਾਰਮਕ ਆਗੂਆਂ ਦਾ ਵੀ ਫ਼ਰਜ਼ ਨਹੀਂ ਬਣਦਾ ਕਿ ਉਹ ਕੌਮ ਦੀ ਉਸਰਦੀ ਪਨੀਰੀ, ਭਾਵ ਨੌਜਵਾਨ ਬੱਚਿਆਂ ਨੂੰ ਨਸ਼ੇ ਸੇਵਨ ਦੀ ਮਾਰੂ ਵਾਦੀ ਤੋਂ ਬਚਾਣ ਦਾ ਹੀਲਾ ਕਰਨ ?

ਗੁਰਦੁਆਰਿਆਂ ਦੇ ਪਰਬੰਧ ਲਈ ਯੋਗ ਮੈਂਬਰਾਂ ਦੀ ਚੋਣ ਕਰਨ ਲਈ ਕੌਮ ਦੇ ਦੂਰ-ਅੰਦੇਸ਼ ਧਾਰਮਕ ਆਗੂਆਂ ਨੇ ਗੁਰਬਾਣੀ ਅਤੇ ਰਹਿਤਨਾਮਿਆਂ ਵਿਚ ਅੰਕਤ ਹੁਕਮਾਂ ਦੀ ਰੌਸ਼ਨੀ ਵਿਚ, ਗੁਰਦਵਾਰਾ ਐਕਟ ਵਿਚ ਉਚੇਚੇ ਤੌਰ ਤੇ ਇਕ ਸ਼ਰਤ ਰਖਾਈ ਹੋਈ ਹੈ ਕਿ ਗੁਰਦਵਾਰਾ ਚੋਣਾਂ ਵਿਚ ਕੇਵਲ ਉਹ ਸਿਖ ਵੋਟਰ ਵੋਟ ਦੇਣ ਦਾ ਅਧਿਕਾਰੀ ਹੈ ਜੋ ਸ਼ਰਾਬ ਨਾ ਪੀਂਦਾ ਹੋਵੇ। ਜ਼ਰੂਰਤ ਤਾਂ ਇਸ ਗੱਲ ਦੀ ਹੈ ਕਿ ਇਸ ਸ਼ਰਤ ਦੀ ਕਰੜਾਈ ਨਾਲ ਪਾਲਣਾ ਕੀਤੀ ਜਾਵੇ ਅਤੇ ਇਸ ਵਿਚ ਸ਼ਰਾਬ ਦੇ ਨਾਲ ਹੋਰ ਨਸ਼ੇ, ਭੰਗ, ਅਫੀਮ, ਪੋਸਤ ਆਦਿ ਵੀ ਵਰਨਣ ਕਰਵਾਏ ਜਾਣ, ਤਾਂ ਜੁ ਯੋਗ ਵੋਟਰ ਕਿਸੇ ਯੋਗ ਮੈਂਬਰ ਦੀ ਚੋਣ ਕਰ ਸਕਣ। ਪਰ ਇਸ ਦੇ ਉਲਟ ਮੰਨੇ-ਪ੍ਰਮੰਨੇ ਸਿਖ ਵਿਦਵਾਨਾਂ ਵਲੋਂ ਸ਼ਰਾਬ ਦੀ ਮਨਾਹੀ ਦੀ ਵੀ ਵਿਰੋਧਤਾ ਕੀਤੀ ਜਾਣੀ ਸਿਖ ਆਚਰਨ ਨੂੰ ਪਤਨ ਵਲ ਲਿਜਾਣ ਦੀ ਗੱਲ ਨਹੀਂ ਤਾਂ ਹੋਰ ਕੀ ਹੈ ? ਕੀ ਇਹ ਪੰਥ ਦੇ ਹਿਤ ਦੀ ਗੱਲ ਹੈ ? ਹੋਰ ਕੋਈ ਕਹੇ ਤਾਂ ਕੋਈ ਗੱਲ ਨਹੀਂ, ਪਰ ਜੇ ਕੌਮ ਦੇ ਸਿਰਕਢ ਵਿਦਵਾਨ ਸ਼ਰਾਬ ਦੀ ਪਾਬੰਦੀ ਹਟਾਏ ਜਾਣ ਦੀ ਵਕਾਲਤ ਕਰਨ ਅਤੇ ਕੇਂਦਰੀ ਸਿੰਘ ਸਭਾ ਆਪਣੇ ਪਰਚੇ ਰਾਹੀਂ ਉਨ੍ਹਾਂ ਦੇ ਵਿਚਾਰਾਂ ਦਾ ਪਰਚਾਰ ਕਰੇ ਤਾਂ ਸਿਖ ਸੰਗਤਾਂ ਇਹ ਸੋਚਣ ਤੇ ਮਜਬੂਰ ਹੋ ਜਾਣਗੀਆਂ ਕਿ ਜੇ ਸ਼ਰਧਾ-ਪ੍ਰੇਮ ਨਾਲ ਆਪਣੀ ਧਰਮ ਦੀ ਕਿਰਤ-ਕਮਾਈ ਵਿਚੋਂ ਆਪਣੇ ਬੱਚਿਆਂ ਦੇ ਮੂੰਹੋਂ ਕਢ ਕੇ ਪੰਥਕ ਉਸਾਰੀ ਲਈ ਦਿਤੀ ਮਾਇਆ ਪੰਥ-ਘਾਤਕ ਪ੍ਰਚਾਰ ਲਈ ਵਰਤੀ ਜਾਣੀ ਹੈ ਤਾਂ ਉਹ ਅਗੋਂ ਆਪਣੀ ਮਾਇਆ ਕਿਸੇ ਯੋਗ ਪਾਸੇ ਸਫਲ ਕਰਨ।

ਨਸ਼ੇ-ਸੇਵਨ ਦੀ ਭੈੜੀ ਵਾਦੀ ਨੇ ਅਗੇ ਹੀ ਸਿਖ ਨੌਜਵਾਨ ਦੀ ਸਿਹਤ ਅਤੇ ਧਾਰਮਕ ਰੁਚੀ ਨਸ਼ਟ ਭ੍ਰਸ਼ਟ ਕਰ ਛਡੀ ਹੈ। ਇਸ ਲਈ ਸਮੁੱਚੀ ਕੌਮ ਚਿੰਤਾਤੁਰ ਹੈ ਕਿ ਅਗਲੀ ਪੀੜ੍ਹੀ ਦਾ ਕੀ ਬਣੇਗਾ। ਜਿਹੜਾ ਨਸ਼ੱਈ ਮਨੁਖ ਰਾਤ ਨੂੰ ਨਸ਼ੇ ਦੀ ਖੁਮਾਰੀ ਵਿਚ ਸਵੇਂਗਾ, ਸਵੇਰ ਨੂੰ ਉਸਦਾ ਸਰੀਰ ਨਸ਼ੇ ਦੀ ਤੋਟ ਵਿਚ ਮਿਟੀ ਹੋਇਆ ਹੋਵੇਗਾ। ਉਹ ਅੰਮ੍ਰਿਤ ਵੇਲੇ ਕਿਵੇਂ ਉਠ ਸਕੇਗਾ ? ਤੇ ਉਠ ਕੇ ਵੀ ਉਹ ਨਾਮ ਜਪੇਗਾ ਜਾਂ ਫਿਰ ਬੁੱਤਲ ਟੱਲੇਗਾ ?

ਸ਼ਰਾਬ, ਭੰਗ, ਅਫੀਮ ਆਦਿ ਨਸ਼ਿਆਂ ਨੂੰ ਤਮਾਕੂ ਨਾਲ ਮਿਲਾਏ ਜਾਣ ਤੋਂ ਦੁਖੀ ਹੋਏ ਡਾਕਟਰ ਜੀਤ ਸਿੰਘ, ਰਹਿਤਨਾਮਿਆਂ ਦੇ ਲਿਖਾਰੀਆਂ, ਗੁਰਦਵਾਰਾ ਕਮੇਟੀਆਂ ਅਤੇ ਇਤਿਹਾਸਕਾਰਾਂ ਨੂੰ ਰਗੜਾ ਚਾੜ੍ਹਦੇ ਹੋਏ ਲਿਖਦੇ ਹਨ :—

> "ਪਰ ਰਹਿਤਨਾਮਿਆਂ ਦੇ ਲੇਖਕਾਂ, ਕੁਝ ਇਕ ਇਤਿਹਾਸਕਾਰਾਂ ਤੇ ਗੁਰਦੁਆਰਾ ਕਮੇਟੀਆਂ ਨੇ ਤੰਬਾਕੂ ਦੇ ਨਾਲ ਦੂਜਿਆਂ ਨਸ਼ਿਆਂ, ਭੰਗ, ਚਰਸ, ਅਫੀਮ, ਸ਼ਰਾਬ ਆਦਿ ਨੂੰ ਵੀ ਆਪਣੇ ਆਪ ਹੀ ਸ਼ਾਮਲ ਕਰ ਲਿਆ, ਇਥੋਂ ਤਕ ਕਿ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਚੋਣ ਲਈ ਵੋਟਰ ਲਈ ਵੀ ਇਹ ਪਾਬੰਦੀ ਲਾ ਦਿਤੀ ਕਿ ਉਹ ਸ਼ਰਾਬ ਆਦਿ ਨਾ ਪੀਂਦਾ ਹੋਵੇ। ਇਹ ਆਦਿ ਨਿਯਮ ਦੇ ਵਿਰੁਧ ਹੈ। ਅਜਿਹੇ

ਨਿਯਮ-ਬਦਲੂਆਂ ਨੂੰ ਭਾਈ ਸਾਹਿਬ ਸਿਰਦਾਰ ਕਪੂਰ ਸਿੰਘ ਨੇ ਸਿਖ ਧਰਮ ਨਾਲ ਬੇਇਨਸਾਫ਼ੀ ਕਰਨ ਵਾਲੇ ਕਿਹਾ ਹੈ ਅਤੇ ਇਹ ਹੈ ਵੀ ਠੀਕ।''

[ਸਿੰਘ ਸਭਾ ਪਤ੍ਰਿਕਾ, ਪੰਨਾ ੫੧, ਜੁਲਾਈ ੮੦

ਸ਼ਰਾਬ ਅਤੇ ਹੋਰ ਨਸ਼ਿਆਂ ਦੀ ਖੁਲ੍ਹ ਦੇਣ ਵਾਲਾ ਕਿਹੜਾ ਆਦਿ ਨਿਯਮ ਹੈ ? ਜੇ ਸ਼ਰਾਬ ਪੀਣ ਸੰਬੰਧੀ ਪਾਬੰਦੀ ਲਾਏ ਜਾਣ ਨਾਲ ਇਹਨਾਂ ਵਿਦਵਾਨ ਸਜਣਾਂ ਦੀ ਜਾਚੇ ਸਿਖ ਧਰਮ ਨਾਲ ਬੇਇਨਸਾਫ਼ੀ ਹੋਈ ਹੈ ਤਾਂ ਇਹਨਾਂ ਦੀ ਇਨਸਾਫ਼ ਦੀ ਪ੍ਰੀਭਾਸ਼ਾ ਵੀ ਕਿਸੇ ਨਸ਼ੱਈ ਦੀ ਘੜੀ ਹੋਈ ਹੀ ਹੋ ਸਕਦੀ ਹੈ।

ਪੰਜਾਬ ਵਿਚ ਸ਼ਰਾਬ ਦੀ ਖਪਤ ਸਾਰੇ ਸੂਬਿਆਂ ਤੋਂ ਜ਼ਿਆਦਾ ਕਹੀ ਜਾਂਦੀ ਹੈ ਅਤੇ ਸਿਖ ਨਸ਼ੇ ਸੇਵਨ ਕਾਰਨ ਦੁਨੀਆ ਭਰ ਵਿਚ ਅਗੇ ਹੀ ਬਦਨਾਮ ਹਨ। ਨਸ਼ਿਆਂ ਦੀ ਵਕਾਲਤ ਕਰ ਕੇ ਇਹਨਾਂ ਵਿਦਵਾਨਾਂ ਨੇ ਕੋਲਿਆਂ ਦੀ ਦਲਾਲੀ ਵਿਚੋਂ ਕੀ ਲੈਣਾ ਹੈ।

ਢੁਚਰ-ਬਾਜ਼ ਨਸ਼ੇ ਦੇ ਪ੍ਰੇਮੀ ਅਗੇ ਹੀ ਖੁਲ੍ਹਮ ਖੁਲ੍ਹਾ ਇਹ ਦਾਅਵਾ ਕਰਦੇ ਹਨ ਕਿ ਸਿੱਖਾਂ ਲਈ ਤਾਂ ਕੇਵਲ ਤਮਾਕੂ ਦੀ ਮਨਾਹੀ ਹੈ, ਹੋਰ ਕਾਸੇ ਦੀ ਨਹੀਂ। ਹੁਣ ਜਦ ਅਜਿਹੇ ਆਪ-ਹੁਦਰੇ ਅਤੇ ਗੈਰ-ਜ਼ਿਮੇਵਾਰ ਅਨਸਰ ਵਾਲੀ ਸੁਰ ਵਿਚ ਵਿਦਵਤਾ ਦੇ ਪੁੰਜ ਡਾਕਟਰ ਅਥਵਾ ਪ੍ਰੋਫੈਸਰ ਕੇਂਦਰੀ ਸਿੰਘ ਸਭਾ ਦੀ ਸਰਪ੍ਰਸਤੀ ਵਿਚ ਬੋਲਣਾ ਸ਼ੁਰੂ ਕਰ ਦੇਣ ਤਾਂ ਇਹ ਕਾਅਬੇ ਵਿਚ ਕੁਫ਼ਰ ਨਹੀਂ ਤਾਂ ਹੋਰ ਕੀ ਹੈ ?

ਵਿਦਵਾਨਾਂ ਵਲੋਂ ਨਸ਼ਿਆਂ ਦੀ ਵਕਾਲਤ ਕੀਤੀ ਜਾਣੀ ਕੋਈ ਨਵੀਂ ਗੱਲ ਨਹੀਂ। ਪਹਿਲਾਂ ਵੀ ਕਈ ਨਸ਼ੱਈ ਲਿਖਾਰੀਆਂ ਨੇ ਆਪਣੀ ਨਸ਼ੇ-ਸੇਵਨ ਦੀ ਭੈੜੀ ਵਾਦੀ ਨੂੰ ਲੁਕਾਉਣ ਜਾਂ ਜਾਇਜ਼ ਕਰਾਰ ਦੇਣ ਲਈ ਆਪਣੀਆਂ ਲਿਖਤਾਂ ਵਿਚ ਗੁਰੂ ਸਾਹਿਬਾਂ ਨੂੰ ਭੰਗ ਅਤੇ ਅਫੀਮ ਦੇ ਸੇਵਨਹਾਰੇ ਲਿਖ ਕੇ ਕੁਫ਼ਰ ਤੋਲਿਆ ਹੋਇਆ ਹੈ। ਇਕ ਅਜਿਹੇ ਪ੍ਰਸਿਧ ਲੇਖਕ ਨੂੰ ਤਾਂ ਅਫੀਮ ਦਾ ਗੋਲਾ ਖਾਂਦਿਆਂ ਭਾ: ਸਾ: ਭਾ: ਰਣਧੀਰ ਸਿੰਘ ਨੇ ਸਿਰੋਂ ਪਕੜ ਲਿਆ ਤੇ ਉਸ ਨੇ ਆਪਣੀ ਕੋਝੀ ਹਰਕਤ ਦੀ ਮਾਫੀ ਮੰਗੀ ਅਤੇ ਆਪਣੀ ਲਿਖਤ ਦੀਆਂ ਅਗਲੀਆਂ ਐਡੀਸ਼ਨਾਂ ਵਿਚ ਸੋਧ ਵੀ ਕਰ ਦਿਤੀ।

ਕਈ ਆਪ-ਹੁਦਰੇ ਨਸ਼ਈ ਪੁਰਸ਼ ਅਰਦਾਸ ਕਰ ਕੇ ਗੁਰੂ ਸਾਹਿਬ ਨੂੰ ਨਸ਼ੇ ਦਾ ਭੋਗ ਲਗਾਉਣ ਦੀ ਭੀ ਹਮਾਕਤ ਕਰਦੇ ਹਨ। ਇਸ ਨਾਲ ਉਹਨਾਂ ਦਾ ਕੁਕਰਮ ਜਾਇਜ਼ ਨਹੀਂ ਹੋ ਜਾਂਦਾ। ਐਵੇਂ ਫ਼ਜ਼ੂਲ ਝਾਖ-ਝਖਾਈ ਕਰ ਕੇ ਆਪਣਾ ਅੱਗਾ ਵਿਗਾੜਦੇ ਹਨ।

ਨਸ਼ੇ ਨਿਤ ਬਦਲਵੇਂ ਰੂਪ ਵਿਚ ਸਾਹਮਣੇ ਆ ਰਹੇ ਹਨ। ਹੁਣ ਟੀਕਿਆਂ, ਗੋਲੀਆਂ, ਜ਼ਰਦਾ ਅਤੇ ਕੈਪਸੂਲਾਂ ਦੇ ਰੂਪ ਵਿਚ ਨਸ਼ੇ ਪਰਵਿਰਤ ਹੋ ਚੁਕੇ ਹਨ। ਉਹਨਾਂ ਸਾਰਿਆਂ ਤੋਂ, ਨਾ ਕਿ ਇਕੱਲੇ ਤਮਾਕੂ ਤੋਂ, ਕੌਮ ਨੂੰ ਬਚਾਣਾ ਪੰਥ ਦੀ ਜ਼ਿਮੇਵਾਰੀ ਹੈ। ਇਸ ਵਲੋਂ ਕੋਤਾਹੀ ਕੌਮ ਨੂੰ ਲੈ ਡੁਬੇਗੀ।

ਉਪ੍ਰੋਕਤ ਵਿਚਾਰ ਦਾ ਸਾਰ-ਸਿੱਟਾ ਇਹ ਹੈ ਕਿ ਸਾਰੀ ਕਿਸਮ ਦੇ ਨਸ਼ੇ ਤਮਾਕੂ, ਭੰਗ, ਪੋਸਤ, ਅਫੀਮ, ਸ਼ਰਾਬ, ਜ਼ਰਦਾ, ਆਦਿ ਦਿਲ ਦਿਮਾਗ ਅਥਵਾ ਸਮੁੱਚੇ ਮਨੁਖੀ ਸਰੀਰ ਨੂੰ ਨਕਾਰਾ ਕਰਦੇ ਹਨ, ਤੇ ਮਨੁਖ ਨੂੰ ਮਤ-ਹੀਣ ਕਰਦੇ ਹਨ। ਗੁਰਬਾਣੀ ਵਿਚ ਅਤੇ ਸਾਰੇ ਰਹਿਤਨਾਮਿਆਂ ਵਿਚ ਮਦ-ਸੇਵਨ ਦੀ ਮਨਾਹੀ ਹੈ। ਨਸ਼ਿਆਂ ਦਾ ਸੇਵਨ ਸਿਖ ਮਾਤਰ ਲਈ ਵਿਵਰਜਿਤ ਹੈ। ਗੁਰਬਾਣੀ ਅਤੇ ਰਹਿਤਨਾਮਿਆਂ ਵਿਚ ਅੰਕਤ ਹੁਕਮਾਂ ਦੀ ਰੋਸ਼ਨੀ ਵਿਚ ਖਾਲਸਾ ਰਹਿਤ ਸੰਬੰਧੀ ਲੇਖਕ ਅਤੇ ਹੋਰ ਅਜਿਹੇ ਵਿਅਕਤੀਆਂ ਨੂੰ ਪਏ ਭਰਮ-ਭੁਲੇਖੇ ਦੂਰ ਕਰਨ ਲਈ ਖਾਲਸਾ ਰਹਿਤ ਦੀ ਪੰਥਕ ਤੌਰ ਤੇ ਸਪੱਸ਼ਟ ਵਿਆਖਿਆ ਸਮੇਂ ਸਮੇਂ ਕੀਤੀ ਜਾਣੀ ਚਾਹੀਦੀ ਹੈ।

# ਕੁੱਠਾ

ਖਾਲਸਾ ਰਹਿਤ ਅਨੁਸਾਰ 'ਕੁੱਠਾ' ਕੁਰਹਿਤ ਹੈ।

'ਕੁੱਠਾ' ਸ਼ਬਦ 'ਕੁਹਣਾ' ਧਾਤੂ ਤੋਂ ਬਣਿਆ ਹੈ, ਜਿਸਦਾ ਅਰਥ ਹੈ ਮਾਰਨਾ। ਪੰਜਾਬੀ ਵਿਆਕਰਣ ਅਨੁਸਾਰ 'ਕੁੱਠਾ' ਸ਼ਬਦ ਕਿਰਿਆ-ਫਲ-ਕਾਰਦੰਤਕ ਹੈ ਅਤੇ ਇਸ ਦਾ ਅਰਥ ਹੈ "ਕੁਹਿਆ ਹੋਇਆ"। ਪੰਜਾਬੀ ਦੇ ਅਜਿਹੇ ਸ਼ਬਦ ਹੋਰ ਵੀ ਹਨ :–

ਕੁਹਿਆ ਹੋਇਆ–ਕੁੱਠਾ
ਰੁਸਿਆ ਹੋਇਆ–ਰੁੱਠਾ
ਮੁਹਿਆ ਹੋਇਆ–ਮੁੱਠਾ
ਦੁਹਿਆ ਹੋਇਆ–ਦੁੱਠਾ
ਦੇਖਿਆ ਹੋਇਆ–ਡਿੱਠਾ
ਘੁਥਾ ਹੋਇਆ–ਘੁੱਠਾ

'ਕੁੱਠਾ' ਖਾਣਾ ਸਿੱਖੀ ਦੇ ਅਰੰਭ ਕਾਲ ਤੋਂ ਹੀ ਵਿਵਰਜਿਤ ਹੈ, ਕਿਉਂਕਿ 'ਕੁੱਠੇ' ਦੇ ਸੇਵਨ ਵਿਚ ਜੀਵ-ਹਤਿਆ ਆਉਂਦੀ ਹੈ। ਕੋਈ ਮੁਕਰ ਨਹੀਂ ਸਕਦਾ, ਜਾਨਵਰ ਨੂੰ ਮਾਰਨ ਵਿਚ ਬੇ ਰਹਿਮੀ ਤੇ ਜ਼ੋਰ-ਜ਼ੁਲਮ ਦੀ ਉਪਾਧੀ ਅਵੱਸ਼ ਹੁੰਦੀ ਹੈ, ਭਾਵੇਂ ਉਸਨੂੰ ਛੁਰੀ ਨਾਲ ਮਾਰਿਆ ਜਾਵੇ ਜਾਂ ਕਿਰਪਾਨ ਨਾਲ; ਭਾਵੇਂ ਉਸ ਨੂੰ ਮਾਰਦਿਆਂ ਕਲਮਾ ਜਾਂ ਤਕਬੀਰ (ਅੱਲਾ ਹੂ ਅਕਬਰ) ਪੜ੍ਹਿਆ ਜਾਵੇ ਜਾਂ ਸਤਿ ਸ੍ਰੀ ਅਕਾਲ ਉਚਾਰਿਆ ਜਾਏ। ਜ਼ੋਰ-ਜ਼ੁਲਮ ਕਰਕੇ ਮਾਰਿਆ ਹੋਇਆ ਜਾਨਵਰ ਹਰ ਹਾਲਤ ਵਿਚ 'ਕੁੱਠਾ' ਹੀ ਕਿਹਾ ਜਾਵੇਗਾ।

ਕਿਸੇ ਧਰਮ ਦੇ ਦੋਖੀ ਨੇ ਖਾਲਸੇ ਦਾ ਅਹਾਰ ਵਿਚਾਰ ਅਤੇ ਅਚਾਰ ਭ੍ਰਿਸ਼ਟ ਕਰਨ ਲਈ ਅਤੇ ਖਾਲਸੇ ਦਾ ਖਾਲਸਤੱਵ ਨਸ਼ਟ ਕਰਨ ਲਈ 'ਕੁੱਠੇ' ਦੀ ਮਨ-ਘੜਤ ਇਖ਼ਤਰਾਹ(ਨਵੀਂ ਕਾਢ) ਕਢ ਕੇ ਲਿਖ ਮਾਰੀ ਕਿ 'ਕੁੱਠਾ' ਉਹ ਮਾਸ ਹੈ ਜੋ ਮੁਸਲਮਾਨੀ ਤਰੀਕੇ ਅਨੁਸਾਰ ਛੁਰੀ ਨਾਲ ਕਲਮਾ ਜਾਂ ਤਕਬੀਰ ਪੜ੍ਹਦਿਆਂ ਬਣਾਇਆ ਜਾਏ। ਕੈਸੀ ਹਾਸੋ-ਹੀਣੀ, ਬੋਦੀ ਤੇ ਮਨ-ਘੜਤ ਪ੍ਰੀਭਾਸ਼ਾ ਹੈ?

"ਅਭਾਖਿਆ ਕਾ ਕੁਠਾ ਬਕਰਾ" ਦਾ ਭਾਵ "ਮੁਸਲਮਾਨੀ ਤਰੀਕੇ ਨਾਲ ਕਲਮਾ ਪੜ੍ਹ ਕੇ ਵਢਿਆ ਗਿਆ ਬਕਰਾ" ਨਹੀਂ, ਜਿਹਾ ਕਿ ਮਾਸ-ਅਹਾਰੀ ਵੀਰ ਕਰਦੇ ਹਨ। 'ਭਖਣਾ' ਸ਼ਬਦ ਦੇ ਅਰਥ ਹਨ 'ਖਾਣਾ'। ਇਸ ਤੋਂ 'ਭਖ' (ਖਾਣ-ਜੋਗ) ਅਤੇ ਅਭਖ (ਨਾ ਖਾਣ ਜੋਗ) ਸ਼ਬਦ ਬਣੇ ਹਨ, ਜੋ ਗੁਰਬਾਣੀ ਵਿਚ ਵੀ ਆਉਂਦੇ ਹਨ :–

'ਅਭਖੁ' ਭਖਹਿ ਭਖੁ ਤਜਿ ਛੋਡਹਿ,ਅੰਧੁ ਗੁਰੂ ਜਿਨ ਕੇਰਾ ॥ [ਵਾਰ ਮਲਾਰ ਮ: ੧, ਪੰਨਾ ੧੨੯੦

ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ ॥
ਲੋਭੀ ਜੰਤੁ ਨ ਜਾਣਈ 'ਭਖੁ' 'ਅਭਖੁ' ਸਭ ਖਾਇ ॥ [ਸਿਰੀਰਾਗੁ ਮ: ੫, ਪੰਨਾ ੫੦

'ਭਖ' ਸ਼ਬਦ ਕਾਵਿ ਵਿਚ ਪਿੰਗਲ ਦੇ ਅਧੀਨ ਭਾਖ ਕਰਕੇ ਵੀ ਵਰਤਿਆ ਮਿਲਦਾ ਹੈ:–

ਮਨਮੁਖ ਤ੍ਰਿਸਨਾ ਭਰਿ ਰਹੇ ਮਨਿ ਆਸਾ ਦਹਦਿਸ ਬਹੁ ਲਾਖੁ ॥.. ...
ਓਇ ਆਵਹਿ ਜਾਹਿ ਭਵਾਈਅਹਿ, ਬਹੁ ਜੋਨੀ ਦੁਰਗੰਧ ਭਾਖੁ ॥੩॥ (੪॥੪॥੬)
[ਮਾਰੂ ਮ: ੪, ਪੰਨਾ ੯੯੭

"ਅਭਾਖਿਆ ਕਾ" ਦਾ ਭਾਵ ਹੈ "ਨਾ ਖਾਧੇ ਜਾਣ ਵਾਲਾ"। ਸਾਰੀ ਤੁਕ ਦੇ ਅਰਥ ਇਸ ਪ੍ਰਕਾਰ ਹਨ :–

ਅਭਾਖਿਆ ਕਾ ਕੁਠਾ ਬਕਰਾ ਖਾਣਾ ॥
ਚਉਕੇ ਉਪਰਿ ਕਿਸੈ ਨ ਜਾਣਾ ॥੨॥ (੧੬) [ਆਸਾ ਦੀ ਵਾਰ, ਪੰਨਾ ੪੭੨

ਇਕ ਪਾਸੇ ਤਾਂ ਨ ਖਾਧੇ ਜਾਣ ਜੋਗ (ਅਖਾਧ) ਪਦਾਰਥ, ਭਾਵ ਮਾਰਿਆ ਹੋਇਆ ਬਕਰਾ ਖਾਣਾ ਕਰਦੇ ਹਨ (ਜੋ ਮਲੇਛਾਂ ਦਾ ਖਾਣਾ ਹੈ), ਤੇ ਦੂਜੇ ਪਾਸੇ ਆਖਦੇ ਹਨ ਕਿ ਸਾਡੇ (ਪਵਿੱਤਰ) ਚੌਕੇ ਤੇ ਕੋਈ ਨਾ ਚੜ੍ਹੇ।

ਕੁੱਠਾ ਸ਼ਬਦ ਗੁਰਬਾਣੀ ਵਿਚ ਹੋਰ ਵੀ ਕਈ ਥਾਵੇਂ ਆਉਂਦਾ ਹੈ :–

ਪਾਪ ਕਰੇਦੜ ਸਰਪਰ ਮੁਠੇ ॥
ਅਜਰਾਈਲਿ ਫੜੇ ਫੜਿ ਕੁਠੇ ॥ [ਮਾਰੂ ਮ: ੫, ਪੰਨਾ ੧੦੧੯-੨੦

ਕੀ ਅਜਰਾਈਲ ਪਾਪੀ ਜੀਵਾਂ ਨੂੰ ਮੁਸਲਮਾਨੀ ਤਰੀਕੇ ਨਾਲ ਜ਼ਿਬ੍ਹਾ ਕਰਦਾ ਹੈ ?

ਬੇਦ ਪੜੈ ਮੁਖਿ ਮੀਠੀ ਬਾਣੀ ॥
ਜੀਆਂ ਕੁਹਤ ਨ ਸੰਗੈ ਪ੍ਰਾਣੀ ॥ [ਗਉੜੀ ਮ: ੫, ਪੰਨਾ ੨੦੧

ਕੀ ਇਸ ਪੰਗਤੀ ਵਿਚ ਵੇਦ-ਪਾਠੀ ਵਲੋਂ ਜੀਵਾਂ ਨੂੰ ਮੁਸਲਮਾਨੀ ਤਰੀਕੇ ਨਾਲ ਜ਼ਿਬ੍ਹਾ ਕਰਨ ਦਾ ਵਰਨਣ ਹੈ ?

ਕੁੱਠੇ ਦਾ ਅਰਥ ਬਿਲਕੁਲ ਸਪੱਸ਼ਟ ਹੈ, ਪਰ ਮਾਸ ਦੇ ਚਸਕੋਰੇ ਸਜਣਾਂ ਨੇ ਤਾਂ ਉਹੋ ਅਰਥ ਮੰਨਣਾ ਹੈ ਜੋ ਉਹਨਾਂ ਨੂੰ ਮਾਸ ਖਾਣ ਦੀ ਖੁਲ੍ਹ ਦੇਵੇ।

ਧਰਮ ਦੇ ਦੋਖੀਆਂ ਨੇ ਕੇਵਲ ਮਾਸ ਸੰਬੰਧੀ ਹੀ ਰਲਾ ਨਹੀਂ ਪਾਇਆ, ਹੋਰ ਵੀ ਰਲੇ ਪਾਏ ਹੋਏ ਹਨ। ਇਕ ਰਲਾ ਉਹਨਾਂ ਨੇ ਇਹ ਪਾਇਆ ਹੋਇਆ ਹੈ ਕਿ–ਕੁਰਹਿਤ ਮੁਸਲੀ-ਗਮਨ ਹੈ (ਨਾ ਕਿ ਪਰ-ਇਸਤ੍ਰੀ-ਗਮਨ), ਹਾਲਾਂ ਕਿ ਦੋਹਾਂ ਹਾਲਤਾਂ ਵਿਚ ਕਾਮ-ਗ੍ਰਸਤ ਹੋਣ ਦਾ ਦੋਸ਼ ਇਕਸਾਰ ਹੈ ਅਤੇ ਇਸ ਸੰਬੰਧੀ ਗੁਰਬਾਣੀ ਦਾ ਫਤਵਾ "ਹੇ ਕਾਮੰ ਨਰਕ ਬਿਸ੍ਰਾਮੰ" ਹੈ।

ਕਿਡੇ ਅਚੰਭੇ ਦੀ ਗੱਲ ਹੈ ਕਿ ਆਪਣੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਖ ਮੰਨਣ ਵਾਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਤੋਂ ਸੇਧ ਲੈਣ ਦੀ ਬਜਾਏ, ਧਰਮ ਦੇ ਦੋਖੀਆਂ ਦੀ ਲਿਖਤ ਤੋਂ ਅਗਵਾਈ ਲੈ ਕੇ, ਆਪਣਾ ਅਹਾਰ, ਆਚਾਰ ਤੇ ਵਿਚਾਰ ਵੀ ਭ੍ਰਿਸ਼ਟ ਕਰ ਰਹੇ ਹਨ ਅਤੇ ਖਾਲਸਾ-ਰਹਿਤ ਦਾ ਮੂੰਹ-ਮੁਹਾਂਦਰਾ ਵੀ ਵਿਗਾੜ ਰਹੇ ਹਨ। ਕੀ ਇਹ "ਹਾਥਿ ਦੀਪੁ ਕੂਏ ਪਰੈ"* ਵਾਲੀ ਗੱਲ ਨਹੀਂ ?

## *ਜੀਅ-ਦਇਆ–*

ਸਾਰੇ ਧਰਮਾਂ ਵਲੋਂ "ਦਇਆ" ਨੂੰ ਧਰਮ ਦਾ ਮੂਲ ਮੰਨਿਆ ਗਿਆ ਹੈ। ਗੁਰਬਾਣੀ ਦੁਆਰਾ ਦ੍ਰਿੜ੍ਹਾਇਆ ਗਿਆ ਜੀਅ-ਦਇਆ ਦਾ ਉਪਦੇਸ਼, ਗੁਰਬਾਣੀ ਨੂੰ ਗੁਰੂ ਮੰਨਣ ਵਾਲੇ ਗੁਰਸਿਖਾਂ ਵਾਸਤੇ ਜੀਵਨ ਵਿਚ ਅਮਲੀ ਤੌਰ ਤੇ ਧਾਰਨ ਕੀਤੇ ਜਾਣ ਲਈ ਹੈ :–

(ੳ) ਦਇਆ ਕਪਾਹ, ਸੰਤੋਖੁ ਸੂਤੁ, ਜਤੁ ਗੰਢੀ, ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ [ਆਸਾ ਦੀ ਵਾਰ ਮ: ੧, ਪੰਨਾ ੪੭੧

(ਅ) ਧੌਲੁ ਧਰਮੁ ਦਇਆ ਕਾ ਪੂਤੁ ॥੧੬॥ [ਜਪੁਜੀ ਸਾਹਿਬ

(ੲ) ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥੧੨॥
[ਬਾਰਹਮਾਹਾ ਮਾਝ ਮ: ੫, ਪੰਨਾ ੧੩੬

(ਸ) ਮਨਿ ਸੰਤੋਖੁ ਸਰਬ ਜੀਅ ਦਇਆ ॥ ਇਨ ਬਿਧਿ ਬਰਤੁ ਸੰਪੂਰਨ ਭਇਆ ॥੧੧॥
[ਥਿਤੀ ਗਉੜੀ ਮ: ੫, ਪੰਨਾ ੨੯੯

---

*ਸਲੋਕ ਕਬੀਰ ਜੀ, ਪੰਨਾ ੧੩੭੬

(ਹ) ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥੪੦॥ [ਸਹਸਕ੍ਰਿਤੀ ਮ: ੫, ਪੰਨਾ ੧੩੫੭

(ਕ) ਅਲਪ ਅਹਾਰ ਸੁਲਪ ਸੀ ਨਿੰਦ੍ਰਾ, ਦਯਾ ਛਿਮਾ ਤਨ ਪ੍ਰੀਤਿ ॥ [ਰਾਮਕਲੀ ਪਾ: ੧੦

(ਖ) ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥ [ਸਿਰੀਰਾਗੁ ਮ: ੫, ਪੰਨਾ ੫੧

(ਗ) ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥੨੯॥ [ਜਪੁਜੀ

(ਘ) ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥੨॥੪॥੯੦॥

[ਬਿਲਾਵਲੁ ਮ: ੫, ਪੰਨਾ ੮੨੨

(ਙ) ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥੪॥੧੫॥ [ਬਿਲਾਵਲੁ ਮ: ੧, ਪੰਨਾ ੮੧੨

(ਚ) ਜੀਵਤੁ ਮਰੈ ਤਾ ਸਭੁ ਕਿਛੁ ਸੂਝੈ, ਅੰਤਰਿ ਜਾਣੈ ਸਰਬ ਦਇਆ ॥
ਨਾਨਕ ਤਾ ਕਉ ਮਿਲੈ ਵਡਿਆਈ, ਆਪ ਪਛਾਣੈ ਸਰਬ ਜੀਆ ॥

[ਰਾਮਕਲੀ ਮ: ੧, ਪੰਨਾ ੯੪੦

"ਜੀਅ-ਦਇਆ" ਸਿਖ ਲਈ ਰਹਿਤ ਹੈ ਅਤੇ "ਜੀਵ-ਹਤਿਆ" ਪਾਪ, ਅਥਵਾ ਕੁਰਹਿਤ। ਇਸ ਪਾਪ (ਕੁਰਹਿਤ) ਤੋਂ ਬਚਣ ਲਈ ਗੁਰਬਾਣੀ ਬਾਰ ਬਾਰ ਉਪਦੇਸ਼ ਕਰਦੀ ਹੈ :-

(ੳ) ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥੧੮॥ [ਜਪੁ ਜੀ ਸਾਹਿਬ

(ਅ) ਖਸਮੁ ਪਛਾਨਿ ਤਰਸ ਕਰਿ ਜੀਅ ਮਹਿ, ਮਾਰਿ ਮਣੀ ਕਰਿ ਫੀਕੀ ॥੪॥ (੪॥੧੭)

[ਆਸਾ ਕਬੀਰ ਜੀ, ਪੰਨਾ ੪੮੦

(ੲ) ਹਿੰਸਾ ਤਉ ਮਨ ਤੇ ਨਹੀ ਛੂਟੀ, ਜੀਅ ਦਇਆ ਨਹੀ ਪਾਲੀ ॥੧॥੬॥

[ਸਾਰੰਗ ਪਰਮਾਨੰਦ ਜੀ, ਪੰਨਾ ੧੨੫੩

(ਸ) ਜਉ ਸਭ ਮਹਿ ਏਕੁ ਖੁਦਾਇ ਕਹਤ ਹਉ, ਤਉ ਕਿਉ ਮੁਰਗੀ ਮਾਰੈ ॥੧॥

[ਪ੍ਰਭਾਤੀ ਕਬੀਰ ਜੀ, ਪੰਨਾ ੧੩੫੦

(ਹ) ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥੧੧॥ [ਵਾਰ ਗਉੜੀ ਮ: ੫, ਪੰਨਾ ੩੨੨

(ਕ) ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥੨॥

[ਮਾਰੂ ਕਬੀਰ ਜੀ, ਪੰਨਾ ੧੧੦੩

ਗੁਰਬਾਣੀ ਵਿਚ ਨਿਰੂਪਨ ਕੀਤੇ ਉਪ੍ਰੋਕਤ ਗੁਰ-ਹੁਕਮਾਂ ਨੂੰ ਪਿਠ ਦੇ ਕੇ ਤੇ ਧਰਮ ਦੇ ਦੋਖੀਆਂ ਦੀ ਲਿਖਤ ਨੂੰ ਜ਼ਿਆਦਾ ਪ੍ਰਮਾਣੀਕ ਮੰਨਦੇ ਹੋਇ ਡਾਕਟਰ ਜੀਤ ਸਿੰਘ "ਸਿੰਘ ਸਭਾ ਪਤ੍ਰਿਕਾ" ਵਿਚ ਲਿਖਦੇ ਹਨ:-

ਕੁੱਠਾ ਖਾਣਾ ਕੁਰਹਿਤ ਹੈ, (ਮਾਸ ਨਹੀਂ)। (ਪੰਨਾ ੪੪)

ਕਹਾਵਤ ਹੈ-"ਮਨ ਹਰਾਮੀ ਹੁਜਤਾਂ ਢੇਰ"। ਕੁੱਠੇ ਦੀ "ਮੁਸਲਮਾਨੀ ਤਰੀਕੇ ਅਨੁਸਾਰ ਬਣਾਇਆ ਮਾਸ" ਪ੍ਰੀਭਾਸ਼ਾ (definition) ਧਰਮ ਦੇ ਦੋਖੀਆਂ ਨੇ ਤਾਂ ਲਿਖ ਪਾਈ ਸੀ ਖਾਲਸਾ ਸਪਿਰਟ ਨੂੰ ਨਸ਼ਟ ਭ੍ਰਸ਼ਟ ਕਰਨ ਲਈ; ਮਾਸ ਦੇ ਚਸਕੋਰੇ ਸਜਣਾਂ ਨੂੰ ਆਪਣਾ ਚਸਕਾ ਪੂਰਾ ਕਰਨ ਲਈ ਇਕ ਢਕਵੰਜ ਮਿਲ ਗਿਆ। ਉਹਨਾਂ ਨੇ ਨਿਜੀ ਤੇ ਪੰਥਕ ਹਾਨੀ ਦੀ ਪ੍ਰਵਾਹ ਨਾ ਕਰਦਿਆਂ, ਗੁਰਬਾਣੀ ਦੇ ਹੁਕਮਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਮਾਸ-ਭੋਜਨ ਨੂੰ ਅਪਣਾ ਲਿਆ ਤੇ ਜਾਨਵਰ ਨੂੰ ਮਾਰਨ ਲਈ ਇਕ ਨਵਾਂ ਢੰਗ ਘੜ ਲਿਆ-"ਸਤਿ ਸ੍ਰੀ ਅਕਾਲ ਬੋਲਦਿਆਂ ਕਿਰਪਾਨ ਨਾਲ ਮਾਰਨ ਦਾ"। ਕੋਈ ਪੁਛੇ :-

(ੳ) ਕੀ ਕਿਰਪਾਨ ਨਾਲ ਮਾਰਨ ਵਿਚ ਜਾਨਵਰ ਪ੍ਰਤੀ ਜ਼ੋਰ-ਜ਼ੁਲਮ ਦੀ ਵਰਤੋਂ ਨਹੀਂ ਹੁੰਦੀ ?

(ਅ) ਕੀ ਇਸ ਤਰ੍ਹਾਂ ਜੀਵ-ਹਤਿਆ ਨਹੀਂ ਹੁੰਦੀ ?

(ੲ) ਕੀ ਸਤਿ ਸ੍ਰੀ ਅਕਾਲ ਆਖਣ ਨਾਲ ਕੋਈ ਮੰਦਾ ਕਰਮ ਸ਼ੁਭ ਕਰਮ ਵਿਚ ਬਦਲ ਜਾਂਦਾ ਹੈ ?

ਮਾਸ-ਭੋਜਨ ਲਈ ਜੀਵਾਂ ਨੂੰ ਮਾਰਨ ਵਿਚ ਕੋਈ ਤਰੀਕਾ ਇਖ਼ਤਿਆਰ ਕੀਤਾ ਜਾਏ, ਜ਼ੋਰ-ਜ਼ੁਲਮ ਹੀ ਹੈ। ਤੇ ਜ਼ੋਰ-ਜ਼ੁਲਮ ਨਿਰਸੰਦੇਹ ਪਾਪ ਕਰਮ ਹੈ :—

ਕਬੀਰ ਜੀਅ ਜੋ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥
ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥੧੯੯॥

ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥
ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥ ੨੦੦ ॥

[ਸਲੋਕ ਕਬੀਰ ਜੀ, ਪੰਨਾ ੧੩੭੫

ਗੁਰਬਾਣੀ ਦਾ ਫਤਵਾ ਹੈ ਕਿ ਜੀਵਾਂ ਦਾ ਗਲ ਵਢਣਾ ਜੀਵ-ਹਤਿਆ ਹੈ ਅਤੇ ਇਹ ਜੀਵ-ਹਤਿਆ ਘੋਰ ਪਾਪ ਹੈ :—

ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥੧੮॥ (ਜਪੁਜੀ)

(ੳ) ਕੀ ਕਿਰਪਾਨ ਨਾਲ ਜੀਵ ਦਾ ਗਲਾ ਨਹੀਂ ਵਢਿਆ ਜਾਂਦਾ ?

(ਅ) ਕੀ ਕਿਰਪਾਨ ਨਾਲ ਕੀਤੀ ਹੋਈ ਜੀਵ-ਹਤਿਆ ਜਾਇਜ਼ ਹੈ ?

ਸਦ ਅਫ਼ਸੋਸ ਕਿ ਢੁੱਚਰਬਾਜ਼ ਲੋਕ 'ਨਾਲੇ ਚੋਰੀ ਨਾਲੇ ਸੀਨਾ-ਜ਼ੋਰੀ' ਕਰਦੇ ਹਨ। ਪਾਪ ਕਰਦੇ ਹੋਏ ਪਾਪ-ਕਰਮ ਤੋਂ ਸਰਾਸਰ ਮੁਕਰੀ ਹੀ ਜਾਂਦੇ ਹਨ। ਨਹੀਂ, ਸਗੋਂ ਪਾਪ ਕਰਮ ਨੂੰ ਪੁੰਨ ਕਰਮ ਕਰ ਕੇ ਪੇਸ਼ ਕਰਨ ਦੀ ਹਮਾਕਤ ਕਰਦੇ ਹਨ। ਆਖਦੇ ਹਨ ਕਿ ਸਤਿ ਸ੍ਰੀ ਅਕਾਲ ਉਚਾਰਦਿਆਂ ਕਿਰਪਾਨ ਨਾਲ ਵਢਿਆ ਜਾਨਵਰ ਮਹਾਂ-ਪਰਸ਼ਾਦ ਬਣ ਜਾਂਦਾ ਹੈ। ਨਿੰਦਤ ਪਦਾਰਥਾਂ ਦੇ ਸੇਵਨ ਨੂੰ ਅਤੇ ਵਿਸ਼ੇ-ਭੋਗ ਭੋਗਣ ਨੂੰ ਧਰਮ ਦਾ ਅੰਗ ਬਣਾਉਣ ਦੀ ਵਾਹਯਾਤੀ ਵਾਮ-ਮਾਰਗੀਆਂ ਦੇ ਕੁਚੀਲ ਫਿਰਕੇ ਨੇ ਤਾਂ ਵਰਤੀ ਸੀ, ਪਰ ਮਾਸ ਨੂੰ ਮਹਾਂ-ਪਰਸ਼ਾਦ ਤੇ ਭੰਗ ਨੂੰ ਸੁਖ-ਨਿਧਾਨ ਦੀ ਸੰਗਿਆ ਦੇ ਕੇ ਇਹਨਾਂ ਘਿਰਣਤ ਪਦਾਰਥਾਂ ਦੇ ਸੇਵਨ ਨੂੰ ਧਾਰਮਕ ਰਹੁ-ਰੀਤ ਵਿਚ ਘੁਸੇੜ ਕੇ ਸਾਡੇ ਮਾਸ-ਖੋਰੇ ਭਰਾਵਾਂ ਨੇ ਵੀ ਕੋਈ ਘਟ ਨਹੀਂ ਗੁਜ਼ਾਰੀ। ਭਲਾ ਮਹਾਂ-ਪਰਸ਼ਾਦ ਆਖਣ ਨਾਲ ਮਾਸ ਉਤਮ ਪਦਾਰਥ ਬਣ ਜਾਵੇਗਾ ? ਕਦਾਚਿਤ ਨਹੀਂ ! ਗੁਰਬਾਣੀ ਦਾ ਫੁਰਮਾਨ ਹੈ :—

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥੨॥ [ਮ: ੧, ਪੰਨਾ ੧੪੧

ਮਾਸ ਨੂੰ ਮਹਾਂ-ਪਰਸ਼ਾਦ ਆਖਣਾ ਸਿਖ ਰਵਾਇਤ ਦੀ ਮਿਟੀ ਪਲੀਤ ਕਰਨ ਵਾਲੀ ਗੱਲ ਹੈ। ਮਹਾਂ-ਪਰਸ਼ਾਦ ਸਿਖੀ ਰਵਾਇਤ ਅਨੁਸਾਰ ਪੰਚਾਂਮ੍ਰਿਤ ਕੜਾਹ ਪਰਸ਼ਾਦ ਲਈ ਹੀ ਵਰਤਿਆ ਜਾਣਾ ਨਿਸਚਿਤ ਹੈ :—

ਏਕ ਮਿਸਟਾਨ ਪਾਨ ਲਾਵਤ ਮਹਾਂ ਪ੍ਰਸਾਦ
ਏਕ ਗੁਰਪੁਰਬ ਕੈ ਸਿਖਨ ਬੁਲਾਵਹੀ ॥ [ਭਾ: ਗੁਰਦਾਸ ਜੀ, ਕਬਿਤ ੩੦੯

ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ
ਪੰਚ ਮਿਲਿ ਪ੍ਰਗਟ ਪੰਚਾਂਮ੍ਰਿਤ ਪ੍ਰਗਾਸ ਹੈ ॥ (ਭਾ: ਗੁਰਦਾਸ ਜੀ, ਕਬਿਤ ੧੨੪

ਕੋਰੇ ਮਟ ਅਣਾਇ ਨੀਰੁ ਭਰਾਇਆ ॥ ਆਨਿ ਮਹਾ ਪਰਸਾਦੁ ਵੰਡਿ ਖੁਆਇਆ ॥
[ਭਾ: ਗੁਰਦਾਸ ਜੀ, ਵਾਰ ੨੦, ਪਉੜੀ ੧੦

ਕਈ ਸਿਰ-ਫਿਰੇ ਮਾਸ ਅਤੇ ਭੰਗ ਵਰਗੇ ਨਿੰਦਤ ਪਦਾਰਥਾਂ ਦਾ ਭੋਗ ਗੁਰੂ ਮਹਾਰਾਜ ਨੂੰ ਲਵਾਉਣ ਲਈ ਅਰਦਾਸ ਕਰਨ ਦੀ ਹਮਾਕਤ ਵੀ ਕਰਦੇ ਹਨ। ਵਾਮ-ਮਾਰਗੀਆਂ ਅਤੇ ਅਜਿਹੇ ਅਖੌਤੀ ਸਿਖਾਂ ਵਿਚ ਕੀ ਫ਼ਰਕ ਰਹਿ ਗਿਆ?

ਪਹਿਲੇ ਪਹਿਲ ਨਰਕਧਾਰੀਆਂ ਦੇ ਵਿਕਾਰੀ ਮੱਤ ਨੇ ਮਾਸ ਸ਼ਰਾਬ ਦੀ ਅੰਨ੍ਹੇ-ਵਾਹ ਖੁਲ੍ਹ ਆਪਣੇ ਅਨੁਆਈਆਂ ਨੂੰ ਦੇ ਰਖੀ ਸੀ। ਇਹਨਾਂ ਐਬਾਂ ਦੁਆਰਾਂ ਉਹਨਾਂ ਦੇ ਮੱਤ ਦੀ ਹੋਈ ਹਾਨੀ ਨੂੰ ਮੁਖ ਰਖ ਕੇ ਉਹਨਾਂ ਨੇ ਹੁਣ ਆਪਣਾ ਸਟੈਂਡ ਬਦਲ ਲਿਆ ਹੈ ਤੇ ਹੁਣ ਖੁਲ੍ਹ ਕੇ ਇਹਨਾਂ ਦਾ ਪ੍ਰਚਾਰ ਨਹੀਂ ਕਰਦੇ। ਅਫ਼ਸੋਸ ਕਿ ਨਿਰਮਲ ਖਾਲਸਾ ਧਰਮ ਦੇ ਵਿਦਵਾਨ ਮਾਸ ਸ਼ਰਾਬ ਦੀ ਖੁਲ੍ਹ ਦੇ ਕੇ ਕੌਮ ਨੂੰ ਬਰਬਾਦੀ ਦੇ ਰਾਹ ਪਾ ਰਹੇ ਹਨ।

ਮੁਸਲਮਾਨਾਂ ਲਈ 'ਕਲਮਾ' ਅਥਵਾ 'ਤਕਬੀਰ' ਅਤੇ ਸਿਖ ਲਈ 'ਸਤਿ ਸ੍ਰੀ ਅਕਾਲ' ਵਾਹਿਗੁਰੂ ਦੀ ਸਦੀਵੀ ਹੋਂਦ ਅਤੇ ਸਰਬਗਤਾ ਦ੍ਰਿੜ੍ਹ ਕਰਾਉਣ ਦੇ ਮੰਤਰ ਹਨ। ਇਹਨਾਂ ਮੰਤਰਾਂ ਨੂੰ ਹਿਰਦੇ ਵਿਚ ਵਸਾ ਕੇ ਜੀਅ-ਦਾਨ ਦੇਣ ਦੀ ਬਜਾਏ ਕੁਰਾਹੇ ਪਏ ਕੁਝ ਖ਼ੁਦ-ਗਰਜ਼ ਬੰਦਿਆਂ ਵਲੋਂ ਆਪਣਾ ਉੱਲੂ ਸਿੱਧਾ ਕਰਨ ਲਈ ਇਹਨਾਂ ਦੀ ਨਜਾਇਜ਼ ਵਰਤੋਂ ਕੀਤੀ ਜਾਣੀ ਇਹਨਾਂ ਮੰਤਰਾਂ ਦੀ ਨਿਰਾਦਰੀ ਹੈ।

'ਕਲਮਾ' ਅਥਵਾ 'ਤਕਬੀਰ' ਪੜ੍ਹ ਕੇ ਬਣਾਇਆ ਮਾਸ ਮੁਸਲਮਾਨ ਲਈ ਖਾਜ (ਹਲਾਲ) ਹੈ, ਸਿਖ ਲਈ ਅਖਾਜ। ਤੇ ਦੂਜੇ ਪਾਸੇ 'ਸਤਿ ਸ੍ਰੀ ਅਕਾਲ' ਬੋਲ ਕੇ ਬਣਾਇਆ ਮਾਸ ਸਿਖ ਲਈ ਖਾਜ (ਮਹਾਂ ਪ੍ਰਸ਼ਾਦ) ਹੈ ਅਤੇ ਮੁਸਲਮਾਨ ਲਈ ਅਖਾਜ (ਹਰਾਮ)।

ਇਸ ਦਾ ਮਤਲਬ ਇਹ ਹੋਇਆ ਕਿ ਨਿੰਦਤ ਵਸਤੂ ਮਾਸ ਨਹੀਂ, ਸਗੋਂ ਸਿਖ ਲਈ 'ਕਲਮਾ' ਅਥਵਾ 'ਤਕਬੀਰ' ਅਤੇ ਮੁਸਲਮਾਨ ਲਈ 'ਸਤਿ ਸ੍ਰੀ ਅਕਾਲ' ਨਿੰਦਤ ਹੈ। ਪਰ ਜੇ ਇਹ ਦੋਵੇਂ ਮੰਤਰ ਵਖਰੀ ਵਖਰੀ ਬੋਲੀ ਵਿਚ ਵਾਹਿਗੁਰੂ ਦੀ ਹੋਂਦ ਦ੍ਰਿੜ੍ਹ ਕਰਾਉਣ ਵਾਲੀ ਕਲਾਮ ਹਨ ਤਾਂ ਇਕ ਧਿਰ ਦੀ ਕਲਮਾ ਅਥਵਾ ਤਕਬੀਰ ਤੋਂ ਅਤੇ ਦੂਜੀ ਦੀ ਸਤਿ ਸ੍ਰੀ ਅਕਾਲ ਤੋਂ ਨਫ਼ਰਤ ਕਿਉਂ?

ਅਸਲ ਗੱਲ ਜੋ ਘਿਰਣਤ ਹੈ ਉਹ ਹੈ ਜੀਭ ਦੇ ਸੁਆਦ ਲਈ ਜੀਵਾਂ ਦੀ ਜਾਨ ਤੇ ਖੇਡਣ ਦੀ ਦੋਹਾਂ ਧਿਰਾਂ ਦੀ ਮੰਦੀ ਤੇ ਸੁਆਰਥੀ ਭਾਵਨਾ। ਮੰਦੀ ਭਾਵਨਾ ਅਧੀਨ ਕੀਤੇ ਮੰਦੇ ਕੰਮ ਬਾਹਰੋਂ ਮੂੰਹ ਨਾਲ 'ਕਲਮਾ' ਅਥਵਾ 'ਤਕਬੀਰ' ਪੜ੍ਹਨ ਜਾਂ 'ਸਤਿ ਸ੍ਰੀ ਅਕਾਲ' ਉਚਾਰਨ ਨਾਲ ਕਿਵੇਂ ਸ਼ੁਧ ਹੋ ਗਏ ਮੰਨੇ ਜਾ ਸਕਦੇ ਹਨ? ਗੁਰਬਾਣੀ ਦਾ ਨਿਰਣਾ ਹੈ :—

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥ [ਸੂਹੀ ਮ: ੪, ਪੰਨਾ ੭੩੨

ਗੁਰਬਾਣੀ ਮਨੁਖ ਮਾਤਰ ਨੂੰ ਇਹ ਪ੍ਰੇਰਨਾ ਬਖਸ਼ਦੀ ਹੈ ਕਿ ਪ੍ਰਮਾਤਮਾ ਦਾ ਨਾਮ ਸ਼ੁਧ ਹਿਰਦੇ ਨਾਲ ਜਪਿਆ ਜਾਵੇ :—

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥੧॥ [ਸਲੋਕੁ ਮ: ੧, ਪੰਨਾ ੧੪੦

ਕਪਟੀ ਮਨੁਖ ਦੇ ਬਾਹਰਲੇ ਦਿਖਾਵੇ ਦੇ ਧਾਰਮਕ ਕੰਮ ਕਿਸ ਲੇਖੇ?

ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ, ਕਿਆ ਹਜ ਕਾਬੈ ਜਾਇਆ ॥੩॥
[ਪ੍ਰਭਾਤੀ ਕਬੀਰ ਜੀ, ਪੰਨਾ ੧੩੫੦

ਗੁਰੂ ਕੇ ਸਿਖਾਂ ਨੂੰ ਨਿਸ਼ਕਪਟ ਹੋ ਕੇ ਜੀਵਨ ਬਤੀਤ ਕਰਨ ਦਾ ਉਪਦੇਸ਼ ਹੈ :—

ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰ ਸਿਖਹੁ,
ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ ॥ ੧ ॥

[ਨਟ ਮ: ੪, ਪੰਨਾ ੯੭੮

ਜੀਵਾਂ ਦੀ ਹਤਿਆ ਨੂੰ ਝਟਕੇ ਦਾ ਨਾਮ ਦੇ ਕੇ ਰਹਿਤ ਦਾ ਅੰਗ ਮੰਨਣਾ ਖਾਲਸਾ ਰਹਿਤ ਨੂੰ ਹਾਸੋ-ਹੀਣੀ ਬਣਾਉਣਾ ਹੈ। ਅਜਿਹੀ ਕਲਪਨਾ ਕਰਨ ਵਾਲਿਆਂ ਲਈ ਹੀ ਗੁਰਬਾਣੀ ਦਾ ਕਟਾਖ ਹੈ :—

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ, ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ, ਕਾ ਕਉ ਕਹਹੁ ਕਸਾਈ ॥੨॥

[ਮਾਰੂ ਕਬੀਰ ਜੀ, ਪੰਨਾ ੧੧੦੩

ਭਾਵ ਜੀਵਾਂ ਨੂੰ ਵਢਦੇ ਟੁਕਦੇ ਹੋ ਅਤੇ ਇਸ (ਕੁਕਰਮ) ਨੂੰ ਧਰਮ (ਰਹਿਤ) ਕਰ ਕੇ ਮੰਨਦੇ ਤੇ ਪ੍ਰਚਾਰਦੇ ਹੋ ਤਾਂ ਅਧਰਮ (ਕੁਰਹਿਤ) ਕਿਹੜੀ ਬਲਾ ਦਾ ਨਾਮ ਹੈ ?

ਜੇ ਜੀਵਾਂ ਤੇ ਜ਼ੋਰ ਜ਼ੁਲਮ ਕਰ ਕੇ (ਪ੍ਰਾਪਤ ਕੀਤਾ ਮਾਸ ਵਰਗਾ ਨਿੰਦਤ ਭੋਜਨ ਖਾ ਕੇ ਵੀ) ਆਪਣੇ ਆਪ ਨੂੰ ਸ੍ਰੇਸ਼ਟ ਪੁਰਸ਼ (ਸੰਤ ਖਾਲਸਾ) ਸਮਝਦੇ ਹੋ ਤਾਂ ਫਿਰ ਕਸਾਈ ਕੌਣ ਹੋਇਆ ?

"ਖਾਲਸਾ ਅਕਾਲ ਪੁਰਖ ਕੀ ਫੌਜ" ਦੀਨ ਦੁਖੀਆਂ ਦੀ ਰਖਵਾਲੀ ਲਈ ਸੀ। ਕਿੰਨੇ ਅੰਨ੍ਹੇਰ ਦੀ ਗੱਲ ਹੈ ਕਿ ਖਾਲਸਾ ਹੋਣ ਦਾ ਦਾਅਵਾ ਬੰਨ੍ਹਣ ਵਾਲੇ ਆਪ ਬੇਜ਼ਬਾਨ ਜੀਵਾਂ ਉਤੇ ਜ਼ੋਰ ਜ਼ੁਲਮ ਢਾਹੁਣ ਲਗ ਪਏ ਹਨ।

ਆਪਣੇ ਕੁਚਸਕੇ ਦੇ ਅਧੀਨ ਖਾਲਸਾ ਰਹਿਤ ਵਿਚ ਰਲਾ ਪਾਉਣ ਵਾਲਿਆਂ ਦੇ ਮੁਰੀਦ ਮਾਸ-ਖ਼ੋਰੇ ਭਰਾਵਾਂ ਨੂੰ ਕੋਈ ਪੁਛੇ ਕਿ ਅੱਜ ਕਲ੍ਹ ਬੁਚੜ-ਖਾਨਿਆਂ ਵਿਚ ਕਿਹੜੇ ਅੰਮ੍ਰਿਤ-ਧਾਰੀ ਬੁਚੜਾਂ ਦੀ ਭਰਤੀ ਕੀਤੀ ਹੋਈ ਹੈ ਜਿਹੜੇ 'ਅਕਾਲ' 'ਅਕਾਲ' ਆਖ ਕੇ ਜਾਨਵਰਾਂ ਨੂੰ **ਸ਼ਹੀਦ** (?) ਕਰਦੇ ਹਨ। ਬੁੱਚੜ ਲੋਕ ਗੰਦੇ ਗੀਤ ਗਾਉਂਦੇ ਜਾਨਵਰਾਂ ਨੂੰ ਵਢੀ ਟੁਕੀ ਜਾਂਦੇ ਹਨ। ਸਾਡੇ ਮਾਸਾਹਾਰੀ ਸਿਖ ਭਰਾ ਸਣੇ ਸਰਵ-ਉਚ ਧਾਰਮਕ ਆਗੂਆਂ ਦੇ ਸਭ ਕੁਝ "ਤਵ-ਪ੍ਰਸਾਦ ਭਰਮ ਕਾ ਨਾਸ" ਬੋਲ ਕੇ ਹੜੱਪ ਕਰੀ ਜਾਂਦੇ ਹਨ। ਇਸ ਤਰ੍ਹਾਂ ਬਿਲਕੁਲ ਖੁਲ੍ਹ ਹੋ ਗਈ। ਝਟਕੇ ਤੇ ਹਲਾਲ ਵਾਲਾ ਫਸਤਾ ਹੀ ਵਢਿਆ ਗਿਆ। ਚਲੋ ਠੀਕ ਹੋਇਆ ! ਅਗੇ ਵੀ ਤਾਂ ਇਹ ਇਕ ਮਨ-ਘੜਤ ਢਕਵੰਜ ਹੀ ਸੀ।

## *ਮਾਸ–ਵਕਾਰ–*

ਸ਼ਰਾਬ ਤੇ ਕਬਾਬ (ਮਾਸ) ਦੁਨੀਆ ਦੇ ਦੋ ਮੰਨੇ ਪ੍ਰਮੰਨੇ ਐਬ ਹਨ। ਵਾਹਿਗੁਰੂ ਦੀ ਭੈ-ਭਾਵਨੀ ਵਾਲੇ ਆਦਰਸ਼ਕ ਮਨੁਖਾਂ ਤੋਂ ਸਿਵਾ ਸੰਸਾਰ ਦੀ ਬਹੁ-ਗਿਣਤੀ ਇਹਨਾਂ ਐਬਾਂ ਵਿਚ ਫਸ ਕੇ ਜੀਵਨ ਬਰਬਾਦ ਕਰ ਰਹੀ ਹੈ।

ਮਾਸ ਦੇ ਚਸਕਾਲੂ ਵੀਰ ਮਾਸ ਖਾਣ ਨੂੰ ਵਕਾਰ ਮੰਨਣ ਤੋਂ ਇਨਕਾਰੀ ਹਨ। ਇਹ ਉਹਨਾਂ ਦੀ ਹੱਠ-ਧਰਮੀ ਹੈ। ਮਾਸ-ਪ੍ਰਾਪਤ ਕਰਨ ਵਿਚ ਜ਼ੋਰ ਜ਼ੁਲਮ ਦੀ ਵਰਤੋਂ ਅਵੱਸ਼ ਹੁੰਦੀ ਹੈ; ਕੀ ਕੋਈ ਇਸ ਤੋਂ ਮੁਕਰ ਸਕਦਾ ਹੈ ? ਜਦੋਂ ਹੀ ਕਿਸੇ ਦੇ ਮਨ ਵਿਚ ਜੀਭ ਦੇ ਚਸਕੇ ਅਧੀਨ ਮਾਸ ਖਾਣ ਦਾ ਸੰਕਲਪ ਉਠਦਾ ਹੈ, ਤਤਕਾਲ ਉਸ ਦਾ ਮਨ ਜ਼ੋਰ ਜ਼ੁਲਮ ਦਾ ਵਿਕਾਰੀ ਹੋ ਜਾਂਦਾ ਹੈ। ਫਿਰ ਉਹ ਤੁਰੰਤ ਬੁਚੜ ਦੀ ਦੁਕਾਨ ਤੇ ਪੁਜ ਜਾਂਦਾ ਹੈ। ਨਹੀਂ ਤਾਂ ਆਪ ਹੀ ਬੁਚੜ ਬਣਨ ਤੇ ਉਤਰ ਆਉਂਦਾ ਹੈ। ਕੀ ਇਹ ਵਕਾਰੀ ਮਨ ਦੀ ਹਰਕਤ ਨਹੀਂ ?

ਮਾਸ ਨੂੰ ਤਾਮਸਕ (**Passion provoking**) ਭੋਜਨ ਮੰਨਿਆ ਗਿਆ ਹੈ ਤੇ ਇਸ ਦੇ ਸੇਵਨ ਨਾਲ ਹੋਰ

ਕਈ ਇਲਤਾਂ ਆ ਚਮੜਦੀਆਂ ਹਨ। ਜੇ ਹੋਰ ਸਾਰੇ ਨੁਕਸ ਨਜ਼ਰ-ਅੰਦਾਜ਼ ਵੀ ਕਰ ਦਿਤੇ ਜਾਣ ਤਾਂ ਜੀਵ-ਹਤਿਆ ਲਈ ਵਰਤਿਆ ਗਿਆ ਜ਼ੋਰ-ਜ਼ੁਲਮ ਹੀ ਸਭ ਤੋਂ ਵੱਡਾ ਵਕਾਰ ਹੈ, ਜਿਸ ਨਾਲ ਚਿਤ ਮਲੀਨ ਹੋ ਜਾਂਦਾ ਹੈ।

ਜ਼ੋਰ ਜ਼ੁਲਮ ਨਾਲ ਪ੍ਰਾਪਤ ਕੀਤਾ ਮਲੇਛ-ਭੋਜਨ (ਮਾਸ) ਛਕ ਕੇ ਨਾਮ ਜਪਣ ਲਈ ਮਨ ਦੀ ਨਿਰਮਲਤਾ ਤੇ ਇਕਾਗਰਤਾ ਕਿਵੇਂ ਸੰਭਵ ਹੋ ਸਕਦੀ ਹੈ ?

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥ [ਸਲੋਕੁ ਮ: ੧, ਪੰਨਾ ੧੪੦

**ਗੁਰਬਾਣੀ** ਦੁਆਰਾ ਉਠਾਇਆ ਗਿਆ ਸਵਾਲ ਸਿੱਧਾ ਹੈ—ਜੇ ਪੁਸ਼ਾਕ ਉਤੇ ਖ਼ੂਨ ਦੀਆਂ ਛਿੱਟਾਂ ਪੈ ਜਾਣ ਕਾਰਨ ਪੁਸ਼ਾਕ ਅਪਵਿਤਰ ਹੋ ਜਾਂਦੀ ਹੈ (ਤੇ ਉਸ ਪੁਸ਼ਾਕ ਨੂੰ ਪਹਿਨ ਕੇ ਪੂਜਾ-ਪਾਠ, ਭਜਨ ਬੰਦਗੀ ਵਿਚ ਬੈਠਣਾ ਠੀਕ ਨਹੀਂ) ਤਾਂ ਜਿਹੜੇ ਮਨੁਖ (ਜਾਨਵਰਾਂ ਦਾ ਮਾਸ ਖਾਣ ਕਰ ਕੇ ਉਹਨਾਂ ਦੀ) ਸਗਵੀਂ ਰਤ ਪੀਂਦੇ ਹਨ ਉਹਨਾਂ ਦਾ ਚਿਤ ਕਿਵੇਂ ਨਿਰਮਲ ਹੋ ਸਕਦਾ ਹੈ ? ਅਰਥ ਕਰਨ ਲਗਿਆਂ ਦੂਜੀ ਪੰਗਤੀ ਦਾ ਅਨਵੈ ਇਉਂ ਹੈ—"ਜੋ ਮਾਣਸਾ ਰਤੁ ਪੀਵਹਿ ਤਿਨ ਕਿਉ ਨਿਰਮਲੁ ਚੀਤੁ।"

ਸਾਡੇ ਮਾਸ-ਪੱਖੀ ਵੀਰ ਇਸ ਤੁਕ ਦਾ ਅਰਥ ਮਰੋੜ ਤਰੋੜ ਕੇ ਕਰਦੇ ਹਨ ਤਾਂ ਜੁ ਉਹਨਾਂ ਦੇ ਪੱਖ ਨੂੰ ਹਾਨੀ ਨ ਹੋਵੇ। ਉਹ ਅਰਥ ਕਰਦੇ ਹਨ ਕਿ ਜਿਹੜੇ ਲੋਕ ਮਨੁਖਾਂ ਦੀ ਰਤ ਪੀਂਦੇ ਹਨ, ਭਾਵ ਉਹਨਾਂ ਤੇ ਜ਼ੁਲਮ ਕਰਦੇ ਹਨ ਉਹਨਾਂ ਦਾ ਚਿਤ ਨਿਰਮਲ ਨਹੀਂ ਰਹਿੰਦਾ। ਕਿੰਨਾ ਬੇਪਰਜਾ ਅਤੇ ਖਿਚ ਧੂ ਵਾਲਾ ਅਰਥ ਹੈ ? ਮਨੁਖ ਉਤੇ ਤਾਂ ਜ਼ਰਾ ਕੁ ਜਿੰਨੀ ਵਧੀਕੀ ਕੀਤੀ ਜਾਣੀ ਉਹਦੀ ਰਤ ਪੀਣ ਤੁਲ ਗਿਣੀ ਜਾਂਦੀ ਹੈ।

ਪਰ ਬੇਜ਼ਬਾਨ ਜਾਨਵਰਾਂ ਦੀ ਸਗਵੀਂ ਰਤ ਪੀਤੀ ਹੋਈ ਨੂੰ ਕੋਈ ਮਹੱਤਤਾ ਨਹੀਂ ਦਿਤੀ ਜਾਂਦੀ ? ਕੇਵਲ ਇਸ ਲਈ ਕਿ ਬੇ-ਜ਼ਬਾਨ ਜਾਨਵਰ ਪ੍ਰਤੀ ਮਨੁਖ ਦੀ ਵਧੀਕੀ ਵਿਰੁਧ ਕਿਧਰੇ ਦਾਦ-ਫਰਿਆਦ ਨਹੀਂ ਹੋ ਸਕਦੀ। ਸੰਸਾਰ ਉਤੇ ਭਾਵੇਂ ਕੋਈ ਅਜਿਹੀ ਕਚਹਿਰੀ ਨਹੀਂ, ਪਰ ਵਾਹਿਗੁਰੂ ਦੀ ਸਚੀ ਦਰਗਾਹ ਵਿਚ ਸਚ ਹੀ ਸਚ ਨਿਬੜੇਗਾ।

ਸੀਹ ਪਜੂਤੀ ਬਕਰੀ ਮਰਦੀ ਹੋਈ, ਹੜ ਹੜ ਹਸੀ ॥
ਸੀਹੁ ਪੁਛੈ ਵਿਸਮਾਦ ਹੋਇ ਇਤੁ ਅਉਸਰ ਕਿਤੁ ਰਹਸਿ ਰਹਸੀ ॥
ਬਿਨਉ ਕਰੇਦੀ ਬਕਰੀ ਪੁਤ੍ਰ ਅਸਾਡੇ ਕੀਚਨਿ ਖਸੀ ॥
ਅਕ ਧਤੂਰਾ ਖਾਧਿਆਂ ਕੁਹਿ ਕੁਹਿ ਖਲ ਉਖਲਿ ਵਿਣਸੀ ॥
**ਮਾਸੁ ਖਾਨ ਗਲ ਵਢਿ ਕੈ ਹਾਲੁ ਤਿਨਾੜਾ ਕਉਣੁ ਹੋਵਸੀ ॥**
ਗਰਬ ਗਰੀਬ ਦੇਹ ਖੇਹ ਖਾਜੁ ਅਖਾਜੁ ਅਕਾਜੁ ਕਰਸੀ ॥
ਜਗਿ ਆਇਆ ਸਭ ਕੋਈ ਮਰਸੀ ॥੧੭॥ [ਭਾਈ ਗੁਰਦਾਸ ਜੀ, ਵਾਰ ੨੫

ਕੁਹਿ ਕਸਾਈ ਬਕਰੀ ਲਾਇ ਲੂਣ ਸੀਖ ਮਾਸ ਪਰੋਆ ॥
ਹਸਿ ਹਸਿ ਬੋਲੀ ਕੁਹੀਂਦੀ ਖਾਧੇ ਅਕੁ ਹਾਲੁ ਇਹ ਹੋਆ ॥
**ਮਾਸ ਖਾਨ ਗਲ ਛੁਰੀ ਦੇ ਹਾਲ ਤਿਨਾੜਾ ਕਉਣੁ ਅਲੋਆ ॥**
ਜੀਭੈ ਹੰਦਾ ਫੇੜਿਐ ਖਉ ਦੰਦਾਂ ਮੁਹ ਭੰਨ ਵਿਗੋਆ ॥
ਪਰਤਨ ਪਰਧਨ ਨਿੰਦ ਕਰਿ ਹੋਆ ਦੁਜੀਭਾ ਬਿਸੀਅਰੁ ਭੋਆ ॥
ਵਸਿ ਆਵੈ ਗੁਰ ਮੰਤ੍ਰਿ ਸੁਣਿ ਨਿਗੁਰਾ ਮਨਮੁਖ ਸੁਣੈ ਨ ਸੋਆ ॥
ਵੇਖਿ ਨ ਚਲੈ ਅਗੈ ਟੋਆ ॥੨੧॥ [ਭਾਈ ਗੁਰਦਾਸ ਜੀ, ਵਾਰ ੩੭

ਸਿੱਟਾ ਇਹ ਹੈ ਕਿ ਜ਼ੋਰ-ਜ਼ੁਲਮ ਵਿਕਾਰ ਹੈ। ਮਾਸ-ਪਖੀ ਭਾਵੇਂ ਕਿੰਨਾ ਹੱਠ ਕਰੀ ਜਾਣ।

**ਭਲਾ ਜੇ ਕੋਈ ਆਪ-ਹੁਦਰਾ (ਅਖੌਤੀ) ਸਿਖ ਇਹ ਸ਼ੇਖੀ ਮਾਰੇ ਕਿ ਬਿਖ (ਤਮਾਕੂ) ਦਾ ਸੇਵਨ ਕਰ ਕੇ ਉਸਦੇ ਅੰਦਰ ਕੋਈ ਵਿਕਾਰ ਨਹੀਂ ਉਪਜਦਾ ਤਾਂ ਕੀ ਉਸ ਲਈ ਤਮਾਕੂ ਸੇਵਨ ਦੀ ਕੋਈ ਮਨਾਹੀ ਨਹੀਂ?**

ਸਾਰੇ ਜਾਣਦੇ ਹਨ ਕਿ ਤਮਾਕੂ ਅਥਵਾ ਹੋਰ ਭੰਗ, ਪੋਸਤ, ਅਫੀਮ ਆਦਿ ਨਸ਼ਿਆਂ ਦਾ ਸੇਵਨ ਆਪਣੇ ਆਪ ਵਿਚ ਇਕ ਵਡਾ ਵਕਾਰ ਹੈ ਤੇ ਇਸ ਦੇ ਨਤੀਜੇ ਮਾਰੂ ਹਨ। ਇਸੇ ਲਈ ਸਾਰੇ ਨਸ਼ਿਆਂ ਦੇ ਸੇਵਨ ਦੀ ਖਾਲਸਾ ਰਹਿਤ ਵਿਚ ਮਨਾਹੀ ਹੈ।

## *ਮੁਰਦਾਰ-ਖ਼ੋਰੀ ਮਨਾ–*

ਗੁਰਬਾਣੀ ਦੀ ਰੋਸ਼ਨੀ ਵਿਚ ਮੁਰਦਾਰ ਮਾਸ ਖਾਣ ਦੇ ਨਿਸ਼ੇਧ ਸੰਬੰਧੀ ਦੋ ਰਾਵਾਂ ਦੀ ਗੁੰਜਾਇਸ਼ ਬਿਲਕੁਲ ਨਹੀਂ, ਸਗੋਂ ਉਹ ਵਸਤਾਂ ਜਾਂ ਕਰਮ ਵੀ ਵਿਵਰਜਿਤ ਹਨ ਜਿਨ੍ਹਾਂ ਨੂੰ ਮੁਰਦਾਰ ਨਾਲ ਤੁਲਨਾ ਦਿਤੀ ਗਈ ਹੈ।

ਗੁਰਬਾਣੀ ਦਾ ਸਪੱਸ਼ਟ ਫ਼ਤਵਾ ਹੈ ਕਿ ਕੂੜ ਕੁਸੱਤ ਕਰ ਕੇ, ਜ਼ੋਰ ਜ਼ੁਲਮ ਕਰ ਕੇ, ਵਲ ਛਲ ਕਰ ਕੇ ਪਰਾਇਆ ਹੱਕ ਮਾਰਨਾ ਮੁਰਦਾਰ ਤੁਲ ਹੈ ਤੇ ਮੁਰਦਾਰ ਗੁਰੂ ਕੇ ਸਿਖਾਂ ਲਈ ਵਰਜਿਤ ਹੈ। ਗੁਰੂ ਪੀਰ ਵੀ ਹਾਮਾ ਤਾਂ ਹੀ ਭਰਦਾ ਹੈ ਜੇ ਕੋਈ ਮੁਰਦਾਰ ਖਾਣ ਤੋਂ ਬਚੇ।

ਕੂੜੁ ਬੋਲਿ ਮੁਰਦਾਰੁ ਖਾਇ ॥੧॥ [ਸਲੋਕੁ ਮ: ੧, ਵਾਰ ਮਾਝ, ਪੰਨਾ ੧੪੦
ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥੨॥ (੭) [ਮ: ੧, ਪੰਨਾ ੧੪੧

ਦੋ ਪੰਛੀ ਹਨ : ਹੰਸ ਅਤੇ ਬਗਲਾ। ਇਨ੍ਹਾਂ ਦੀ ਚਿੱਟੀ ਦੁੱਧ ਸੂਰਤ ਇਕੋ ਜਿਹੀ ਮਨਮੋਹਣੀ ਹੈ। ਦੋਹਾਂ ਦਾ ਸਫ਼ੈਦ ਵੇਸ ਮਨ ਉਤੇ ਸਾਤਵਿਕ ਪ੍ਰਭਾਵ ਪਾਉਂਦਾ ਹੈ। ਪਰ ਗੁਰਬਾਣੀ ਅੰਦਰ ਉਨ੍ਹਾਂ ਵਿਚੋਂ ਇਕ ਦੀ, ਉਸ ਵਲੋਂ ਜੀਵਨ-ਨਿਰਬਾਹ ਲਈ ਅਪਣਾਈ ਗਈ ਖ਼ੁਰਾਕ ਦੇ ਅਧਾਰ ਤੇ ਸਲਾਹੁਤਾ ਕੀਤੀ ਗਈ ਹੈ ਅਤੇ ਦੂਜੇ ਦੀ ਨਿੰਦਿਆ–

ਹੰਸ ਉਤਮ ਹੈ।
ਕਿਉਂ?
ਹੰਸ ਦਾ ਅਹਾਰ ਉਤਮ ਹੈ।
ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥੧॥ (੨੧)
[ਸਲੋਕੁ ਮ: ੧, ਵਾਰ ਰਾਮਕਲੀ, ਪੰਨਾ ੯੫੬

ਬਗਲਾ ਨੀਚ ਹੈ।
ਕਿਉਂ?
ਬਗਲੇ ਦਾ ਅਹਾਰ ਘਿਰਣਤ ਹੈ।
ਬਗੁਲਾ ਕਾਗ ਨੀਚ ਕੀ ਸੰਗਤਿ, ਜਾਇ ਕਰੰਗ ਬਿਖੂ ਮੁਖਿ ਲਾਈਐ ॥੪॥੪॥
[ਰਾਮਕਲੀ ਮ: ੪, ਪੰਨਾ ੮੮੧

ਗੁਰਬਾਣੀ ਦੇ ਰੱਬੀ ਉਪਦੇਸ਼ ਅਨੁਸਾਰ "ਕਰੰਗ ਬਿਖੂ" ਦਾ ਸੇਵਨ ਕਰਨ ਕਰ ਕੇ ਹੀ ਬਗਲਾ ਘਿਰਣਤ ਪੰਛੀ ਹੈ। ਫਿਰ ਸਮਝ ਨਹੀਂ ਆਉਂਦੀ ਕਿ ਇਹ "ਕਰੰਗ-ਬਿਖੂ" ਗੁਰੂ ਕੇ ਸਿਖਾਂ ਲਈ "ਮਹਾਂ ਪ੍ਰਸ਼ਾਦ" ਕਿਵੇਂ ਤੇ ਕਦੋਂ ਬਣ ਗਿਆ? ਤੇ 'ਕਰੰਗ-ਬਿਖੂ' ਦਾ ਵਿਵਰਜਿਤ ਭੋਜਨ ਖਾ ਕੇ ਕਿਵੇਂ ਕੋਈ ਗੁਰੂ ਕਾ ਸਚਿਆਰ ਸਿਖ ਹੋਣ ਦਾ ਦਾਅਵਾ ਕਰ ਸਕਦਾ ਹੈ?

ਕਦੀ ਕੋਈ ਮਾਂ ਆਪਣੇ ਪੁਤਰ ਨੂੰ ਬਿਖ ਖਾਣ ਦੀ ਆਗਿਆ ਦਿੰਦੀ ਹੈ ? ਫਿਰ ਇਹ ਸੋਚਣਾ ਵੀ ਅਪਰਾਧ ਤੋਂ ਘਟ ਨਹੀਂ ਜਾਪਦਾ ਕਿ ਸੰਸਾਰ ਦੇ ਅਧਿਆਤਮਕ ਪਿਤਾ, ਸਤਿਗੁਰੂ ਜੀ ਨੇ "ਕਰੰਗ-ਬਿਖੂ" ਖਾਣ ਦੀ ਖੁਲ੍ਹ ਆਪਣੇ ਸਿਖ-ਬੱਚਿਆਂ ਨੂੰ ਦਿਤੀ ਹੋਈ ਹੈ, ਕਦੇ ਨਹੀਂ !! ਜੇ ਭਲਾ ਅਸੀਂ ਗੁਰੂ ਕੇ ਨਾਮ ਲੇਵਾ ਸਿਖ, ਆਪ-ਹੁਦਰੇ ਹੋ ਕੇ "ਕਰੰਗ-ਬਿਖੂ" ਨੂੰ "ਮਹਾਂ ਪ੍ਰਸ਼ਾਦ" ਦਾ ਨਾਮ ਦੇ ਕੇ ਛਕਣਾ ਸ਼ੁਰੂ ਕਰ ਦਈਏ ਤਾਂ ਸਾਡੇ ਸਿਰ ਉਤੇ ਸ੍ਰੀ ਕਬੀਰ ਜੀ ਦਾ ਹੇਠ ਲਿਖਿਆ ਸਲੋਕ ਸਦਾ ਸਲੋਤਰ ਫੇਰਦਾ ਰਵ੍ਹੇਗੇ, ਓਵੇਂ ਹੀ ਜਿਵੇਂ ਜੇ ਬੱਚਾ ਅਨੁੱਚਿਤ ਕਿਰਿਆ ਕਰਨ ਤੋਂ ਨਾ ਹਟੇ ਤਾਂ ਮਾਂ ਨਸੀਅਤ ਵਜੋਂ ਬੱਚੇ ਨੂੰ ਚਪੇੜ ਵੀ ਟਿਕਾ ਦੇਂਦੀ ਹੈ—

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥

[ਸਲੋਕ ਕਬੀਰ ਜੀ, ਪੰਨਾ ੧੩੭੨

ਸੂਰ ਹੋਵੇ ਭਾਵੇਂ ਗਾਂ, ਕਲਮਾ ਪੜ੍ਹ ਕੇ ਕਟ-ਵਢ ਕੀਤਾ ਹੋਵੇ ਜਾਂ ਸਤਿ ਸ੍ਰੀ ਅਕਾਲ ਬੋਲ ਕੇ, ਛੁਰੀ ਨਾਲ ਕਟਿਆ ਗਿਆ ਹੋਵੇ ਭਾਵੇਂ ਕਿਰਪਾਨ ਨਾਲ, ਹੌਲੀ ਹੌਲੀ ਕਟਿਆ ਗਿਆ ਹੋਵੇ ਜਾਂ ਇਕੋ ਝਟਕੇ ਨਾਲ, ਮਾਰਿਆ ਗਿਆ ਜਾਨਵਰ ਕੁੱਠਾ ਅਥਵਾ ਮੁਰਦਾਰ ਹੀ ਹੈ । ਫਿਰ ਅਚੰਭੇ ਦੀ ਗੱਲ ਹੈ ਕਿ ਗੁਰੂ-ਹੁਕਮਾਂ ਦਾ ਵਿਰੋਧ ਕਰ ਕੇ ਮੁਰਦਾਰ-ਮਾਸ ਖਾਣ ਵਾਲਾ ਵਿਅਕਤੀ ਕਿਵੇਂ ਗੁਰੂ ਪੀਰ ਦਾ ਮੁਰੀਦ (ਸਿਖ) ਅਖਵਾ ਸਕਦਾ ਹੈ, ਜਦੋਂ ਕਿ ਉਹ ਖੁਲ੍ਹਮ ਖੁਲ੍ਹਾ ਗੁਰੂ-ਹੁਕਮਾਂ ਦੀ ਉਲੰਘਣਾ ਕਰਨ ਦਾ ਕੇਵਲ ਨਿਜੀ ਤੌਰ ਤੇ ਹੀ ਦੋਸ਼ੀ ਨ ਹੋਵੇ, ਸਗੋਂ ਗੁਰੂ ਸਾਹਿਬਾਨ ਨੂੰ ਵੀ ਮਾਸਾਹਾਰੀ ਆਖਣ ਤੋਂ ਸੰਕੋਚ ਨਾ ਕਰੇ । ਡਾਕਟਰ ਜੀਤ ਸਿੰਘ ਜੀ ਅਜਿਹੀ ਕੋਝੀ ਹਰਕਤ ਕਰਦੇ ਹੋਏ ਲਿਖਦੇ ਹਨ :—

"ਸਾਰੇ ਗੁਰੂ ਸਾਹਿਬਾਨ (ਸਿਵਾਏ ਇਸ ਦੇ) ਮਾਸਾਹਾਰੀ ਸਨ—ਇਹ ਇਤਿਹਾਸਕ ਤੱਥ ਹੈ । ਇਤਿਹਾਸ ਗਵਾਹ ਹੈ ਕਿ ਤੀਜੇ ਗੁਰੂ ਨਾਨਕ (ਸ੍ਰੀ ਗੁਰੂ ਅਮਰਦਾਸ ਜੀ) ਅਲੂਣਾ ਦਲੀਆ ਖਾਂਦੇ ਸਨ, ਪਰ ਉਹ ਲੰਗਰ ਵਿਚ ਸੰਗਤਿ ਪੰਗਤਿ ਦੇ ਨਾਲ ਵੀ ਪ੍ਰਸ਼ਾਦ ਛਕਦੇ ਸਨ । ਗੁਰੂ ਕੇ ਲੰਗਰ ਵਿਚ ਮਾਸ (ਕੁੱਠਾ ਨਹੀਂ) ਬਣਾਉਣ ਦੀ ਕੋਈ ਮਨਾਹੀ ਨਹੀਂ ਸੀ, ਕੇਵਲ ਗੁਰੂ ਅਰਜਨ ਦੇਵ ਜੀ ਦੇ ਵੇਲੇ ਲੰਗਰ ਵਿਚ ਕੁਝ ਸਮੇਂ ਲਈ ਮਾਸ ਦੀ ਮਨਾਹੀ ਕੀਤੀ ਗਈ, ਜਦ ਕਿ ਬਨਾਰਸ ਤੋਂ ਪੰਡਿਤ ਤੇ ਹੋਰ ਭੱਟ ਆਦਿ ਸ੍ਰੀ ਅੰਮ੍ਰਿਤਸਰ ਆਏ ਹੋਏ ਸਨ ।" [ਸਿੰਘ ਸਭਾ ਪਤ੍ਰਿਕਾ, ਪੰਨਾ ੫੪, ਜੁਲਾਈ ੮੦

ਫਿਰ ਪਤਾ ਨਹੀਂ, ਕੀ ਸੋਚ ਕੇ ਡਾਕਟਰ ਜੀ ਆਪਣੇ ਕਥਨ ਨੂੰ ਆਪ ਹੀ ਕਟਦੇ ਹੋਏ ਲਿਖਦੇ ਹਨ :—

"ਇਸ ਤਰ੍ਹਾਂ ਝਟਕੇ ਮਾਸ ਦੀ ਰੀਤ ਕੋਈ ਨਵੀਂ ਨਹੀਂ ਸੀ । ਪਿਛਲੇ ਚਵ੍ਹਾਂ ਗੁਰੂ ਸਾਹਿਬਾਨ ਤੋਂ ਚਲੀ ਆ ਰਹੀ ਸੀ ।" [ਸਿੰਘ ਸਭਾ ਪਤ੍ਰਿਕਾ, ਪੰਨਾ ੫੮

ਸਵਾਲ ਉਠਦੇ ਹਨ :—

(੧) ਸਾਰੇ ਗੁਰੂ ਸਾਹਿਬਾਨ ਦੇ ਮਾਸਾਹਾਰੀ ਹੋਣ ਦਾ ਕੀ ਇਤਿਹਾਸਕ ਸਬੂਤ ਹੈ ?

(੨) ਜੇ ਸ੍ਰੀ ਗੁਰੂ ਅਮਰ ਦਾਸ ਜੀ ਮਾਸ ਛਕਣ ਦੇ ਆਦੀ ਸਨ ਤਾਂ ਅਲੂਣੇ ਦਲੀਏ ਦੀ ਕਹਾਣੀ ਦਾ ਕੀ ਅਰਥ ?

(੩) ਜਦ ਗੁਰੂ ਕੇ ਲੰਗਰ ਵਿਚ ਮਾਸ ਦੀ ਪ੍ਰਥਾ ਸੀ ਤਾਂ ਬਨਾਰਸ ਦੇ ਪੰਡਤਾਂ ਅਤੇ ਭੱਟਾਂ ਨੂੰ ਇਸ ਮਹਾਂ-ਪ੍ਰਸ਼ਾਦ ਤੋਂ ਕਿਉਂ ਵਿਰਵੇ ਰਖਿਆ ਗਿਆ, ਜਦ ਕਿ ਵੈਸ਼ਨਵ ਸ੍ਰੀ ਅਮਰ ਦਾਸ ਜੀ ਦੇ, ਗੁਰੂ ਕੇ ਲੰਗਰ ਚੋਂ ਮਾਸ ਦਾ ਕੌਲਾ ਛਕਣ ਨਾਲ ਕਪਾਟ ਖੁਲ੍ਹ ਗਏ ਦਸੇ ਗਏ ਹਨ ?

(੪) ਪੰਡਿਤਾਂ ਅਤੇ ਭੱਟਾਂ ਦੇ ਡਰ ਕਰਕੇ ਮਾਸ ਬਣਾਉਣ ਦਾ ਆਪਣਾ ਅਸੂਲ ਕਿਉਂ ਭੰਗ ਕੀਤਾ ਗਿਆ ?

(੫) ਜੇ ਭਲਾ ਥੋੜੀ ਦੇਰ ਲਈ ਮਾਸ ਬਣਾਉਣਾ ਲੰਗਰ ਵਿਚੋਂ ਬੰਦ ਕਰ ਦਿਤਾ ਗਿਆ ਸੀ ਤਾਂ ਫਿਰ ਦੁਬਾਰਾ ਚਾਲੂ ਕਿਉਂ ਨਾ ਕੀਤਾ ਗਿਆ ?

ਮਿਸਲ ਮਸ਼ਹੂਰ ਹੈ ਕਿ ਇਕ ਝੂਠ ਦੇ ਲੁਕਾਉਣ ਨਾਲ ਸੈਂਕੜੇ ਝੂਠ ਮਾਰਨੇ ਪੈਂਦੇ ਹਨ, ਪਰ ਇਹ ਝਾਖ-ਝਖਾਈ ਫ਼ਜ਼ੂਲ ਹੈ।

ਕੂੜੁ ਨਿਖੁਟੇ ਨਾਨਕਾ ਓੜਕਿ ਸਚੁ ਰਹੀ ॥ (੯੫੩)

ਅਥਵਾ—ਕੂੜੁ ਨ ਪਹੁੰਚੈ ਸਚ ਨੋ ਸਉ ਘਾੜਤ ਘੜੀਐ ॥

[ਭਾ: ਗੁਰਦਾਸ ਜੀ, ਵਾਰ ੩੦ ਪਉੜੀ ੨੧

ਗੁਰੂ ਸਾਹਿਬ ਮਾਸ ਖਾਣ ਲਈ ਜਾਨਵਰਾਂ ਨੂੰ ਮਾਰਨ ਤੇ ਮੁਰਦਾਰ ਖਾਣ ਵਾਲੇ ਵਿਅਕਤੀਆਂ ਨੂੰ ਭੂਤਨਿਆਂ ਦਾ ਫ਼ਤਵਾ ਦੇਂਦੇ ਹਨ :

ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ॥੨॥ [ਤਿਲੰਗ ਮ: ੫ ਘਰੁ ੧, ਪੰਨਾ ੭੨੩

ਗੁਰਮਤਿ ਦੇ ਲਾਸਾਨੀ ਵਿਆਖਿਆ-ਕਾਰ ਭਾ: ਸਾਹਿਬ ਭਾਈ ਗੁਰਦਾਸ ਜੀ ਵੀ ਗੁਰਸਿਖਾਂ ਨੂੰ ਜੀਆਂ ਦੇ ਘਾਤ ਕਰਨ ਤੋਂ ਵਰਜਦੇ ਹਨ :—

ਜੇ ਕਰਿ ਉਧਰੀ ਪੂਤਨਾ ਵਿਹੁ ਪਿਆਲਣੁ ਕੰਮ ਨ ਚੰਗਾ ॥......
ਜੇ ਕਾਸਾਈ ਉਧਰਿਆ ਜੀਆ ਘਾਇ ਨ ਖਾਈਐ ਭੰਗਾ ॥

[ਭਾਈ ਗੁਰਦਾਸ ਜੀ, ਵਾਰ ੩੧ ਪਉੜੀ ੯

ਜਿਸ ਗੁਰੂ ਬਾਬੇ ਨੇ ਗਰੀਬਾਂ ਤੇ ਜ਼ੁਲਮ ਕਰ ਕੇ ਪ੍ਰਾਪਤ ਕੀਤੀ ਪਾਪਾਂ ਦੀ ਖਟੀ ਨਾਲ ਤਿਆਰ ਕੀਤੇ ਮਲਕ ਭਾਗੋ ਦੇ ਮਾਲ੍ਹ-ਪੂੜੇ ਗਰੀਬਾਂ ਦਾ ਖੂਨ ਸਮਝ ਕੇ ਅੰਗੀਕਾਰ ਕਰਨੋਂ ਨਾਂਹ ਕਰ ਦਿਤੀ, ਉਸ ਪਾਤਸ਼ਾਹ ਨੂੰ ਮਾਸਾਹਾਰੀ ਦਸ ਕੇ ਡਾਕਟਰ ਜੀ ਇਤਿਹਾਸ ਦੇ ਉਸ ਤੱਥ ਨੂੰ, ਜਿਸ ਤੇ ਕੌਮ ਨੂੰ ਗੌਰਵ ਹੈ, ਝੂਠਾ ਸਾਬਤ ਕਰਨ ਦੀ ਫ਼ਜ਼ੂਲ ਝਾਖ-ਝਖਾਈ ਕਰ ਕੇ ਗੁਰੂ-ਨਿੰਦਾ ਦਾ ਭਾਰ ਸਿਰ ਤੇ ਲੈ ਰਹੇ ਹਨ। ਜੇ ਸਾਡੇ **ਪੜ੍ਹੇ ਲਿਖੇ ਡਾਕਟਰ** ਮਾਸ ਸ਼ਰਾਬ ਉਡਾਣ ਦੀਆਂ ਆਪਣੀਆਂ ਨਿਜੀ ਕਮਜ਼ੋਰੀਆਂ ਨੂੰ ਜਾਇਜ਼ ਸਿੱਧ ਕਰਨ ਲਈ ਇਤਿਹਾਸ ਦੇ ਉਸ ਅੰਸ਼ ਦੇ ਪ੍ਰਮਾਣੀਕ ਹੋਣ ਦਾ ਦਾਅਵਾ ਕਰੀ ਗਏ ਜੋ ਧਰਮ ਦੇ ਦੋਖੀਆਂ ਨੇ ਖਾਲਸੇ ਦੇ ਅਹਾਰ ਅਚਾਰ ਤੇ ਵਿਚਾਰ ਨੂੰ ਭ੍ਰਿਸ਼ਟ ਕਰਨ ਲਈ ਗਿਣ-ਮਿਥ ਕੇ ਪਾਇਆ ਹੋਇਆ ਹੈ ਅਤੇ ਜੋ ਗੁਰਬਾਨੀ ਦੇ ਉਪਦੇਸ਼ਾਂ ਦੇ ਵਿਰੁਧ ਹੈ ਤਾਂ ਸਿੱਟਾ ਇਹ ਨਿਕਲੇਗਾ ਕਿ ਆਉਣ ਵਾਲੀਆਂ ਨਸਲਾਂ ਦਾ, ਇਤਿਹਾਸ ਦੇ ਸਹੀ ਤੱਥ ਤੋਂ ਵੀ ਵਿਸ਼ਵਾਸ ਉਡ ਜਾਏਗਾ।

*ਸ਼ਿਕਾਰ—*

ਮਾਸ-ਅਹਾਰੀ ਵੀਰ ਮਾਸ ਖਾਣ ਦੀ ਪੁਸ਼ਟੀ ਲਈ ਸਤਿਗੁਰਾਂ ਦੇ ਸ਼ਿਕਾਰ ਖੇਡਣ ਦੀਆਂ ਸਾਖੀਆਂ ਦੀ ਆੜ ਲੈਂਦੇ ਹਨ। ਪਰ ਇਹਨਾਂ ਸਾਖੀਆਂ ਨੂੰ ਗਹੁ ਨਾਲ ਪੜ੍ਹਨ ਤੇ ਵਿਚਾਰਨ ਮਗਰੋਂ ਜਿਹੜਾ ਰਹੱਸ ਉਘੜਦਾ ਹੈ ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਤਿਗੁਰਾਂ ਦਾ ਸ਼ਿਕਾਰ ਖੇਡਣਾ ਮਾਸ ਖਾਣ ਹਿਤ ਨਹੀਂ ਸੀ, ਇਸ ਦਾ ਸਹੀ ਮੰਤਵ ਕੁਝ ਹੋਰ ਸੀ :—

(ੳ) ਸ਼ਸਤਰ ਅਭਿਆਸ ਕਰਨਾ ਤੇ ਖ਼ੂਨਖ਼ਾਰ ਜਾਨਵਰਾਂ, ਸ਼ੇਰਾਂ, ਚੀਤਿਆਂ, ਰਿੱਛਾਂ ਆਦਿ ਤੋਂ, ਜੋ ਜਨਤਾ ਦਾ ਨੁਕਸਾਨ ਕਰਦੇ ਸਨ, ਲੋਕਾਂ ਦਾ ਛੁਟਕਾਰਾ ਕਰਵਾਉਣਾ।

(ਅ) ਪੂਰਵ-ਕਾਲ ਵਿਚ ਉਤਰ-ਅਧਿਕਾਰੀ ਸਤਿਗੁਰਾਂ ਜਾਂ ਗੁਰਸਿਖਾਂ ਵਲੋਂ ਹੋਏ ਸੁਤੇ-ਸਿਧ ਬਚਨਾਂ ਅਨੁਸਾਰ ਜਾਨਵਰਾਂ ਦੀਆਂ ਜੂਨਾਂ ਵਿਚ ਪਾਏ ਕੁਝ ਜੀਵਾਂ ਦਾ ਉਧਾਰ ਕਰਨਾ।

ਸ਼ਿਕਾਰ ਸੰਬੰਧੀ ਆਈਆਂ ਸਾਖੀਆਂ ਦੁਆਰਾ ਉਪ੍ਰੋਕਤ ਵਰਣਿਤ ਤੱਥਾਂ ਵਿਚੋਂ ਕੋਈ ਇਕ ਤੱਥ ਹੀ ਉਘੜਦਾ ਹੈ। ਟੂਕ ਮਾਤਰ, ਕੁਝ ਅਜਿਹੀਆਂ ਸਾਖੀਆਂ ਦਾ ਹਵਾਲਾ ਥਲੇ ਪੁਸ਼ਟੀ ਵਜੋਂ ਦਿਤਾ ਜਾਂਦਾ ਹੈ :–

(੧) ਛੇਵੇਂ ਪਾਤਸ਼ਾਹ ਜੀ ਨੇ ਬਾਬਾ ਬੁੱਢਾ ਜੀ ਦੇ ਸਰਾਪ ਨਾਲ ਸੂਰ ਦੀ ਜੂਨ ਵਿਚ ਪਏ ਸਿਖ ਦਾ ਬਾਬਾ ਜੀ ਦੇ ਬਚਨਾਂ ਅਨੁਸਾਰ ਵਡਾਲੀ ਵਿਖੇ ਉਧਾਰ ਕੀਤਾ, ਸੂਰ ਦਾ ਸ਼ਿਕਾਰ ਕਰ ਕੇ।

[ਹਵਾਲਾ ਤਵਾਰੀਖ਼ ਖਾਲਸਾ, ਪੰਨਾ ੪੮੮-੮੯

(੨) ਛੇਵੇਂ ਸਤਿਗੁਰੂ ਜੀ ਨੇ ਕਰਤਾਰਪੁਰ ਦੀ ਜੂਹ ਵਿਚ ਅਨੇਕ ਗਊਆਂ ਦੇ ਵਿਣਾਸ ਕਰਨ ਵਾਲੇ ਸ਼ੇਰ ਦਾ ਸ਼ਿਕਾਰ ਕਰ ਕੇ ਗਊਆਂ ਅਤੇ ਲੋਕਾਂ ਦੀ ਰੱਖਿਆ ਕੀਤੀ।

[ਹਵਾਲਾ ਤਵਾਰੀਖ ਗੁਰੂ ਖਾਲਸਾ, ਪੰਨਾ ੬੬੭

(੩) ਸ੍ਰੀ ਕਲਗੀਧਰ ਪਾਤਸ਼ਾਹ ਜੀ ਨੇ ਰੁਪਾਣੇ ਨਗਰ ਵਿਖੇ ਇਕ ਘੋਗੜ ਕਾਂ ਦਾ ਸ਼ਿਕਾਰ ਕਰ ਕੇ ਉਸ ਦ ਕਲਿਆਣ ਕੀਤੀ, ਜੋ ਪਿਛਲੇ ਜਨਮ ਵਿਚ ਇਕ ਰਾਜਾ ਸੀ ਅਤੇ ਇਕ ਗੁਰਸਿਖ ਬੀਬੀ ਦੇ ਜਬਰਨ ਸਤ ਭੰਗ ਕਰਨ ਦੀ ਮੰਦੀ ਭਾਵਨਾ ਰਖਦਾ ਸੀ। ਸਤਵੰਤੀ ਬੀਬੀ ਨੇ ਸੰਖੀਆ ਖਾ ਕੇ ਆਪਣੀ ਪਤ ਬਚਾਈ। ਮਰਦੀ ਹੋਈ ਨੇ ਉਸ ਨੂੰ ਸਰਾਪ ਦਿਤਾ ਕਿ ਇਸ ਮੰਦੀ ਭਾਵਨਾ ਅਧੀਨ ਤੂੰ ਸੌ ਜਨਮ ਘੋਗੜ ਦੀ ਜੂਨ ਵਿਚ ਪੈ ਕੇ ਗੰਦ ਖਾਵੇਂਗਾ। ਫਿਰ ਉਸਦੇ ਪਸਚਾਤਾਪ ਕਰਨ ਤੇ ਦਿਆਲ ਹੋ ਕੇ ਬਚਨ ਕੀਤਾ ਕਿ ਇਸ ਗੇੜ ਤੋਂ ਤੇਰਾ ਛੁਟਕਾਰਾ ਗੁਰੂ ਕਰੇਗਾ।

[ਹਵਾਲਾ ਤਵਾਰੀਖ ਗੁਰੂ ਖਾਲਸਾ, ਪੰਨਾ ੧੦੩੨-੩੩

(੪) ਸ੍ਰੀ ਹਜ਼ੂਰ ਸਾਹਿਬ ਵਿਖੇ ਸ਼ਿਕਾਰ-ਘਾਟ ਗੁਰਦਵਾਰਾ ਸਹੇ ਦੀ ਜੂਨ ਵਿਚ ਪਏ ਮੂਲੇ ਖਤਰੀ ਦੇ ਉਧਾਰ ਲਈ ਉਸ ਦੇ ਸ਼ਿਕਾਰ ਦੀ ਯਾਦ ਵਿਚ ਹੈ।

(੫) ਫਿਰੋਜ਼ਪੁਰ ਜ਼ਿਲੇ ਦੇ ਪਿੰਡ ਬਜੀਦਪੁਰ ਵਿਖੇ ਗੁਰੂ ਕੀ ਜ਼ਾਮਨੀ ਭਰ ਕੇ ਲਏ ਕਰਜ਼ੇ ਦੀ ਚੁਕਤੀ ਨਾ ਕਰਨ ਦੇ ਦੋਸ਼ ਵਿਚ ਤਿੱਤਰ ਦੀ ਜੋਨ ਵਿਚ ਪਏ ਜੱਟ ਨੂੰ ਬਾਜ਼ ਦੀ ਜੋਨ ਵਿਚ ਪਏ ਬਾਣੀਏ ਕੋਲੋਂ ਤੁੜਵਾਇਆ ਤੇ ਜ਼ਾਮਨੀ ਪੂਰੀ ਕੀਤੀ। [ਹਵਾਲਾ ਤਵਾਰੀਖ ਖਾਲਸਾ, ਪੰਨਾ ੧੦੩੨

ਇਥੇ ਇਕ ਇਤਿਹਾਸਕ ਤਥ ਵਿਸ਼ੇਸ਼ ਤੌਰ ਤੇ ਵਰਨਣ ਕੀਤਾ ਜਾਣਾ ਜੋਗ ਹੈ ਕਿ ਕਰੁਣਾ-ਮੂਰਤੀ ਸਤਿਗੁਰੂ ਸ੍ਰੀ ਹਰਿ ਰਾਏ ਸਾਹਿਬ ਵੀ ਸ਼ਿਕਾਰ ਤੇ ਚੜ੍ਹਦੇ ਰਹੇ। ਆਪ ਜੀ ਦਾ, ਨਾਲ ਗਏ ਗੁਰਸਿਖਾਂ ਪ੍ਰਤੀ ਹੁਕਮ ਸੀ ਕਿ ਕਿਸੇ ਜਾਨਵਰ ਨੂੰ ਮਾਰਨਾ ਨਹੀਂ। ਸ਼ਿਕਾਰ ਦੇ ਪੱਜ ਨਿਰਬਲ, ਰੋਗੀ ਅਤੇ ਫਟੜ ਜਾਨਵਰਾਂ ਨੂੰ ਜੀਂਦਾ ਫੜ ਕੇ ਲਿਆਇਆ ਜਾਂਦਾ ਅਤੇ ਕੁਝ ਦਿਨ ਦੁਆ-ਦਾਰੂ ਅਤੇ ਸੇਵਾ-ਸੰਭਾਲ ਕਰ ਕੇ ਫਿਰ ਜੰਗਲ ਵਿਚ ਛਡ ਦਿਤਾ ਜਾਂਦਾ। ਅਜਿਹਾ ਸ਼ਿਕਾਰ, ਮਾਸ ਖਾਣ ਦੇ ਲੋਭ-ਲਾਲਚ ਅਧੀਨ ਨਹੀਂ, ਸਗੋਂ ਪਰਉਪਕਾਰ ਹਿਤ ਕੀਤਾ ਜਾਂਦਾ ਸੀ। ਤਵਾਰੀਖ਼ ਖਾਲਸਾ ਦੇ ਪੰਨਾ ਪ੯੪ ਵਿਚ ਇਸ ਬਾਰੇ ਲਿਖਿਆ ਹੋਇਆ ਹੈ ਕਿ :–

"ਸੁਭਾ ਦੇ ਦਿਆਲ ਤੇ ਕੋਮਲ ਐਡੇ ਸਨ ਕਿ ਸ਼ਿਕਾਰ ਖੇਡਣ, ਸੈਰ ਕਰਨ ਜਾਂਦੇ ਤਾਂ ਘੋੜਾ ਭਜਾ ਕੇ ਜਾਨਵਰ ਘੇਰ ਘੇਰ ਕੇ ਫੜ ਲਿਆਉਂਦੇ। ਮ੍ਰਿਗ, ਸੇਹੇ, ਕੁਕੜ, ਗਿੱਦੜ, ਬਘਿਆੜ, ਰਿੱਛ ਬਹੁਤ ਜਾਨਵਰ ਰਖ ਛਡੇ ਸਨ। ਸਭ ਨੂੰ ਸਭ ਦਾ ਚਾਰਾ ਮਿਲ ਜਾਂਦਾ।"

ਸ਼ਿਕਾਰ ਤੇ ਚੜ੍ਹਨਾ ਕੇਵਲ ਉਸ ਨਜਾਇਜ਼ ਸ਼ਾਹੀ ਹੁਕਮ ਦਾ ਵਿਰੋਧ ਕਰਨਾ ਸੀ ਜਿਸ ਅਨੁਸਾਰ ਮੁਸਲਮਾਨਾਂ ਤੋਂ ਸਿਵਾ ਕੋਈ ਸ਼ਿਕਾਰ ਤੇ ਨਹੀਂ ਸੀ ਚੜ੍ਹ ਸਕਦਾ।

## ਮਾਸ-ਭੋਜਨ ਅਤੇ ਅੰਨ-ਭੋਜਨ--

ਮਾਸ-ਅਹਾਰੀ ਵੀਰ ਮਾਸ ਖਾਣ ਦੇ ਹਕ ਵਿਚ ਇਕ ਦਲੀਲ ਦਿਆ ਕਰਦੇ ਹਨ ਕਿ ਜਾਨਵਰਾਂ ਦੀ ਤਰ੍ਹਾਂ ਅੰਨ ਦੇ ਦਾਣਿਆਂ ਵਿਚ ਵੀ ਤਾਂ ਜੀਵ ਹਨ, ਇਸ ਲਈ ਮਾਸ ਖਾਣ ਅਤੇ ਅੰਨ ਖਾਣ ਵਿਚ ਕੋਈ ਫ਼ਰਕ ਨਹੀਂ।

ਜ਼ਰਾ ਡੂੰਘੀ ਦ੍ਰਿਸ਼ਟੀ ਅਤੇ ਸਾਫ਼ ਨੀਯਤ ਨਾਲ ਵੇਖੀਏ ਤਾਂ ਫ਼ਰਕ ਸਪੱਸ਼ਟ ਹੋ ਜਾਂਦਾ ਹੈ।

**ਚੇਤੰਨ ਜੀਵ (active life) ਅਤੇ**

**ਜੀਵਨ ਸਤਾ (energy for life) ਵਿਚ ਫ਼ਰਕ–**

ਸਾਰੀ ਉਤਪਤੀ ਨੂੰ ਮੋਟੇ ਤੌਰ ਤੇ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ : ਚੇਤੰਨ ਅਤੇ ਜੜ੍ਹ। ਚੇਤੰਨ ਸ਼੍ਰੇਣੀ ਵਿਚ ਮਨੁਖ, ਪਸ਼ੂ ਅਤੇ ਪੰਛੀ ਆਦਿ ਸਾਰੇ ਜੀਵ ਜੰਤੂ ਆ ਜਾਂਦੇ ਹਨ, ਜਿਨ੍ਹਾਂ ਅੰਦਰ ਮਹਿਸੂਸ ਕਰਨ ਅਤੇ ਮਨੋ-ਭਾਵ ਪ੍ਰਗਟ ਕਰਨ ਦੀ ਸਮਰੱਥਾ ਹੋਵੇ। ਪਦਾਰਥ ਆਦਿ ਜੜ੍ਹ ਸ਼੍ਰੇਣੀ ਵਿਚ ਆਉਂਦੇ ਹਨ। ਦੋਹਾਂ ਸ਼੍ਰੇਣੀਆਂ ਵਿਚ ਫ਼ਰਕ ਸਾਹਮਣੇ ਹੈ।

(ੳ) ਅੰਡਜ (ਅੰਡਿਆਂ ਦੁਆਰਾ) (ੲ) ਸੇਤਜ (ਗੰਦਗੀ ਦੁਆਰਾ)
(ਅ) ਜੇਰਜ (ਜੇਰ ਦੁਆਰਾ) (ਸ) ਉਤਭੁਜ (ਧਰਤੀ ਦੀ ਉਪਜ)

ਪਹਿਲੀਆਂ ਤਿੰਨ ਸ਼੍ਰੇਣੀਆਂ ਦੁਆਰਾ ਹੋਈ ਉਤਪਤੀ ਅੰਦਰ ਜੀਵ ਚੇਤਨ ਰੂਪ ਵਿਚ ਹੁੰਦਾ ਹੈ, ਪਰ ਚੌਥੀ ਸ਼੍ਰੇਣੀ (ਉਤਭੁਜ) ਦੁਆਰਾ ਹੋਈ ਉਤਪਤੀ ਵਿਚ ਚੇਤੰਨ ਜੀਵ ਦੀ ਬਜਾਏ ਜੀਵਨ-ਤਤ ਹੁੰਦਾ ਹੈ। ਚੇਤੰਨ ਜੀਵ ਅਤੇ ਜੀਵਨ-ਤਤ ਵਿਚ ਬੜਾ ਫ਼ਰਕ ਹੈ।

ਜਿਹੜੀ ਥਾਵੇਂ ਅੰਨ ਦਾਣੇ ਖਾਣ ਲਈ ਪੀਠੇ ਜਾਂਦੇ ਹਨ ਉਸ ਨੂੰ ਆਟਾ-ਚੱਕੀ ਜਾਂ ਫ਼ਲੋਰ-ਮਿਲ ਕਿਹਾ ਜਾਂਦਾ ਹੈ, ਪਰ ਜਿਥੇ ਜਾਨਵਰਾਂ ਨੂੰ ਕਟ-ਵਢ ਕੇ ਖਾਣ ਲਈ ਮਾਸ ਬਣਾਇਆ ਜਾਂਦਾ ਹੈ ਉਸ ਨੂੰ ਬੁਚੜ-ਖਾਨਾ (Slaughter House) ਆਖਿਆ ਜਾਂਦਾ ਹੈ। ਇਸ ਦਾ ਖਾਸ ਕਾਰਨ ਹੈ। ਜਾਨਵਰਾਂ ਵਿਚ ਚੇਤੰਨ-ਜੀਵ (active life) ਹੈ ਅਤੇ ਅੰਨ ਦਾਣੇ ਵਿਚ ਜੀਵਨ-ਸਤਾ (energy for life)। ਅੰਨ-ਦਾਣਾ ਮਨੁਖ ਦਾ ਕੁਦਰਤੀ ਅਹਾਰ, ਭਾਵ ਰਿਜ਼ਕ ਹੈ, ਜੋ ਵਿਧਾਤਾ ਵਲੋਂ ਪ੍ਰਦਾਨ ਕੀਤਾ ਗਿਆ ਹੈ।

## ਪਰਵਿਰਤੀ ਵਿਚ ਨਿਰਵਿਰਤੀ–

ਮਨੁੱਖ ਜਦੋਂ ਹੀ ਮਾਂ ਦੀ ਕੁਖ ਚੋਂ ਬਾਹਰ ਆਉਂਦਾ ਹੈ ਤਾਂ ਉਸ ਦੀ ਮਾਂ ਦੀ ਛਾਤੀ ਵਿਚ ਕੁਦਰਤੀ ਤੌਰ ਤੇ ਦੁੱਧ ਆ ਪ੍ਰਵੇਸ਼ ਕਰਦਾ ਹੈ। ਇਹ ਦੁੱਧ ਵਿਧਾਤਾ ਵਲੋਂ ਅਪੜਾਇਆ ਮਨੁਖ ਦਾ ਕੁਦਰਤੀ ਅਹਾਰ, ਭਾਵ ਰਿਜ਼ਕ ਹੁੰਦਾ ਹੈ। ਦੁੱਧ ਵਿਚ ਨਿਰਸੰਦੇਹ ਕਿਟਾਣੂ ਹਨ। ਪਰ ਕੀ ਦੁੱਧ ਪੀਣ ਕਾਰਨ ਮਨੁਖ ਜੰਮਦਾ ਦੋਸ਼ੀ (born criminal) ਬਣ ਜਾਂਦਾ ਹੈ ? ਹਰਗਿਜ਼ ਨਹੀਂ। ਇਸ ਕੁਦਰਤੀ ਅਹਾਰ (ਰਿਜ਼ਕ) ਦੇ ਸੇਵਨ ਕਰਨ ਵਜੋਂ ਮਨੁਖ ਦੋਸ਼ੀ ਨਹੀਂ ਬਣਦਾ। ਕੁਝ ਖਾਧੇ ਬਿਨਾਂ ਜੀਵਨ ਕਿਵੇਂ ਕਾਇਮ ਰਹਿ ਸਕਦਾ ਹੈ ? ਗੁਰਬਾਣੀ ਦਾ ਫ਼ੁਰਮਾਨ ਹੈ :–

ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕੁ ਸਮਾਹਾਂ ॥

[ਸਾਰੰਗ ਮ: ੫ ਅਸਟ:, ਪੰਨਾ ੧੨੩੫

ਪਹਿਲੋ ਦੇ ਤੈਂ ਰਿਜਕ ਸਮਾਹਾ ॥ ਪਿਛੋ ਦੇ ਤੈਂ ਜੰਤੁ ਉਪਾਹਾ ॥੬॥

[ਮਾਝ ਮ: ੫ ਘਰੁ ੧, ਪੰਨਾ ੧੩੦

ਵਿਧਾਤੇ ਨੇ ਰਿਜਕ ਅਪੜਾਇਆ ਹੈ ਖਾਣ ਲਈ । ਖਾਣਾ ਹੈ ਜੀਉਣ ਲਈ, ਜੀਉਣਾ ਹੈ ਨਾਮ ਸਿਮਰਨ ਲਈ । ਜਿਉਂ ਜਿਉਂ ਬੱਚਾ ਵਡਾ ਹੁੰਦਾ ਜਾਂਦਾ ਹੈ, ਮਾਂ ਦੀ ਛਾਤੀ ਵਿਚ ਦੁੱਧ ਘਟਦਾ ਜਾਂਦਾ ਹੈ । ਫਿਰ ਬੱਚੇ ਨੂੰ ਕੁਦਰਤ ਵਲੋਂ ਦੰਦ ਮਿਲਦੇ ਹਨ, ਕੁਝ ਖਾਣ ਲਈ । ਖਾਣਾ ਕੀ ਹੈ ? ਕੁਦਰਤੀ ਅਹਾਰ, ਭਾਵ ਰਿਜਕ, ਤੇ ਮਨੁਖ ਦਾ ਕੁਦਰਤੀ ਅਹਾਰ ਅਥਵਾ ਰਿਜਕ ਹੈ ਅੰਨ-ਭੋਜਨ–

ਆਦਿ ਪੁਰਖ ਤੇ ਹੋਇ ਅਨਾਦੁ ॥ ਜਪੀਐ ਨਾਮੁ ਅੰਨ ਕੈ ਸਾਦਿ ॥੧॥ਰਹਾਉ॥ [੮੭੩

ਸਿਖ ਧਰਮ ਨਿਰਵਿਰਤੀ ਦਾ ਮਾਰਗ ਨਹੀਂ । ਪਰ ਪਰਵਿਰਤੀ ਵੀ ਯੋਗ ਸੀਮਾ ਤਕ ਧਾਰਨ ਕਰਨ ਦਾ ਹੀ ਵਿਧਾਨ ਹੈ, ਇਸ (ਪਰਵਿਰਤੀ) ਵਿਚ ਖਚਤ ਹੋ ਕੇ ਆਪਣੇ ਜੀਵਨ-ਉਦੇਸ਼ ਅਤੇ ਮਨੁੱਖੀ ਕਰਤੱਵ ਨੂੰ ਭੁਲ ਜਾਣਾ ਵਿਕਾਰ ਹੈ । ਅੰਨ ਦਾ ਤਿਆਗ ਕਰਨਾ ਨਿਰਵਿਰਤੀ ਕਰਮ ਹੈ, ਤੇ ਇਹ ਗੁਰਮਤਿ-ਵਿਰੋਧੀ ਕਰਮ ਹੈ । ਗੁਰਬਾਣੀ ਦਾ ਫੁਰਮਾਨ ਹੈ–

ਅੰਨੈ ਬਾਹਰਿ ਜੋ ਨਰ ਹੋਵਹਿ ॥ ਤੀਨਿ ਭਵਨ ਮਹਿ ਅਪਨੀ ਖੋਵਹਿ ॥੨॥
ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥੩॥

[ਗੋਂਡ ਕਬੀਰ ਜੀ, ਪੰਨਾ ੮੭੩

ਨਾਮ ਜਪਣ ਲਈ ਸਰੀਰ ਦੀ ਪਾਲਣਾ ਕਰਨੀ ਗੁਰਬਾਣੀ ਦੇ ਹੁਕਮਾਂ ਅਨੁਸਾਰ ਜ਼ਰੂਰੀ ਹੈ–

ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥
ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥ ੨ ॥ (੧੪)

[ਮ: ੫. ਵਾਰ ਬਿਹਾਗੜਾ, ਪੰਨਾ ੫੫੪

ਪਰ ਦੇਹੀ ਦੀ ਪਾਲਣਾ ਦੀ ਆੜ ਲੈ ਕੇ ਰਸਾਂ ਕਸਾਂ ਵਿਚ ਖੱਚਤ ਹੋ ਜਾਣਾ ਤੇ ਜੀਭ ਦੇ ਸੁਆਦ ਲਈ ਜਾਂ ਸਰੀਰਕ-ਸ਼ਕਤੀ ਵਧਾਉਣ ਦੇ ਲਾਲਚ ਅਧੀਨ ਜੀਵਾਂ ਦਾ ਸੰਘਾਰ ਕਰਨਾ ਪਰਵਿਰਤੀ ਵਿਚ ਖਚਤ ਹੋਣਾ ਹੈ । ਅੰਨ ਦਾ ਤਿਆਗ ਨਿਰਵਿਰਤੀ ਕਰਮ ਹੈ ਅਤੇ ਮਾਸ-ਭੋਜਨ ਪਰਵਿਰਤੀ ਵਿਚ ਖੱਚਤ ਕਰਮ । ਦੋਵੇਂ ਅਤਿ ਵਾਦੀ (extremist) ਕਰਮ ਹਨ । ਇਹ ਦੋਵੇਂ ਗੁਰਮਤਿ ਵਿਰੋਧੀ ਕਰਮ ਹਨ । ਪਰਵਿਰਤੀ ਵਿਚ ਨਿਰਵਿਰਤੀ ਦਾ ਧਾਰਨੀ ਹੋਣਾ, ਗੁਰਮਤਿ ਦੀ ਦ੍ਰਿੜ੍ਹਾਈ ਨਿਰਮਲ ਜੀਵਨ-ਜੁਗਤੀ ਹੈ ।

### ਨਿਰਮਲ ਜੀਵਨ-ਜੁਗਤਿ–

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪੰਜ ਪ੍ਰਬਲ ਮਾਨਸਕ ਜਜ਼ਬੇ ਹਨ, ਜੋ ਮਨੁਖ ਦੀ ਨਿਜੀ ਅਤੇ ਸਮਾਜਕ ਉਨਤੀ ਲਈ ਅਤਿ ਲੋੜੀਂਦੇ ਹਨ । ਜਿੰਨੀ ਦੇਰ ਤਕ ਇਹ ਯੋਗ ਸੀਮਾ ਤਕ ਰਹਿੰਦੇ ਹਨ, ਓਨੀ ਦੇਰ ਤਕ ਇਹ ਸਮੁੱਚੀ ਪ੍ਰਗਤੀ ਵਿਚ ਸਹਾਈ ਹੁੰਦੇ ਹਨ ਅਤੇ ਕੁਦਰਤ ਦੀ ਅਮੋਲਕ ਦਾਤਿ ਸਿਧ ਹੁੰਦੇ ਹਨ । ਗੁਰਵਾਕ ਹੈ–

ਕਾਮ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥
ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥੩॥

[ਬਸੰਤ ਮ: ੧, ਪੰਨਾ ੧੧੭੧

ਪਰ ਜਦੋਂ ਇਹ ਯੋਗ ਸੀਮਾ ਤੋਂ ਵਧ ਜਾਣ ਅਤੇ ਕਾਬੂ ਤੋਂ ਬਾਹਰ ਹੋ ਜਾਣ, ਭਾਵ ਮਨੁਖ ਇਨ੍ਹਾਂ ਦੇ

ਚਸਕਿਆਂ ਵਿਚ ਖੱਚਤ ਹੋ ਜਾਵੇ ਤਾਂ ਇਹ ਵਿਕਾਰ ਬਣ ਜਾਂਦੇ ਹਨ ਅਤੇ ਇਨ੍ਹਾਂ ਦੁਆਰਾ ਮਨੁਖ ਦੀ ਸ਼ੋਭਾ ਅਤੇ ਸ਼ਕਤੀ ਦਾ ਪਤਨ ਹੁੰਦਾ ਹੈ।

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥

[ਰਾਮਕਲੀ ਮ: ੧, ਓਅੰਕਾਰ, ਪੰਨਾ ੯੩੨

ਇਹ ਬੜਾ ਸੂਖਮ ਨੁਕਤਾ ਹੈ, ਜਿਸ ਨੂੰ ਸਮਝਣ ਨਾਲ ਜੀਵਨ ਅਨੰਦ-ਮਈ ਹੋ ਜਾਂਦਾ ਹੈ ਤੇ ਨਾ ਸਮਝਣ ਨਾਲ ਜੀਵਨ ਵਿਕਾਰੀ, ਰੋਗੀ ਅਤੇ ਦੁਖੀ ਹੋ ਜਾਂਦਾ ਹੈ।

ਵੈਦਕ ਵਿਚਾਰ-ਧਾਰਾ ਅਨੁਸਾਰ ਰੋਗ ਕੀ ਹੈ ? ਕਿਸੇ ਅਨਸਰ ਦਾ ਸਰੀਰ ਵਿਚ ਯੋਗ ਮਾਤਰਾ ਤੋਂ ਵੱਧ ਜਾਂ ਘਟ ਜਾਣਾ, ਭਾਵੇਂ ਉਹ ਕਿੰਨਾ ਹੀ ਮਹੱਤਵ ਪੂਰਨ ਅਨਸਰ ਕਿਉਂ ਨਾ ਹੋਵੇ। ਮਿਸਾਲ ਦੇ ਤੌਰ ਤੇ ਤੇਜ਼ਾਬੀ ਮਾਦੇ ਦੀ ਯੋਗ ਮਾਤਰਾ ਤਕ ਹੋਂਦ ਖ਼ੁਰਾਕ ਨੂੰ ਹਜ਼ਮ ਕਰਨ ਅਤੇ ਉਸ ਨੂੰ ਲਹੂ ਅਤੇ ਵੀਰਜ ਬਣਾਉਣ ਵਿਚ ਸਹਾਈ ਹੁੰਦੀ ਹੈ, ਪਰ ਇਸ ਦਾ ਯੋਗ ਮਾਤਰਾ ਤੋਂ ਵਧ ਜਾਂ ਘਟ ਜਾਣਾ ਇਕ ਰੋਗ ਹੈ।

ਸਿੱਟਾ ਇਹ ਹੈ ਕਿ ਜੀਵਨ-ਨਿਰਬਾਹ ਲਈ ਵਿਧਾਤਾ ਵਲੋਂ ਬਖਸ਼ੇ ਰਿਜ਼ਕ, ਭਾਵ ਅੰਨ-ਭੋਜਨ ਦਾ ਸੇਵਨ ਕਰਨਾ ਮਨੁਖ ਦਾ ਪ੍ਰਮੁਖ ਫਰਜ਼ ਹੈ, ਪਰ ਚਸਕਿਆਂ ਦੇ ਅਧੀਨ ਰਸਾਂ ਕਸਾਂ ਵਿਚ ਖੱਚਤ ਹੋਣਾ ਜਾਂ ਵਿਕਾਰਾਂ ਵਿਚ ਖੱਚਤ ਹੋ ਕੇ ਖੀਨ ਕੀਤੀ ਸ੍ਰੀਰਕ ਸਤਿਆ ਨੂੰ ਪੂਰੀ ਕਰਨ ਲਈ ਜੀਵ ਜੰਤੂਆਂ ਦੀ ਜੀਵਨ-ਸਤਾ ਉਤੇ ਛਾਪਾ ਮਾਰਨਾ ਪਾਪ-ਕਰਮ ਹੈ ਅਤੇ ਇਸ ਨਾਲ ਜੀਵਨ ਅਧੋਗਤੀ ਵਲ ਜਾਂਦਾ ਹੈ।

ਜੀਵਨ-ਨਿਰਬਾਹ ਲਈ ਭਗਤ-ਜਨਾਂ ਨੇ ਜੋ ਸਾਤਵਿਕ ਖਾਧ ਖ਼ੁਰਾਕ ਆਪਣੇ ਪ੍ਰਭੂ ਤੋਂ ਮੰਗੀ, ਉਹ ਗੁਰਬਾਣੀ ਵਿਚ ਅੰਕਿਤ ਹੈ–

ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥
ਹਉ ਮਾਂਗਉ ਸੰਤਨ ਰੇਨਾ ॥ ਮੈ ਨਾਹੀ ਕਿਸੀ ਕਾ ਦੇਨਾ ॥੧॥
ਮਾਧੋ ਕੈਸੀ ਬਨੈ ਤੁਮ ਸੰਗੇ ॥
ਆਪਿ ਨ ਦੇਹੁ ਤ ਲੇਵਉ ਮੰਗੇ ॥ਰਹਾਉ॥
ਦੁਇ ਸੇਰ ਮਾਂਗਉ ਚੂਨਾ ॥ ਪਾਉ ਘੀਉ ਸੰਗਿ ਲੂਨਾ ॥
ਅਧ ਸੇਰੁ ਮਾਂਗਉ ਦਾਲੇ ॥ ਮੋ ਕਉ ਦੋਨਉ ਵਖਤ ਜਿਵਾਲੇ॥੨॥
ਖਾਟ ਮਾਂਗਉ ਚਉਪਾਈ ॥ ਸਿਰਹਾਨਾ ਅਵਰ ਤੁਲਾਈ ॥
ਊਪਰ ਕਉ ਮਾਂਗਉ ਖੀਂਧਾ ॥ ਤੇਰੀ ਭਗਤਿ ਕਰੈ ਜਨੁ ਥੀਂਧਾ ॥੩॥
ਮੈ ਨਾਹੀ ਕੀਤਾ ਲਬੋ ॥ ਇਕੁ ਨਾਉ ਤੇਰਾ ਮੈ ਫਬੋ ॥
ਕਹਿ ਕਬੀਰ ਮਨੁ ਮਾਨਿਆ ॥ ਮਨੁ ਮਾਨਿਆ ਤਉ ਹਰਿ ਜਾਨਿਆ ॥੪॥੧੧॥

[ਸੋਰਠਿ ਕਬੀਰ ਜੀ, ਪੰਨਾ ੬੫੬

ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ਰਹਾਉ॥
ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥
ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥
ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥੪॥ [ਧਨਾਸਰੀ ਧੰਨਾ ਜੀ, ਪੰਨਾ ੬੯੫

ਗੁਰਬਾਣੀ ਦੀਆਂ ਉਪਰੋਕਤ ਉਦਾਹਰਣਾਂ ਦੀ ਰੌਸ਼ਨੀ ਵਿਚ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ

ਜਾਂਦੀ ਕਿ ਮਨੁਖ ਲਈ ਅੰਨ-ਭੋਜਨ ਦਾ ਸੇਵਨ ਕਰਨਾ ਕਦਾਚਿਤ ਪਾਪ-ਕਰਮ ਨਹੀਂ, ਸਗੋਂ ਅਜਿਹਾ ਕਰਨਾ ਮਨੁਖ ਦਾ ਪਰਮ ਧਰਮ ਹੈ ।

ਅੰਨ-ਭੋਜਨ ਅਤੇ ਮਾਸ-ਭੋਜਨ ਦੋਹਾਂ ਵਿਚ ਬੜਾ ਫ਼ਰਕ ਹੈ ਤੇ ਇਨ੍ਹਾਂ ਨੂੰ ਇਕੋ ਛਾਬੇ ਵਿਚ ਤੋਲਣਾ ਦਿਆਨਤਦਾਰੀ ਨਹੀਂ । ਇਸ ਸੂਖਮ ਫ਼ਰਕ ਨੂੰ ਦਰਸਾਉਣ ਲਈ ਦੋ ਉਦਾਹਰਣਾਂ ਪੇਸ਼ ਹਨ ।

**(ੳ) ਕੇਸਾ ਦੀ ਪਾਲਣਾ— ਕੇਸਾ ਦੀ ਬੇਅਦਬੀ—**

ਸਿਖ ਧਰਮ ਵਿਚ ਕੇਸਾਂ ਦੀ ਬੜੀ ਮਹੱਤਤਾ ਹੈ । ਕੇਸ ਗੁਰੂ ਕੀਆਂ ਮੁਹਰਾਂ ਹਨ । ਸੋ ਗੁਰੂ ਕੀ ਮੁਹਰ ਜਾਣ ਕੇ ਕੇਸਾਂ ਦੇ ਸਤਿਕਾਰ ਕਰਨ, ਅਥਵਾ ਕੇਸਾਂ ਦੀ ਪਾਲਣਾ ਅਤੇ ਸੇਵਾ-ਸੰਭਾਲ ਕਰਨ ਦਾ ਹੁਕਮ ਹੈ । ਇਸ ਮੰਤਵ ਲਈ ਰਹਿਤਨਾਮੇ ਵਿਚ ਹਰੇਕ ਸਿਖ ਨੂੰ ਸਵੇਰੇ ਸ਼ਾਮ ਦੋਵੇਂ ਵੇਲੇ ਕੇਸਾਂ ਨੂੰ ਕੰਘਾ ਕਰਨ ਦੀ ਹਦਾਇਤ ਹੈ—

ਕੰਘਾ ਦੋਨੋ ਵਕਤ ਕਰ ਪਾਗ ਚੁਨੇ ਕਰ ਬਾਧਈ ॥
ਦਾਤਨ ਨੀਤ ਕਰ ਨਾ ਦੁਖ ਪਾਏ ਲਾਲ ਜੀ ॥

ਕੇਸਾਂ ਨੂੰ ਕੰਘਾ ਕਰਦਿਆਂ ਕੁਦਰਤੀ ਤੌਰ ਤੇ ਕੁਝ ਮੁਰਦਾ ਹੋ ਚੁਕੇ ਕੇਸ ਸੀਸ ਤੋਂ ਵੱਖ ਹੋ ਕੇ ਕੰਘੇ ਵਿਚ ਆ ਜਾਂਦੇ ਹਨ, ਜਾਂ ਝੜ ਜਾਂਦੇ ਹਨ । ਦੂਜੇ ਪਾਸੇ ਕੁਝ ਵਿਅਕਤੀ ਫ਼ੈਸ਼ਨ-ਅਧੀਨ ਕੈਂਚੀ ਉਸਤਰੇ, ਬਲੇਡ ਨਾਲ ਕੇਸ ਲੁਹਾਉਂਦੇ ਹਨ । ਨਿਰਸੰਦੇਹ ਦੋਹਾਂ ਹਾਲਤਾਂ ਵਿਚ ਕੇਸ ਉਤਰਦੇ ਹਨ; ਪਰ ਕੇਸਾਂ ਤੇ ਕੰਘਾ ਫੇਰਨਾ ਕੇਸਾਂ ਦੀ ਪਾਲਣਾ ਅਤੇ ਸੰਭਾਲ ਵਿਚ ਸ਼ਾਮਲ ਹੈ ਅਤੇ ਸ਼ਲਾਘਾ ਯੋਗ ਕਰਮ ਹੈ, ਅਤੇ ਕੇਸਾਂ ਤੇ ਉਸਤਰਾ ਜਾਂ ਕੈਂਚੀ ਆਦਿ ਫੇਰਨਾ ਪਤਿਤ-ਕਰਮ ਹੈ, ਅਤੇ ਇਸ ਦੀ ਕਰੜੀ ਮਨਾਹੀ ਹੈ । ਉਪਰੋਕਤ ਦੋਹਾਂ ਕਿਸਮਾਂ ਦੇ ਕਰਮਾਂ ਦਾ ਫ਼ਰਕ ਸਪੱਸ਼ਟ ਹੈ: ਇਕ ਰਹਿਤ ਦਾ ਅੰਗ ਹੈ ਅਤੇ ਹੁਕਮਨ ਕੀਤਾ ਜਾਣਾ ਜ਼ਰੂਰੀ ਹੈ, ਦੂਜਾ ਬੱਜਰ ਕੁਰਹਿਤ ਹੈ ਤੇ ਇਸ ਦੀ ਹੁਕਮਨ ਮਨਾਹੀ ਹੈ; ਭਾਵੇਂ ਕੇਸਾਂ ਦਾ ਉਤਰਨਾ ਦੋਹਾਂ ਕਰਮਾਂ ਵਿਚ ਹੀ ਹੁੰਦਾ ਹੈ ।

**(ਅ) ਨਿਜ-ਨਾਰੀ ਦਾ ਸੰਗ— ਪਰ-ਨਾਰੀ ਦਾ ਸੰਗ—**

ਸਿਖ ਧਰਮ ਵਿਚ ਗ੍ਰਿਹਸਤ ਜੀਵਨ ਦੀ ਪ੍ਰਧਾਨਤਾ ਹੈ । ਸਾਡੇ ਗੁਰੂ ਸਾਹਿਬਾਨ ਗ੍ਰਿਹਸਤੀ ਹੋਏ ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਤਿਹਾਸ ਵਿਚ ਅੰਕਿਤ ਪਾਵਨ ਬਚਨਾਂ ਅਨੁਸਾਰ "ਔਰਤ ਈਮਾਨ ਹੈ" । ਪਰ ਗੁਰਸਿਖ ਗ੍ਰਿਹਸਤੀ ਲਈ ਗੁਰਮਤਿ ਦਾ ਉਪਦੇਸ਼ ਹੈ—

ਏਕਾ ਨਾਰੀ ਜਤੀ ਹੋਇ ਪਰ-ਨਾਰੀ ਧੀ ਭੈਣ ਵਖਾਣੈ ॥੮॥ [ਭਾਈ ਗੁਰਦਾਸ ਜੀ, ਵਾਰ ੬

ਪਰ-ਨਾਰੀ ਦਾ ਸੰਗ ਸਿੱਖੀ ਵਿਚ ਪਤਿਤ ਕਰਮ ਗਰਦਾਨਿਆ ਗਿਆ ਹੈ ਅਤੇ ਇਸ ਦੀ ਮਨਾਹੀ ਹੈ ।

ਨਿਜ ਨਾਰੀ ਕੇ ਸੰਗਿ ਨੇਹੁ ਤੁਮ ਨਿਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥ [ਰੂਪ ਕੁਅਰ ਪ੍ਰਥਾਏ, ਪਾ: ੧੦

ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾਲਾਜੀਅਹਿ ॥੮॥ [ਫੁਨਹੇ ਮ: ੫, ਪੰਨਾ ੧੩੬੨

ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ ॥੪॥ [ਭਾਈ ਗੁਰਦਾਸ ਜੀ, ਵਾਰ ੬

ਪਰ ਬੇਟੀ ਕੋ ਬੇਟੀ ਜਾਨੈ ॥ ਪਰ ਇਸਤ੍ਰੀ ਕੋ ਮਾਤ ਬਖਾਨੈ ॥
ਅਪਨੀ ਇਸਤ੍ਰੀ ਸੋ ਹਿਤ ਹੋਈ ॥ ਰਹਤਵਾਨ ਗੁਰ ਕਾ ਸਿਖ ਸੋਈ ॥

[ਰਹਿਤਨਾਮਾ ਭਾਈ ਦੇਸਾ ਸਿੰਘ ਜੀ

ਜੇ ਕੋਈ ਵਿਗੜਿਆ ਤਿਗੜਿਆ ਪਰ-ਤ੍ਰਿਆ-ਗਾਮੀ ਵਿਕਾਰੀ ਮਨੁਖ ਆਪਣੇ ਵਿਕਾਰ ਨੂੰ ਲੁਕਾਉਣ ਲਈ ਜਾਂ ਠੀਕ ਸਿਧ ਕਰਨ ਲਈ ਇਹ ਹੁਜਤ ਕਰੇ ਕਿ ਗ੍ਰਿਹਸਤੀ ਵੀ ਭੋਗੀ ਹੈ ਤੇ ਪਰ-ਨਾਰੀ-ਗਾਮੀ ਵੀ ਭੋਗ

ਹੈ, ਤੇ ਏਸ ਤਰ੍ਹਾਂ ਦੋਹਾਂ ਵਿਚ ਕੋਈ ਫਰਕ ਨਹੀਂ,ਤਾਂ ਗੁਰਬਾਣੀ ਦਾ ਡੰਡਾ ਪਟਾਕ ਉਸਦੇ ਸਿਰ ਵਿਚ ਵਜਦਾ ਹੈ–

ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥੧॥
ਰੇ ਨਰ ਕਾਹਿ ਪਰ ਗ੍ਰਿਹਿ ਜਾਇ ॥
ਕੁਚਿਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮਰਾਇ ॥੧॥ਰਹਾਉ॥

[ਮਾਰੂ ਮ: ੫, ਪੰਨਾ ੧੦੦੧

ਜੈਸਾ ਸੰਗੁ ਬਿਸੀਅਰਿ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥ [ਆਸਾ ਮ: ੫, ਪੰਨਾ ੬੦੩

ਉਪਰੋਕਤ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ ਗ੍ਰਿਹਸਤ-ਪ੍ਰਵੇਸ਼ ਸੰਸਾਰ ਦੀ ਵਿਰਧੀ ਲਈ ਕੁਦਰਤੀ ਨਿਯਮਾਂ ਦੇ ਅਨਕੂਲ ਹੈ, ਪੁੰਨ ਕਰਮ ਹੈ, ਗੁਰਮਤਿ ਅਨੁਸਾਰ ਇਸ ਦਾ ਵਿਧਾਨ ਹੈ, ਪਰ ਇਸ ਦੇ ਉਲਟ ਪਰ-ਨਾਰੀ ਦਾ ਸੰਗ ਮਨੁਖੀ ਸਮਾਜ ਦੇ ਪਤਨ ਦਾ ਪਰਮੁਖ ਕਾਰਨ ਹੈ, ਪਾਪ ਹੈ ਅਤੇ ਗੁਰਮਤਿ ਅਨੁਸਾਰ ਇਸ ਦੀ ਨਿਖੇਧੀ ਹੈ, ਭਾਵੇਂ ਭੋਗ ਕਿਰਿਆ ਦੋਹਾਂ ਹਾਲਤਾਂ ਵਿਚ ਅਵੱਸ਼ ਹੈ।

ਸੋ ਜਿਸ ਕਿਸਮ ਦਾ ਫਰਕ ਕੰਘਾ ਕਰਦਿਆਂ ਕੇਸਾਂ ਦੇ ਉਤਰਨ ਵਿਚ ਅਤੇ ਕੈਂਚੀ ਉਸਤਰੇ ਨਾਲ ਉਤਾਰਨ ਵਿਚ ਹੈ, ਅਤੇ ਜੋ ਫ਼ਰਕ ਨਿਜ-ਨਾਰੀ ਦੇ ਸੰਗ ਅਤੇ ਪਰ-ਨਾਰੀ ਦੇ ਸੰਗ ਵਿਚ ਹੈ, ਓਹੋ ਜਿਹਾ ਫ਼ਰਕ ਅੰਨ-ਭੋਜਨ ਤੇ ਮਾਸ-ਭੋਜਨ ਵਿਚ ਹੈ। ਇਨ੍ਹਾਂ ਵਿਚੋਂ ਇਕ ਪੁੰਨ-ਕਰਮ ਹੈ ਅਤੇ ਦੂਜਾ ਵਿਕਾਰ। ਅੰਨ-ਭੋਜਨ ਅਤੇ ਮਾਸ-ਭੋਜਨ ਵਿਚ ਫਰਕ ਨਿਰੂਪਨ ਕਰਨ ਲਈ ਕੁਝ ਠੋਸ ਦਲੀਲਾਂ ਦਿਤੀਆਂ ਗਈਆਂ ਹਨ, ਪਰ ਹਠ-ਧਰਮੀ ਵਾਲਾ ਰਵੱਈਆ ਕਿਸੇ ਦਲੀਲ ਨੂੰ ਸਵੀਕਾਰ ਨਹੀਂ ਕਰਦਾ, ਭਾਵੇਂ ਕਿੰਨੀ ਨਿਗਰ ਤੇ ਢੁਕਵੀਂ ਹੋਵੇ, ਬਿਬੇਕ ਬੁਧੀ ਨਾਲ ਵਿਚਾਰਿਆਂ ਗੱਲ ਸਪੱਸ਼ਟ ਹੋ ਜਾਂਦੀ ਹੈ।

ਉਪਰ ਇਹ ਪੱਖ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਅੰਨ-ਭੋਜਨ ਤੇ ਮਾਸ-ਭੋਜਨ ਦੋਹਾਂ ਵਿਚ ਫ਼ਰਕ ਹੈ ਅਤੇ ਦੋਹਾਂ ਨੂੰ ਇਕੋ ਛਾਬੇ ਤੋਲਣਾ ਅੱਨਿਆਂ ਹੈ। ਪਰ ਨਿਗਰ ਤੇ ਢੁਕਵੀਆਂ ਦਲੀਲਾਂ ਦੇ ਬਾਵਜੂਦ ਗੁਰਬਾਣੀ ਦੇ ਅੰਦਰਲੇ ਨਿਰਣੇ ਨਾਲ ਹੀ ਤਸੱਲੀ ਹੋ ਸਕਦੀ ਹੈ।

ਗੁਰਬਾਣੀ ਵਿਚੋਂ ਜਿਥੇ ਅੰਨ-ਭੋਜਨ ਦਾ ਵਿਧਾਨ ਮਿਲਦਾ ਹੈ ਓਥੇ ਮਾਸ-ਭੋਜਨ ਦੀ ਸਪੱਸ਼ਟ ਨਿਖੇਧੀ ਮਿਲਦੀ ਹੈ। ਜਦੋਂ ਦੋ ਵਿਰੋਧੀ ਪਦਾਰਥਾਂ ਦਾ ਇਕੋ ਥਾਵੇਂ ਵਰਨਣ ਕਰ ਕੇ ਇਕ ਦਾ ਵਿਧਾਨ ਤੇ ਦੂਜੇ ਦੀ ਨਿਖੇਧੀ ਕੀਤੀ ਜਾਵੇ ਤਾਂ ਇਹ ਨਿਰਣਾ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ ?

ਗੁਰਬਾਣੀ ਵਿਚ ਸਪੱਸ਼ਟ ਨਿਰਣਾ ਹੈ। ਜੇ ਕੋਈ ਮੰਨਣੋਂ ਇਨਕਾਰ ਕਰੇ ਤਾਂ ਉਸ ਦੀ ਮਰਜ਼ੀ। ਮਿਸਲ ਪ੍ਰਸਿਧ ਹੈ : ਮੋਏ ਮੁਕਰੇ ਦਾ ਕੋਈ ਇਲਾਜ ਨਹੀਂ। ਨਿਰਣਾ ਇਉਂ ਹੈ :–

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੮੭॥
ਹੇਰਾ–ਮਾਸ। [ਸਲੋਕ ਕਬੀਰ ਜੀ, ਪੰਨਾ ੧੩੭੪

## *ਮਾਸ ਅਤੇ ਬਹਾਦਰੀ–*

ਬਹਾਦਰੀ ਦਾ ਮਾਸ ਖਾਣ ਜਾਂ ਨਾ ਖਾਣ ਨਾਲ ਕੋਈ ਸੰਬੰਧ ਨਹੀਂ। ਬਹਾਦਰੀ ਇਕ ਮਾਨਸਕ ਜਜ਼ਬਾ ਹੈ, ਜੋ ਸ੍ਵੈ-ਕੁਰਬਾਨੀ ਦੀ ਉਪਜ ਹੈ। ਜ਼ਾਲਮ ਮਨੁਖ ਆਪਣੇ ਹਿਤ ਲਈ ਕਿਸੇ ਨੂੰ ਕੁਰਬਾਨ ਕਰਦਾ ਹੈ, ਬਹਾਦਰ ਮਨੁਖ ਕਿਸੇ ਆਦਰਸ਼ ਅਧੀਨ ਸ੍ਵੈ-ਕੁਰਬਾਨੀ ਲਈ ਸਦਾ ਤਤਪਰ ਰਹਿੰਦਾ ਹੈ। ਜ਼ਾਲਮ-ਮੁਗ਼ਲ ਫੌਜਾਂ ਵਿਰੁਧ ਧਰਮ-ਯੁਧ ਕਰ ਰਹੀਆਂ ਖਾਲਸਾ ਫੌਜਾਂ ਦੀ ਬਹਾਦਰੀ ਦਾ ਗੌਰਵ-ਮਈ ਵਰਨਣ ਅਸੀਂ ਇਤਿਹਾਸ ਵਿਚ ਆਮ ਪੜ੍ਹਦੇ ਸੁਣਦੇ ਹਾਂ ਕਿ ਓਧਰ ਮੁਗ਼ਲਾਂ ਦੀ ਫ਼ੌਜ ਵਿਚ ਪੂਰਾ ਪੂਰਾ ਦੁੰਬਾ ਖਾਣ ਵਾਲੇ ਗਿਲਜ਼ੇ ਸਨ ਤੇ ਏਧਰ ਗੁਰੂ

ਕੀ ਫ਼ੌਜ ਵਿਚ ਮੁੱਠ ਮੁੱਠ ਛੋਲੇ ਖਾ ਕੇ ਉਦਰ-ਪੂਰਨਾ ਕਰਨ ਵਾਲੇ ਸਰੀਰਕ ਤੌਰ ਤੇ ਦੁਬਲੇ ਪਤਲੇ, ਪਰ ਮਨ ਕਰਕੇ ਬਲਵਾਨ ਤੇ ਬੀਰ-ਬਹਾਦਰ ਸਨ । ਅਤੇ ਇਨ੍ਹਾਂ ਸੂਰਮਿਆਂ ਨੇ ਗੁਰੂ ਕੇ ਨਾਮ ਅੰਮ੍ਰਿਤ ਦੀ ਸ਼ਕਤੀ ਦੇ ਸਿਰ-ਸਦਕੇ ਮੁਗ਼ਲ ਫ਼ੌਜਾਂ ਦੇ ਛਕੇ ਛੁੜਾ ਦਿਤੇ ।

ਜੇ ਬਹਾਦਰੀ ਦਾ ਅਧਾਰ ਮਾਸ ਖਾਣ ਤੇ ਹੁੰਦਾ ਤਾਂ ਖਾਲਸਾ ਫ਼ੌਜਾਂ ਮੁਗ਼ਲ ਫ਼ੌਜਾਂ ਦੇ ਮੁਕਾਬਲੇ ਵਿਚ ਕਦਾਚਿਤ ਠਹਿਰ ਨਾ ਸਕਦੀਆਂ । ਪਰ ਬਹਾਦਰੀ ਦਾ ਭੇਤ ਆਤਮਾ ਦੇ ਬਲਵਾਨ ਹੋਣ ਵਿਚ ਲੁਕਿਆ ਹੋਇਆ ਹੈ, ਅਤੇ ਆਤਮਾ ਬਲਵਾਨ ਹੁੰਦੀ ਹੈ ਆਪਾ ਚੀਨ ਕੇ ਅਤੇ ਆਪਾ-ਭਾਵ ਨਿਵਾਰ ਕੇ ।

ਮਾੜੇ ਉਤੇ ਤਾਂ ਹਰ ਕੋਈ ਸ਼ੇਰ ਹੁੰਦਾ ਹੈ । ਬਹਾਦਰੀ ਦਾ ਪਤਾ ਤਾਂ ਓਦੋਂ ਲਗਦਾ ਹੈ ਜਦੋਂ ਵਾਹ ਕਿਸੇ ਤਕੜੇ ਨਾਲ ਪਵੇ । ਵਿਚਾਰੇ ਤਿਤਰਾਂ, ਬਟੇਰਿਆਂ, ਮੁਰਗਿਆਂ ਤੇ ਬਕਰਿਆਂ ਨੂੰ ਮਾਰ ਕੇ ਬਹਾਦਰੀ ਦਾ ਦਾਅਵਾ ਬੰਨ੍ਹਣਾ ਹਾਸੋ-ਹੀਣਾ ਕਰਤੱਵ ਹੈ ।

ਅਸਲੀਅਤ ਸਗੋਂ ਇਸ ਦੇ ਉਲਟ ਹੈ । ਛੋਟੇ ਛੋਟੇ ਨਿਤਾਣੇ ਜੀਵ ਜੰਤੂਆਂ ਤੇ ਜ਼ੋਰ ਜ਼ਬਰ ਕਰ ਕੇ, ਉਹਨਾਂ ਨੂੰ ਮਾਰ ਕੇ ਖਾਣ ਨਾਲ ਮਨੁਖ ਦੀ ਆਤਮਾ ਨਿਰਬਲ ਹੁੰਦੀ ਹੈ ਤੇ ਇਸ ਤਰ੍ਹਾਂ ਉਸ ਵਿਚ ਕਾਇਰਤਾ ਪਰਵੇਸ਼ ਹੁੰਦੀ ਹੈ । ਮਾਰਨ ਲਈ ਪਸ਼ੂ-ਪੰਛੀਆਂ ਨੂੰ ਜਦੋਂ ਝਟਕਈ ਫੜਦਾ ਹੈ ਤਾਂ ਉਹ ਮੌਤ ਦੇ ਡਰ ਨਾਲ ਸਹਿਮ ਜਾਂਦੇ ਹਨ ਅਤੇ ਆਪਣੀ ਜਾਨ ਬਚਾਣ ਲਈ ਉਸ ਦੇ ਹੱਥੋਂ ਨਿਕਲ ਨਿਕਲ ਜਾਂਦੇ ਹਨ । ਮਰਨ ਲਗਿਆਂ ਉਨ੍ਹਾਂ ਅੰਦਰ ਹੀਣਤਾ ਤੇ ਬੇਬਸੀ ਦੇ ਭਾਵ ਹਾਵੀ ਹੁੰਦੇ ਹਨ । ਸੋ ਅਜਿਹੀ ਹੀਣਤਾ ਭਰੀ ਮਾਨਸਕ ਅਵਸਥਾ ਵਿਚ ਮੋਏ ਜਾਨਵਰਾਂ ਦਾ ਮਾਸ ਖਾ ਕੇ ਮਨੁਖ ਵਿਚ ਬਹਾਦਰੀ ਕਿਵੇਂ ਪਰਵੇਸ਼ ਕਰ ਸਕਦੀ ਹੈ ? ਪਰਸਿਧ ਅਤੇ ਮੰਨੀ-ਪ੍ਰਮੰਨੀ ਕਹਾਵਤ ਹੈ—ਜੈਸਾ 'ਅੰਨ' ਤੈਸਾ 'ਮਨ' । ਡਰਪੋਕ ਅਤੇ ਹੀਣੇ ਜਾਨਵਰ ਦਾ ਮਾਸ ਖਾ ਕੇ ਮਨੁਖ ਵਿਚ ਹੀਣਤਾ ਹੀ ਪਰਵੇਸ਼ ਕਰੇਗੀ ।

ਗੁਰਮਤਿ ਦੇ ਝਰੋਖੇ ਚੋਂ ਦੇਖਿਆਂ ਸੂਰਮਗਤੀ ਦੀ ਸਹੀ ਸੋਝੀ ਹੁੰਦੀ ਹੈ । ਗੁਰਬਾਣੀ ਅਨੁਸਾਰ ਅਸਲੀ ਸੂਰਮਾ ਉਹ ਹੈ ਜੋ ਵਾਹਿਗੁਰੂ ਦੇ ਪ੍ਰੇਮ-ਰੰਗ ਵਿਚ ਰੰਗਿਆ ਹੋਇਆ ਹੋਵੇ ਅਤੇ ਪ੍ਰੇਮ-ਰੰਗ ਦੇ ਤੁਫ਼ੈਲ ਉਸ ਵਿਚੋਂ ਮੌਤ ਦਾ ਭੈ ਨਿਕਲ ਚੁਕਾ ਹੋਵੇ ।

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥ (੬੮੦)

ਇਸ ਪਦ ਦੀ ਵਧੇਰੇ ਵਿਆਖਿਆ ਕਰਦਿਆਂ ਗੁਰਬਾਣੀ ਵਿਚ ਅਸਲੀ ਸੂਰਮਿਆਂ ਅਤੇ ਅਖੌਤੀ ਸੂਰ-ਮਿਆਂ ਦੇ ਲੱਛਣ ਵੀ ਨਿਰੂਪਨ ਕੀਤੇ ਹੋਏ ਹਨ, ਤਾਂ ਜੁ ਕਿਸੇ ਨੂੰ ਕੋਈ ਟਪਲਾ ਜਾਂ ਤੌਖਲਾ ਨਾ ਲਗੇ :—

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥
ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥
ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥
ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥
ਅਹੰਕਾਰਿ ਮੂਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ ॥੯॥

[ਮਾਰੂ ਵਾਰ ਮ: ੩, ਪੰਨਾ ੧੦੮੯

ਸੂਰਮੇ ਦੀ ਪਰਖ ਇਹ ਹੈ ਕਿ ਉਹ ਦੀਨਾਂ ਦੁਖੀਆਂ ਦੀ ਖਾਤਰ ਆਪਣੀ ਜਾਨ ਦੀ ਬਾਜ਼ੀ ਤਕ ਲਾ ਦੇਂਦਾ ਹੈ :—

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ (੧੧੦੫)

ਪਰ ਇਸ ਦੇ ਉਲਟ ਜੋ ਮਨੁਖ ਦੀਨਾਂ, ਮਜ਼ਲੂਮਾਂ, ਭਾਵ ਬੇਜ਼ਬਾਨ ਤੇ ਮਸੂਮ ਪਸ਼ੂ ਪੰਛੀਆਂ ਉਤੇ ਜ਼ੋਰ-ਜ਼ੁਲਮ ਢਾਹ ਕੇ ਆਪਣੀ ਜੀਭ ਦੇ ਸੁਆਦ ਲਈ, ਜਾਂ ਵਿਕਾਰਾਂ ਵਿਚ ਖੀਨ ਹੋਈ ਸਤਾ ਨੂੰ ਮੁੜ ਬਹਾਲ ਕਰਨ

ਲਈ, ਉਨ੍ਹਾਂ ਦਾ ਖੂਨ ਪੀਂਦਾ ਹੈ, ਉਸ ਦੀ ਸੂਰਮਗਤੀ ਦੀ ਫੜ, ਅਕਲ ਦਾ ਦਿਵਾਲਾ-ਪਣ ਨਹੀਂ ਤਾਂ ਹੋਰ ਕੀ ਹੈ ?

**ਮਾਸ-ਭੋਜਨ, ਇਤਿਹਾਸਕ ਪੱਖ–**

ਡਾਕਟਰ ਜੀਤ ਸਿੰਘ ਸੀਤਲ ਨੇ ਆਪਣੇ ਲੇਖ ਵਿਚ ਦੋ ਇਤਿਹਾਸਕ ਹਵਾਲੇ ਦੇਂਦਿਆਂ ਹੋਇਆਂ ਮਾਸ ਖਾਧੇ ਜਾਣ ਦੀ ਪੁਸ਼ਟੀ ਕੀਤੀ ਹੈ :–

(੧) ਜਨਮ-ਸਾਖੀਆਂ ਵਿਚ ਕੁਰਕਸ਼ੇਤਰ ਦੀ ਸਾਖੀ ਆਉਂਦੀ ਹੈ, ਜਿਥੇ ਗੁਰੂ ਨਾਨਕ ਨੇ ਸਰੋਵਰ ਦੀ ਪ੍ਰਕਰਮਾ ਵਿਚ ਸ਼ਿਕਾਰ ਕੀਤੇ ਹੋਏ ਤੇ ਇਕ ਭਗਤ ਰਾਜੇ ਵਲੋਂ ਭੇਟਾ ਕੀਤੇ ਹਿਰਨ ਦਾ ਮਾਸ ਚੁਲ੍ਹੇ ਤੇ ਪਕਾਇਆ। ਦੇਗ ਦਾ **ਢੱਕਣ ਲਾਹੁਣ ਪੁਰ ਉਹ ਚਾਵਲ ਬਣ ਗਏ।**

[ਸਿੰਘ ਸਭਾ ਪਤ੍ਰਿਕਾ–ਪੰਨਾ ੫੪

(੨) ਲੰਗਰ ਵਿਚ ਮਾਸ ਬਣ ਰਿਹਾ ਸੀ ਤੇ ਗੁਰੂ ਅੰਗਦ ਦੇਵ ਪਾਸ ਮਾਸ ਦਾ ਕੌਲਾ ਸੀ। ਗੁਰੂ ਅਮਰਦਾਸ ਵੈਸ਼ਨਵ ਭਗਤ ਸਨ। ਉਹ ਵੈਸ਼ਨਵ ਭੋਜਨ ਛਕਣਾ ਚਾਹੁੰਦੇ ਸਨ, ਤਾਂ ਗੁਰੂ ਅੰਗਦ ਸਾਹਿਬ ਨੇ ਲਾਂਗਰੀ ਨੂੰ ਵੈਸ਼ਨਵ ਭੋਜਨ ਦੇਣ ਲਈ ਕਿਹਾ। ਪਰ ਫਿਰ ਅਮਰਦਾਸ ਜੀ ਦੇ ਮਨ ਵਿਚ ਸੰਕਲਪ ਉਠਿਆ, ਕਿ ਜੇ ਗੁਰੂ ਅੰਗਦ ਦੇਵ ਸਾਹਿਬ ਆਪਣੇ ਕੌਲੇ ਵਾਲਾ ਮਹਾਂ ਪ੍ਰਸ਼ਾਦ (ਮਾਸ) ਮੈਨੂੰ ਬਖਸ਼ ਦੇਣ ਤਾਂ ਮੇਰੇ ਉਚੇ ਭਾਗ। ਇਸ ਪੁਰ ਉਹਨਾਂ ਲਾਂਗਰੀ ਨੂੰ ਗੁਰੂ ਅੰਗਦ ਸਾਹਿਬ ਵਾਲਾ ਕੌਲਾ ਲਿਆਉਣ ਲਈ ਬੇਨਤੀ ਕੀਤੀ। ਕੌਲਾ ਛਕਣ ਉਪਰੰਤ ਅਮਰਦਾਸ ਜੀ ਦੇ ਕਪਾਟ ਖੁਲ੍ਹ ਗਏ।

[ਸਿੰਘ ਸਭਾ ਪਤ੍ਰਿਕਾ, ਪੰਨਾ ੫੪

ਇਸ ਸੰਬੰਧ ਵਿਚ ਟਿਪਣੀ ਕਰਨ ਤੋਂ ਪਹਿਲਾਂ ਡਾਕਟਰ ਸਾਹਿਬ ਤੋਂ ਇਹ ਪੁਛੇ ਜਾਣ ਦੀ ਲੋੜ ਹੈ ਕਿ–

(੧) ਕੁਰੂਕਸ਼ੇਤਰ ਵਿਚ ਪਕਾਏ ਗਏ ਮਾਸ ਦੀ ਹਾਂਡੀ ਵਿਚੋਂ ਢਕਣ ਚੁਕਣ ਤੇ ਚੌਲ ਕਿਉਂ ਨਿਕਲੇ ? ਮਾਸ ਤਾਂ ਹੋਇਆ **ਉਤਮ ਪਦਾਰਥ** (**ਮਹਾਂ ਪ੍ਰਸ਼ਾਦ** !), ਸਤਿਗੁਰਾਂ ਦੀ ਦ੍ਰਿਸ਼ਟੀ ਪੈਣ ਨਾਲ ਇਹ ਵਧੇਰੇ ਉਤਮ ਹੋ ਜਾਣਾ ਚਾਹੀਦਾ ਸੀ, ਪਰ ਇਹ ਘਟੀਆ ਕਿਸਮ ਦਾ ਪਦਾਰਥ (ਚੌਲ) ਕਿਉਂ ਹੋ ਨਿਬੜਿਆ ? ਜੇ ਗੁਰੂ ਨਾਨਕ ਸਾਹਿਬ ਨੇ ਇਸ ਘਟਨਾ ਦੁਆਰਾ ਜੀਵਾਂ ਨੂੰ ਮਾਰ ਕੇ ਮਾਸ ਖਾਣ ਦੀ ਵਕਾਲਤ ਕੀਤੀ ਸੀ ਜਿਵੇਂ ਡਾਕਟਰ ਸਾਹਿਬ ਦਸਦੇ ਹਨ ਤਾਂ ਫਿਰ ਇਸ **ਮਹਾਂ ਪ੍ਰਸ਼ਾਦ** ਦਾ ਛਾਂਦਾ ਵਰਤਾ ਕੇ ਸਾਰਿਆਂ ਦੇ ਕਪਾਟ ਖੋਲ੍ਹਣ ਦੀ ਥਾਵੇਂ, ਫਿਰ ਉਹਨਾਂ ਭਾਤ-ਖਾਣੇ ਪਾਂਡਿਆਂ ਦੇ ਪਲੇ ਚੌਲ ਹੀ ਕਿਉਂ ਪਾਏ ?

(੨) (ੳ) ਕਪਾਟ-ਖੋਹਲੂ ਪਦਾਰਥ(ਮਾਸ) ਗੁਰੂ ਕੇ ਲੰਗਰ ਵਿਚ ਬਣਾਏ ਜਾਣਾ ਕਿਉਂ ਅਤੇ ਕਦੋਂ ਤੋਂ ਬੰਦ ਕੀਤਾ ਗਿਆ ? ਕੀ ਪਹਿਲਾਂ ਮਨ-ਮਤ ਸੀ ਕਿ ਹੁਣ ਮਨ-ਮਤ ਹੈ ?

(ਅ) ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਪਕਾਏ ਜਾਣ ਵਾਲੇ ਮਹੱਤਵ ਪੂਰਨ ਪਦਾਰਥਾਂ ਦਾ ਵਰਨਣ ਭਾਈ ਸਤਾ ਜੀ ਤੇ ਭਾਈ ਬਲਵੰਡ ਜੀ ਨੇ, ਜੋ ਗੁਰੂ ਸਾਹਿਬ ਦੇ ਦਰਬਾਰੀ ਢਾਢੀ ਸਨ, ਆਪਣੀ ਵਾਰ ਵਿਚ ਦੋ ਵਾਰੀ ਕੀਤਾ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਉਂ ਦਰਜ ਹੈ :–

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥੩॥ (੯੬੭)

ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥੬॥ (੯੬੮)

ਇਸ ਵਾਰ ਵਿਚ ਹਜ਼ੂਰੀ ਢਾਢੀਆਂ ਵਲੋਂ ਕਪਾਟ-ਖੋਹਲੂ, ਪਦਾਰਥ (ਮਾਸ) ਦਾ ਵਰਨਣ ਕਿਉਂ ਨਹੀਂ ਕੀਤਾ ਮਿਲਦਾ ?

## ਇਤਿਹਾਸ ਵਿਚ ਰਲੇ–

ਗੁਰਬਾਣੀ ਵਿਚੋਂ, ਜੀਵ-ਹਤਿਆ ਕਰ ਕੇ ਮਾਸ ਖਾਣ ਦੇ ਹੱਕ ਵਿਚ ਕੁਝ ਨ ਮਿਲਦਾ ਵੇਖ ਕੇ ਸਾਡੇ ਮਾਸਾਹਾਰੀ ਵੀਰ ਮਾਸ ਖਾਣ ਦੀ ਪੁਸ਼ਟੀ ਵਿਚ ਇਤਿਹਾਸ ਅਤੇ ਰਹਿਤਨਾਮਿਆਂ ਵਿਚੋਂ ਕੁਝ ਹਵਾਲੇ ਦੇਂਦੇ ਹਨ। ਇਤਿਹਾਸ ਅਤੇ ਰਹਿਤਨਾਮਿਆਂ ਵਿਚ ਧਰਮ ਦੇ ਦੋਖੀਆਂ ਨੇ ਬੜੇ ਪ੍ਰਬੀਨ ਢੰਗ ਨਾਲ ਰਲੇ ਪਾਏ ਹੋਏ ਹਨ, ਜਿਸ ਦੇ ਫਲ-ਸਰੂਪ ਇਹਨਾਂ ਵਿਚ ਮਾਸ ਖਾਣ ਦੇ ਹੱਕ ਵਿਚ ਵੀ ਹਵਾਲੇ ਮਿਲਦੇ ਹਨ ਅਤੇ ਇਸ ਦੇ ਵਿਰੋਧ ਵਿਚ ਵੀ।

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਆਪਣੀ ਪੁਸਤਕ 'ਗੁਰਮਤਿ ਮਾਰਤੰਡ' ਦੀ ਭੂਮਿਕਾ ਵਿਚ ਕੁਝ ਅਜਿਹੇ ਭੁਲੇਖਿਆਂ ਦੀਆਂ ਉਦਾਹਰਣਾਂ ਦਿਤੀਆਂ ਹਨ, ਜਿਨ੍ਹਾਂ ਨੂੰ ਹੂ-ਬ-ਹੂ ਥਲੇ ਦਿਤਾ ਜਾਂਦਾ ਹੈ :–

> "ਸਾਡੇ ਮੱਤ ਦੇ ਕਵੀਆਂ ਨੇ ਅਨਯਮਤੀ ਗ੍ਰੰਥ-ਕਾਰਾਂ ਦੀ ਨਕਲ ਕਰਦੇ ਹੋਏ ਇਹ ਭਾਰੀ ਭੁੱਲ ਕੀਤੀ ਹੈ ਕਿ ਸਮਾਜ, ਨੀਤੀ ਤੇ ਧਰਮ ਆਦਿਕ ਦੇ ਵਿਸ਼ਯ ਇਕੱਠੇ ਕਰ ਕੇ ਸਭ ਨੂੰ ਮਜ਼ਹਬੀ ਰੰਗਤ ਦੇ ਦਿਤੀ ਹੈ। ਬਿਨਾ ਛਾਣ-ਬੀਣ ਕੀਤੇ ਅਨੇਕ ਪ੍ਰਸੰਗ ਐਸੇ ਲਿਖੇ ਹਨ, ਜੋ ਮੂਲੋਂ ਨਿਰਮੂਲ, ਅਥਵਾ ਗੁਰਮਤਿ ਤੋਂ ਦੂਰ ਲੈ ਜਾਣ ਵਾਲੇ ਹਨ। ... ... ਇਹ ਸੁਭਾਵਿਕ ਗੱਲ ਹੈ ਕਿ ਜਦ ਅਸੀਂ ਆਪਣੇ ਮੱਤ ਦੇ ਪੁਸਤਕਾਂ ਵਿਚ ਵਿਰੋਧ ਦੇਖਦੇ ਹਾਂ ਤਾਂ ਮਨ ਭ੍ਰਮ-ਚੱਕ੍ਰ ਵਿਚ ਪੈ ਜਾਂਦਾ ਹੈ ਅਤੇ ਸਾਨੂੰ ਇਹ ਨਿਰਣਾ ਕਰਨਾ ਔਖਾ ਹੋਂਦਾ ਹੈ ਕਿ ਗੁਰਮਤਿ ਦਾ ਸੱਚਾ ਉਪਦੇਸ਼ਕ ਕਿਹੜਾ ਪੁਸਤਕ ਹੈ, ਪਰ ਜਦੋਂ ਅਸੀਂ ਵਿਚਾਰ-ਸ਼ਕਤੀ ਤੋਂ ਕੰਮ ਲੈਂਦੇ ਹਾਂ ਅਤੇ ... ... ਸਤਿਗੁਰਾਂ ਦੀ ਸ੍ਰੀ ਮੁਖਵਾਕ ਬਾਣੀ ਦੀ ਕਸੌਟੀ ਨਾਲ ਸਭ ਸਿੱਖ ਮੱਤ ਦੇ ਪੁਸਤਕਾਂ ਦੀ ਪ੍ਰੀਖਿਆ ਕਰ ਕੇ ਗੁਰਬਾਣੀ ਦੇ ਨਿਯਮਾਂ ਤੋਂ ਵਿਰੁੱਧ ਵਚਨਾਂ ਦਾ ਤਯਾਗ ਅਤੇ ਅਨਕੂਲ ਵਚਨਾਂ ਦਾ ਗ੍ਰਹਿਣ ਕਰਦੇ ਹਾਂ ਤਾਂ ਸਾਰੀਆਂ ਕਠਨਾਈਆਂ ਛਿਨ ਵਿਚ ਮਿਟ ਜਾਂਦੀਆਂ ਹਨ ਅਤੇ ਅਸੀਂ ਗੁਰਮਤਿ ਦਾ ਸਿੱਧਾ ਰਸਤਾ ਲਭ ਲੈਂਦੇ ਹਾਂ।"
>
> [ਗੁਰਮਤਿ ਮਾਰਤੰਡ, ਪੰਨਾ ੳ, ਅ

"ਅਜਿਹੀਆਂ ਵਿਰੋਧੀ ਲਿਖਤਾਂ ਦੀਆਂ ਉਦਾਹਰਣਾਂ ਹੇਠਾਂ ਦਿਤੀਆਂ ਜਾਂਦੀਆਂ ਹਨ :–

(ੳ) ਛੇਵੀਂ ਪਾਤਸ਼ਾਹੀ ਦੇ ਗੁਰ ਵਿਲਾਸ ਦੇ ਦੂਜੇ ਅਧਿਆਇ ਵਿਚ ਲਿਖਿਆ ਹੈ ਕਿ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸੀਤਲਾ (ਚੇਚਕ) ਨਿਕਲੀ ਤਦ ਦੁਰਗਾ ਪੂਜਨ ਇਸ ਤਰ੍ਹਾਂ ਕੀਤਾ ਗਿਆ–

ਬ੍ਰਾਹਮਣ ਕੇ ਪਰਸਾਦ ਤੇ ਦੁਰਗਾ ਭਈ ਪ੍ਰਸੰਨ ॥
ਸਪਤ ਦਿਵਸ ਬੀਤਤ ਭਏ ਠੰਢੀ ਕਹਿ ਸੁਖ ਮੰਨ ॥
ਪੂਜਾ ਨਲੇਰ ਸੋਂ ਦਰਬ ਅਪਾਰਾ ॥ ਭੇਟ ਧਰੀ ਦੇਵੀ ਦਰਬਾਰਾ ॥
ਦੇਵੀ ਕੀ ਪਰਿਕ੍ਰਮਾ ਕੀਨੀ ॥ ਦੇਹੁਰੇ ਕੀ ਅਤਿਸੈ ਛਬਿ ਚੀਨੀ ॥ (੭੯)

ਭਾਈ ਸੰਤੋਖ ਸਿੰਘ ਜੀ ਇਸੇ ਪ੍ਰਸੰਗ ਦੀ ਪੁਸ਼ਟੀ ਗੁਰੂ ਪ੍ਰਤਾਪ ਸੂਰਜ ਦੀ ਰਾਸਿ ੩ ਦੇ ਅ: ੧੨ ਵਿਚ ਕਰਦੇ ਹਨ। ਪਰ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪੂਜਯ ਪਿਤਾ ਗੁਰੂ ਅਰਜਨ ਦੇਵ ਜੀ ਸੀਤਲਾ ਦੇ ਸੰਬੰਧ ਵਿਚ ਕੁਝ ਹੋਰ ਲਿਖਦੇ ਹਨ–

ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥
ਸੀਤਲਾ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ ॥੧॥ [ਸੋਰਠਿ ਮ: ੫, ਪੰਨਾ ੬੨੭"

[ਗੁਰਮਤਿ ਮਾਰਤੰਡ, ਪੰਨਾ ਕ, ਖ, ਗ

(ਅ) "ਸ੍ਰੀ ਨਾਨਕ ਪ੍ਰਕਾਸ਼ ਵਿਚ ਲੇਖ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮਰੇ ਹੋਏ ਪਿੱਤਰਾਂ ਦਾ ਸ੍ਰਾਧ ਕੀਤਾ,

ਤਾਂ ਇਹ ਵਾਕ ਮੰਨਣ ਜੋਗ ਨਹੀਂ, ਕਿਉਂਕਿ ਸ੍ਰੀ ਮੁਖ ਸ਼ਬਦ ਪਾਖੰਡ ਰੂਪ ਸ੍ਰਾਧ ਕਰਮ ਨੂੰ ਖੰਡਨ ਕਰਦੇ ਹਨ। ਯਥਾ—

ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥੪॥੨॥ [ਆਸਾ ਮ: ੧, ਪੰਨਾ ੩੮੫''
[ਗੁਰਮਤਿ ਮਾਰਤੰਡ, ਪੰਨਾ ਘ

(ੲ) ''ਭਾਈ ਸੁਖਾ ਸਿੰਘ ਨੇ ਗੁਰ ਵਿਲਾਸ ਦੇ ਦਸਵੇਂ ਅਧਿਆਏ ਵਿਚ ਦੱਤਾ ਨੰਦ ਉਜੈਨ ਨਿਵਾਸੀ ਬ੍ਰਾਹਮਣ ਰਾਹੀਂ ਦੁਰਗਾ ਦਾ ਪੂਜਨ ਦਸਮੇਸ਼ ਤੋਂ ਕਰਵਾਇਆ ਲਿਖਿਆ ਹੈ—

ਯੋਂ ਸੁਨਿ ਗਦ ਗਦ ਭਯੋ ਕ੍ਰਿਪਾਲਾ ॥ ਸ੍ਰੀ ਮੁਖ ਸੋਂ ਕਹਿ ਬਚਨ ਬਿਸਾਲਾ ॥
ਮੈਯਾ ! ਇਹੈ ਕ੍ਰਿਪਾ ਅਬ ਕੀਜੈ ॥ ਖੜਗ ਪਾਨਿ ਦਾਹਨੁ ਮੁਹਿ ਦੀਜੈ ॥੨੬੭॥.. ...

ਏਵ ਮਸਤੁ ਕਹਿ ਮਾਤ ਭਵਾਨੀ ॥ ਵਰ ਦੈ ਭਈ ਲੋਪ ਜਗ ਰਾਨੀ ॥ (੨੭੧)

ਮਹਿਮਾ ਪ੍ਰਕਾਸ਼ ਦੀ ਪੱਚੀਸਵੀਂ ਸਾਖੀ ਵਿਚ ਇਉਂ ਹੀ ਲੇਖ ਹੈ—

ਕਰਾ ਹੋਮ ਸਤਿਗੁਰੁ ਪੁਰਖ ਮਾਤਾ ਭਈ ਪ੍ਰਸੰਨ ॥
ਭਾ ਪ੍ਰਕਾਸ਼ ਮਾਤਾ ਪ੍ਰਗਟ ਧੰਨ ਮਾਤ ਜਗ ਧੰਨ ॥ (੩੨)

ਗੁਰੁ ਪ੍ਰਤਾਪ ਸੂਰਜ ਦੀ ਰੁੱਤ ੩, ਅ: ੪ ਵਿਚ ਵੀ ਏਸੇ ਤਰ੍ਹਾਂ ਲਿਖਿਆ ਹੈ।

ਗੁਰ ਪਦ ਪ੍ਰੇਮ ਪ੍ਰਕਾਸ਼ ਵਿਚ ਬਾਵਾ ਸੁਮੇਰ ਸਿੰਘ ਲਿਖਦਾ ਹੈ—

ਮਹਾਂ ਬੀਰ ਸ੍ਰੀ ਹਨੂੰਮਾਨ ਜੀ ਪ੍ਰਗਟ ਕੱਛ ਤਬ ਦੀਨੀ ॥
ਲੀਜੈ ਮਹਾਰਾਜ ਮਮ ਭੇਟਾ ਮਰਯਾਦਾ ਅਤਿ ਚੀਨੀ ॥''
[ਗੁਰਮਤਿ ਮਾਰਤੰਡ ਪੰਨਾ ਚ, ਛ, ਜ, ਝ

(ਸ) ''ਛੇਵੀਂ ਪਾਤਿਸ਼ਾਹੀ ਦੇ ਗੁਰੁ ਵਿਲਾਸ ਦੇ ਅਧਿਆਇ ੧੮ ਵਿਚ ਗੁਰੂ ਹਰਿਗੋਬਿੰਦ ਜੀ ਦਾ ਭੰਗ ਪੀਣਾ ਲਿਖਿਆ ਹੈ—

ਜਬੈ ਜਾਮ ਦਿਨ ਆਨਿ ਰਹਾਯੋ ॥ ਸ੍ਰੀ ਗੁਰੁ ਵਿਜਿਆ ਪਾਨ ਕਰਾਯੋ ॥

(ਹ) ਭਾਈ ਸੁੱਖਾ ਸਿੰਘ ੧੦ਵੇਂ ਗੁਰੁ ਵਿਲਾਸ ਦੇ ਦਸਵੇਂ ਤੇ ਸੋਲ੍ਹਵੇਂ ਅਧਿਆਇ ਵਿਚ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅਮਲ ਛਕਿਆ ਛਕਾਇਆ ਕਰਦੇ ਸੀ—

ਬਿਜਿਆ ਧਰਛਤ ਅਮਲ ਮੰਗਾਵੇਂ ॥ ਆਪ ਛਕੈਂ ਪੁਨਿ ਅਪਰ ਦਿਆਵੇਂ ॥ [ਧਰਛਤ—ਅਫੀਮ]
ਮਦਿਰਾ ਬਿਜਿਯਾ ਖਾਂਡ ਮਿਲਾਈ ॥ ਚਰਨਾਮ੍ਰਿਤ ਮਿਲ ਗਾਗਰ ਪਾਈ ॥ (ਮਦਿਰਾ—ਸ਼ਰਾਬ)
ਲੈ ਨਿਜ ਭੇਟ ਕਾਲਿਕਾ ਦੀਨੇ ॥ ਜੈ ਭਵਾਨੀ ਕੀ ਉਚਰ ਪ੍ਰਬੀਨੇ ॥ (੧੩੭)

(ਕ) ਗੁਰੁ ਪ੍ਰਤਾਪ ਸੂਰਜ ਦੀ ਰੁਤ ੩ ਅਧਿਆਇ ੪ ਵਿਚ ਲਿਖਿਆ ਹੈ—

ਅਧਿ ਕੈ ਸੁਗੰਧ ਮਹਕਾਰ ਸੰਗ ॥ ਬਹੁ ਰਗੜ ਬਦਾਮਨ ਸਹਿਤ ਭੰਗ ॥
ਏਲਾ ਲਵੰਗ ਮਿਰਚਾਨ ਕਾਰਿ ॥ ਮੇਲਯੋ ਗੁਲਾਬ ਯੁਤ ਸਰਦ ਵਾਰਿ ॥ (੭)...
ਯੁਤ ਛਤ੍ਰਧਾਰ ਸਤਿਗੁਰੁ ਛਕਾਇ ॥ (੮) (ਛਤ੍ਰਧਾਰ—ਅਫੀਮ)

(ਖ) ਫਿਰ ਰੁਤ ੩ ਅਧਿਆਇ ੨੧ ਵਿਚ ਭਾਈ ਸੰਤੋਖ ਸਿੰਘ ਲਿਖਦਾ ਹੈ ਕਿ ਦਸਮੇਸ਼ ਨੇ ਆਖਿਆ—

ਤਾਂ ਤੇ ਸ੍ਰੀ ਮੁਖਵਾਕ ਉਚਾਰਾ ॥ ਹੁਇ ਸੁਖੇ ਕੀ ਦੇਗ ਉਦਾਰਾ ॥
ਸਿੰਘ ਹੋਇ ਜਬ ਆਯੁਧ ਧਾਰੀ ॥ ਮਾਦਕ ਚਹੀਏ ਅਨਦ ਮਝਾਰੀ ॥ (੩੯)
ਸਭ ਮਾਦਿਕ ਤੇ ਬਿਜਿਆ ਆਛੀ ॥ ਕਯੋਂਕਿ ਮਹੇਸ਼ ਆਦਿ ਇਹ ਬਾਂਛੀ ॥ (੪)

(ਗ) "ਵਿਮਲ ਬਿਬੇਕ ਵਾਰਧਿ" ਵਿਚ ਭਗਵਾਨ ਸਿੰਘ ਰਹਤਨਾਮੀਆ, ਚੈਨਪੁਰ ਭਭੂਆ ਤੋਂ ਖਤ੍ਰੀ ਸਿੰਘਾਂ ਦੇ ਘਰੋਂ ਪ੍ਰਾਪਤ ਹੋਏ ਰਹਤਨਾਮੇ ਦੇ ਵਾਕ ਲਿਖਦਾ ਹੈ–

ਅਚੀਆ ਸੁੱਖਾ ਛੱਤਰਧਾਰ ॥ ਰਨ ਮੇਂ ਜੂਝੈ ਅਪਰ ਅਪਾਰ ॥

ਫੇਰ ਭਾਈ ਮਨੀ ਸਿੰਘ ਜੀ ਦਾ ਹਵਾਲਾ ਦੇ ਕੇ ਲਿਖਿਆ ਹੈ–

ਗੁਰੂ ਜੀ ਸਭ ਸੰਗਤ ਕੋ ਅੰਮ੍ਰਿਤ ਛਕਾ ਕਰ ਸ਼ਸਤ੍ਰ ਪਕੜਾ ਕਰ ਸਿੰਘ ਸਜਾ ਕਰ ਵਿਦਾ ਕਰਾ; ਤਾਂ ਸਿੱਖਾਂ ਨੂੰ ਕਹਿਆ ਜੋ ਤੁਸੀਂ ਕੁਛ ਅਮਲ ਛਕਿਆ ਕਰੋ, ਤਾਂ ਸਿਖ ਅਮਲ ਖਾਨੇ ਲੱਗੇ, ਤਾਂ ਕਿਤਨਿਆਂ ਦੀ ਬ੍ਰਿਤੀਆਂ ਠਹਿਰ ਗਈਆਂ।

[ਨੋਟ :–ਵ੍ਰਿਤਿ ਠਹਿਰਾਉਣ ਦਾ ਕੇਹਾ ਸੁੰਦਰ ਉਪਾਉ ਦੱਸਿਆ ਹੈ! ਸਿੱਖਾਂ ਦੀ ਵ੍ਰਿਤੀ, ਸੇਵਾ, ਗੁਰਬਾਣੀ ਦਾ ਅਭਿਆਸ, ਪਰੋਪਕਾਰ, ਸ਼ਸਤ੍ਰ ਅਤੇ ਸ਼ਾਸਤ੍ਰ ਦੇ ਅਭਿਆਸ ਨਾਲ ਠਹਿਰਦੀ ਹੈ, ਨਾ ਕਿ ਨਸ਼ੇ ਵਿਚ ਗੜੂੰਦ ਹੋ ਕੇ ਉੱਲੂ ਬਣਨ ਨਾਲ।

[ਗੁਰਮਤਿ ਮਾਰਤੰਡ ਕ੍ਰਿਤ ਭਾ: ਕਾਨ੍ਹ ਸਿੰਘ ਨਾਭਾ, ਪੰਨਾ ਵ, ਟ, ਠ

ਉਪਰਲੀਆਂ ਉਦਾਹਰਣਾਂ ਟੂਕ ਮਾਤਰ ਹਨ। ਜ਼ਿਆਦਾ ਉਦਾਹਰਣਾਂ ਦੇਣ ਨਾਲ ਆਪਣਾ ਹੀ ਢਿਡ ਨੰਗਾ ਹੁੰਦਾ ਹੈ। ਇਤਿਹਾਸ ਵਿਚ ਇਹ ਰਲਾ ਵਿਰੋਧੀਆਂ ਅਥਵਾ ਗੁਰੂ-ਦੋਖੀਆਂ ਵਲੋਂ ਗਿਣ ਮਿਥ ਕੇ ਪਾਇਆ ਗਿਆ। ਪਿਛਲੇ ਕੁਝ ਇਤਿਹਾਸਕਾਰਾਂ ਵਲੋਂ ਇਹੋ ਜਿਹੇ ਰਲਿਆਂ ਨੂੰ ਬਿਬੇਕ ਬੁਧੀ ਨਾਲ ਪਰਖਣ ਤੇ ਨਿਤਾਰਨ ਦੀ ਬਜਾਏ ਮਖੀ ਤੇ ਮਖੀ ਮਾਰੀ ਹੋਈ ਹੈ। ਸੰਭਵ ਹੈ ਇਨ੍ਹਾਂ ਵਿਚੋਂ ਕੁਝ ਇਤਿਹਾਸਕਾਰ ਨਸ਼ੇ ਸੇਵਨ ਆਦਿ ਦੀ ਭੈੜੀ ਵਾਦੀ ਵਿਚ ਨਿਜੀ ਤੌਰ ਤੇ ਆਪ ਗ੍ਰਸਤ ਹੋਣ। ਕੁਝ ਵੀ ਹੋਵੇ, ਉਪਰੋਕਤ ਕਿਸਮ ਦੀਆਂ ਲਿਖਤਾਂ ਗੁਰਮਤਿ ਸਿਧਾਂਤਾਂ ਤੋਂ ਵਿਰੁਧ ਹਨ ਤੇ ਸਿਖ ਇਤਿਹਾਸ ਨੂੰ ਹਾਸੋ-ਹੀਣਾ ਤੇ ਭਰੋਸੇ-ਹੀਣਾ ਬਣਾਉਂਦੀਆਂ ਹਨ।

ਇਸ ਲਈ ਸਿਖ ਇਤਿਹਾਸ ਨੂੰ ਘੋਖ ਕੇ ਗੁਰਮਤਿ ਦੀ ਰੌਸ਼ਨੀ ਵਿਚ ਪਰਖਣ ਪੜਤਾਲਣ ਅਤੇ ਸੋਧੇ ਜਾਣ ਦੀ ਲੋੜ ਹੈ। ਪੰਥ-ਦਰਦੀ ਚਿਰ ਤੋਂ ਇਸ ਲੋੜ ਨੂੰ ਮਹਿਸੂਸ ਕਰ ਰਹੇ ਹਨ ਅਤੇ ਉਨ੍ਹਾਂ ਵਲੋਂ ਇਸ ਮੰਗ ਉਤੇ ਪ੍ਰੈਸ ਤੇ ਪਲੇਟਫਾਰਮ ਰਾਹੀਂ ਦੋਵੇਂ ਬਾਹਵਾਂ ਉਚੀਆਂ ਕਰ ਕੇ, ਹਾਲ ਪਾਰ੍ਹਿਆ ਪਾ ਕੇ ਕਈ ਵਾਰੀ ਜ਼ੋਰ ਦਿਤਾ ਜਾ ਚੁਕਾ ਹੈ। ਜਿਥੇ ਜਿਥੇ ਕੋਈ ਇਤਿਹਾਸਕ ਘਟਨਾ ਜਾਂ ਇਤਿਹਾਸਕ ਲਿਖਤ, ਗੁਰਬਾਣੀ ਵਿਚ ਨਿਰੂਪਣ ਕੀਤੇ ਸਿਧਾਂਤ ਨਾਲ ਟਕਰਾਅ ਖਾਂਦੀ ਹੈ ਉਸ ਨੂੰ ਚੰਗੀ ਤਰ੍ਹਾਂ ਘੋਖ ਤੇ ਪੁਣ ਛਾਣ ਕੇ ਵਿਚਾਰੇ ਜਾਣ ਅਤੇ ਗੁਰਬਾਣੀ ਦੀ ਰੌਸ਼ਨੀ ਵਿਚ ਸਪੱਸ਼ਟਾਏ ਜਾਣ ਜਾਂ ਸੋਧੇ ਜਾਣ ਦੀ ਲੋੜ ਹੈ।

ਸੋ ਉਪਰੋਕਤ ਇਤਿਹਾਸਕ ਗਪੌੜਿਆਂ ਨੂੰ ਮੁਖ ਰਖਦਿਆਂ ਮਾਸ ਖਾਣ ਦੇ ਪੱਖੀ ਇਤਿਹਾਸਕ ਹਵਾਲਿਆਂ ਨੂੰ ਕਿਵੇਂ ਪ੍ਰਮਾਣੀਕ ਮੰਨਿਆ ਜਾ ਸਕਦਾ ਹੈ, ਜਦ ਕਿ ਇਕ ਤਾਂ ਉਹ ਗੁਰਬਾਣੀ ਵਿਚ ਨਿਰੂਪਣ ਕੀਤੇ ਗਏ "ਜੀਅ-ਦਇਆ" ਦੇ ਸਿਧਾਂਤ ਨਾਲ ਟਕਰਾਂਦੇ ਹਨ ਅਤੇ ਦੂਜੇ ਪਾਸੇ ਇਨ੍ਹਾਂ ਹੀ ਇਤਿਹਾਸਕ ਗ੍ਰੰਥਾਂ ਵਿਚ ਕੁਝ ਇਤਿਹਾਸਕ ਹਵਾਲਿਆਂ ਦਾ ਵੀ ਵਿਰੋਧ ਕਰਦੇ ਹਨ, ਜਿਨ੍ਹਾਂ ਰਾਹੀਂ ਮਾਸ ਖਾਣ ਤੋਂ ਵਰਜ ਕੇ ਜੀਅ-ਦਇਆ ਦੀ ਪ੍ਰੇਰਨਾ ਦਿਤੀ ਗਈ ਹੈ। ਉਨ੍ਹਾਂ ਵਿਚੋਂ ਕੁਝ ਕੁ ਟੂਕ ਮਾਤਰ ਥਲੇ ਦਿਤੇ ਜਾਂਦੇ ਹਨ :

**ਦੇਵਲੂਤ ਨਾਮੀ ਰਾ... ...ਰੂ ਨਾਨਕ ਦੇਵ ਜੀ ਦਾ ਉਪਦੇਸ਼–**

ਪ੍ਰਿਥਮ ... (ਮਾਸ) ਕੋ ਖਾਨਾ ॥ ਕਰਹੁ ਜਾਸ ਹਿਤ ਜੀਵਨ ਹਾਨਾ ॥੭॥...

ਕੇਤਿਕ ਦਿਨ ਤਹਿ ਰਹੇ ਗੁਸਾਈਂ ॥ ਗੁਰੂ ਸਿਖੀ ਕੀ ਰੀਤਿ ਚਲਾਈ ॥
ਸਭਿ ਰਾਖਸ਼ ਕੇ ਨਾਮ ਜਪਾਯੋ ॥ ਆਮਿਖ ਖਾਨ ਤਿਨਹਿ ਤਜਵਾਯੋ ॥ (੧੮)...
ਸੁਧਰ ਸੈਨ ਜੋ ਭੂਮ ਮਹਾਨਾ ॥ ਦੇਵਲੂਤ ਮਨਹੁ ਤਿਹ ਆਨਾ ॥
ਹਿੰਸਾ ਨਹੀ ਜੀਵ ਕੀ ਕੀਜੈ ॥ ਸਤਿਗੁਰ ਜਾਪ ਜਪਹੁ ਦੁਖ ਛੀਜੈ ॥ (੨੦)

[ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ, ਅਧਿਆਇ ੪੪

**ਮਕੇ ਦੀ ਗੋਸਟਿ–**

ਗਊ ਭੈਸ ਅਤੇ ਮੁਰਗਾਈਆਂ, ਹੋਇ ਹੈਵਾਨ ਗਰੀਬ ॥
ਤਹ ਪਰ ਛੁਰੀ ਹਰਾਮ ਹੈ, ਖਾਵਨ ਤਿਨਾਂ ਪਲੀਤ ॥
ਜੋ ਬਿਚਾਰੇ ਜਾਨਵਰ, ਤਿਨ ਕਰਨ ਹਲਾਲ ॥
ਬਿਨਾ ਰਜਾਇ ਖੁਦਾਇ ਦੀ, ਤਿਹ ਪਰ ਛੁਰੀ ਜ਼ਵਾਲ ॥
ਮੁਈ ਸ਼ੈ ਮੁਰਦਾਰ ਹੈ, ਸਹਿਕੇ ਜਾਨ ਕੁਵਾਇ ॥
ਖਾਣੀ ਇਹ ਹਰਾਮ ਹੈ, ਤਿਹ ਪਰ ਛੁਰੀ ਰਵਾਇ ॥
ਖਾਣਾ ਮਾਸ ਗੁਨਾਹ ਹੈ, ਜੋਰੀ ਜੀਅ ਹਲਾਲ ॥
ਜੋਰੀ ਕੁਠਾ ਹਰਾਮ ਹੈ, ਤਿਸ ਤੇ ਹੋਇ ਜ਼ਵਾਲ ॥

[ਜਨਮ ਸਾਖੀ ਭਾਈ ਬਾਲਾ

**ਸ਼ੀਹੇਂ ਉਪਲ ਨੂੰ ਉਪਦੇਸ਼–**

ਸ਼ੀਹੇਂ ਉਪਲ ਨੂੰ ਇਕ ਸੌ ਬਕਰੇ ਲਈ ਜਾਂਦਿਆਂ ਦੇਖ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਦਾ ਕਾਰਨ ਪੁਛਿਆ ਤਾਂ ਉਸ ਨੇ ਦਸਿਆ ਕਿ ਮੇਰੇ ਪੁਤਰ ਦਾ ਮੁੰਡਨ ਹੈ ਤੇ ਇਸ ਖੁਸ਼ੀ ਦੇ ਸਮੇਂ ਲੋਕ-ਰੀਤ ਅਨੁਸਾਰ ਆਏ ਪ੍ਰਾਹੁਣਿਆਂ ਨੂੰ ਮਾਸ ਭੋਜਨ ਖਵਾ ਕੇ ਪ੍ਰਸੰਨ ਕਰਨਾ ਹੈ। ਸ੍ਰੀ ਗੁਰੂ ਜੀ ਨੇ ਫੁਰਮਾਇਆ–

ਇਤਨੇ ਜੀਵਨ ਹਿੰਸਾ ਕਰੈਂ ॥ ਪਾਪ ਬਿਸਾਲ ਆਪਨ ਸਿਰ ਧਰੈਂ ॥੭॥
ਅਬ ਤੇ ਸੁਗਮ ਜਾਨੀਅਹਿ ਕਹਿਬੋ ॥ ਅੰਤ ਮਹਾਂ ਦੁਖ ਨਰਕਨ ਪਰਬੋ ॥
ਦੇਹਿ ਸਾਸਨਾ ਜਮ ਕੇ ਦੂਤ ॥ ਤਹਾਂ ਨ ਪਹੁੰਚੈ ਬੰਧਪ ਪੂਤ ॥੮॥
ਜਿਨ ਹੇਤ ਆਪ ਕਰਮ ਕਮਾਇ ॥ ਤਹਾਂ ਨ ਰੰਚਕ ਹੋਇ ਸਹਾਇ ॥
ਸੁਖ ਭੋਗੇਂਗੇ ਸਗਰੇ ਲੋਕ ॥ ਅਪਦਾ ਪਰਹਿ ਤੋਹਿ ਬਡ ਸੋਕ ॥੯॥
ਧਰਮ ਰਾਇ ਜਬ ਕਰਿ ਹੈ ਲੇਖਾ ॥ ਲਹੈਂ ਮਹਾਂ ਦੁਖ ਰਹੈ ਨ ਸੇਖਾ ॥...
**ਸ੍ਰੀ ਗੁਰੂ ਕਹਾ ਕਰੋ ਉਪਚਾਰ ॥ ਜਿਸ ਤੇ ਹੋਇ ਨ ਜੀਵ ਸੰਘਾਰ ॥**

[ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ੧, ਅੰਸ ੨੯

**ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮਨਾਮੇ–**

ਹੁਕਮਨਾਮਾ ਨੰਬਰ ੬, ਪੰਨਾ ੧੨–

ਕਰਤਾਰ ਕਰਤਾਰ ਵਾਚਣੀ। ਗੁਰੂ ਤੁਸਾਡੀ ਲਜ ਰ-
ਖੈਗਾ ਗੁਰੂ ਗੁਰੂ ਜਪਣਾ ਜਨਮ ਸਵਰੂ ਸੰਗ-
ਤ ਦੀ ਕਾਮਨਾ ਗੁਰੂ ਪੂਰੀ ਕਰੇਂਗੇ ਸੰਗਤੀ ਦਾ ਰੁ-
ਜਗਾਰੁ ਹੋਗਾ ਇਕ ਦਾਸੀ ਰਹਿਣਾ* ਮਾਸ ਮੱਛੀ ਦੇ ਨੇੜੇ

*ਅਰਥਾਤ—ਇਕ ਦੂਜੇ ਦੇ ਦਾਸ ਬਣ ਕੇ ਨਿਮ੍ਰਤਾ ਨਾਲ ਰਹਿਣ।

ਨਹੀਂ ਆਵਣਾ ਸੰਗਤ ਦੀ ਚੀਰੀ ਪਹੁਤੀ ਹਕੀਕਤਿ ਸਭ
ਮਲੂਮ ਹੋਈ ਸੰਗਤਿ ਸਰਬਤਿ ਇਕਮ† ਸੁ–
ਤਿ ਹਹੇ ਤਿਵੇਂ ਰਹਣਾ ਜਾਪੇ ਗੁਰਦਾਸ ਨਾਲ ਲਗ ਰਹ-
ਣਾ ਕਾਰਵਾਰ ਇਨਾ ਨੋ ਦੇਂਦਿਆ ਰਹਣਾ ਸੰਗਤਿ ਉਪ-
ਰਿ ਗੁਰੂ ਦੀ ਖਰੀ ਖੁਸੀ ਹਇ ਸੰਗਤੀ ਦਾ ਰੁਜਗਾਰੁ ਹੋ-
ਗਾ ਸੰਗਤਿ ਆਪ ਵਿਚਿ ਇਕਤ੍ਰ‡ ਕਰਣਾ ਸੰਗ-
ਤੀ ਦੀ ਖਰੀ ਖੁਸੀ ਗੁਰੂ ਦੀਨਾ ਦੇ ਹੋਂਦੇ ਹਇ ਸਭ ਮੇਰੇ
ਪੁਤ ਹੈਨਿ ਸਭਨਾ ਇਕਤੇ ਜੀਐ ਹੋਣਾ
ਅਗੋ ਕਾਰਵਾਰ ਲੇਦੀ ਹਥ ਲਿਖ ਭੇਜਾ ਹਇ ਓਹ
ਸਭਾ ਕਾਰ ਕਰਿ ਭੇਜਣੀ। ਇਲਾਇਚੇ ਮਨ (ਮਣ) ਦਹ......

ਹੁਕਮਨਾਮਾ ਨੰ: ੯, ਪੰਨਾ ੧੫

ਦੁਏ
ਇਕ
ਜੋੜੀ
ਕੂਕੋ
ਖਰੇ
ਭਾਲ
ਬਹੁਤ
ਦਾਮ
ਪਕੜ
ਢੇ ਹੈਨ
ਉਹ ਟੋ
ਲ ਕੇ ਭੇ
ਜਣੇ ਜ
ਹ ਕਹ ਤੇ
ਭੇਜਣੇ ॥
ਚੰਗੇ ਟੋਲ ਕੇ ਭੇਜਣੇ

ਭਾਈ ਜਾਪੂ ਭਾਈ ਗੁਰਦਾਸੁ ਭਾਈ ਮੁਰਾਰਿ ਭਾਈ ਜਾਤੀ ਭਾਈ ਦਿਆਲਾ
ਗੁਰੂ ਗੁਰੂ ਜਪਣਾ ਜਨਮ ਸਵਰੂ ਸੰਗਤ ਦੀ ਕਾਮਨਾ ਪੂਰੀ ਹੋਗੁ
ਸੰਗਤੀ ਦਾ ਰੁਜਗਾਰ ਹੋਗ ਸੰਗਤੀ ਕੀ ਕਾਰ ਜੁ ਲੇਹਾਗਾ ਗੁਰੂ ਦੀ ਆ-
ਗਿਆ ਹਇ ਕੀਰਤਨ ਕਰਣਾ ਇਕ ਦਾਸੁ ਭਲੀ ਜੁਗਤਿ ਰਹਣਾ ਮਾਸ
ਮਛੀ ਦੇ ਨੇੜੇ ਨਾਹੀ ਆਵਣਾ ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ
ਹਇ ਉਪਰੰਤਿ ਗੁਰੂ ਦੀ ਆਗਿਆ ਹਇ ਭਾਈ ਜਾਪੂ ਭਾਈ ਗੁਰਦਾਸ ਤੁਸਾਂ ਸ-
ਭਨਾਂ ਰਲ ਕੇ ਸਾਰੇ ਪੂਰਬ ਦੀ ਕਾਰ ਕਰਣੀ ਜਿਸ ਦਾ ਰੁਪਯਾ ਗੁਰੂ ਦੀ ਕਾਰ ਵਿ-
ਚ ਪੋਗ ਤਿਸ ਦਾ ਗੁਰੂ ਦੀ ਦਰਗਾਹ ਥਾਇ ਪਵੇਗੁ ਤਿਸ ਨੂੰ ਕਦੇ ਕਿਛ ਥੁੜ
ਨ ਹੈਸ ਓਏ ਹਵਾਲ ਸਵ ਕੀ ਹਇ ਰੁਪਯੇ ਸਇ ਸਤ ਦੀ ਹੁੰਡੀ ਕਰ ਭੇਜਣਾ
ਪੰਦਰਹ ਜੋੜੇ ਮੈਨੂੰ ਸਵਾਇ ਭੇਜਣਾ ਪੰਦਰਹ ਬਾਬਾ ਜੀਉ ਨੂੰ ਸਵਾਇ ਭੇਜਣਾ।

| | | |
|---|---|---|
| ਗੁਰੂ ਗੁਰੂ ਜ-<br>ਪਣਾ ਜਨਮ ਸ-<br>ਵਰੂ | ੴ ਸਤਿਗੁਰੂ | ਇਥੇ ਤੁਸਾਂ ਬਹੁਤ ਮਾਣ ਕਰਣਾ<br>ਢਿਲ ਨਹੀਂ ਕਰਣੀ ਆਖਨ ਸੁ<br>ਕਰਣਾ ਸੇਵਾ ਕਰਣੀ | ੴ ਸਤਿਗੁਰੂ |

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਭਾ ਸਾ: ਭਾ: ਦਇਆ ਸਿੰਘ ਜੀ ਪ੍ਰਤੀ ਉਪਦੇਸ਼, ਜਿਸ ਦਾ ਹਵਾਲਾ 'ਸੁਧਰਮ ਮਾਰਗ ਗ੍ਰੰਥ' ਵਿਚ ਆਇਆ ਹੈ—

†ਏਕਤਾ, ਇਤਫ਼ਾਕ। ‡ਸੰਥਾ, ਮਿਲਾਪ।

ਪੰਜ ਕਰਮ ਨ ਕਰੈ ਸੋ ਜੀਵਨ-ਮੁਕਤ ਹੈ :—

(੧) ਧਨ ਪਰਾਇਆ ਨ ਹਰੈ ।
(੨) ਪਰ ਇਸਤ੍ਰੀ ਨ ਸੇਵੈ ।
(੩) ਨਿੰਦਾ ਨ ਕਰੈ ।
(੪) ਜੂਆ ਨ ਖੇਲੈ ।
(੫) ਮਧ ਮਾਸ ਖਾਯ ਨਾਹੀ ।

ਅਜਿਹਾ ਉਲੇਖ ਪੁਰਾਤਨ ਹਥ-ਲਿਖਤ ਬੀੜਾਂ ਵਿਚ ਵੀ ਮਿਲਦਾ ਹੈ ।

ਮਾਸ ਖਾਣ ਦੇ ਸਿਲਸਿਲੇ ਵਿਚ ਜਿਹੜੀ ਕਿਰਿਆ ਗੁਰਮਤਿ ਵਿਰੋਧੀ ਹੈ, ਉਹ ਹੈ ਜੀਵਾਂ ਉਪਰ ਜ਼ੁਲਮ ਕਰਨਾ । ਲਬ ਲੋਭ ਦੇ ਅਧੀਨ ਕਿਸੇ ਵੀ ਜੀਵ ਤੇ ਜ਼ੋਰ ਜ਼ੁਲਮ ਕਰਨਾ ਹਿੰਸਕ ਰੁਚੀ ਦਾ ਪ੍ਰਤੀਕ ਹੈ । ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਗੁਰਬਾਣੀ ਜਗਿਆਸੂ ਨੂੰ ਹਿੰਸਾ ਤੋਂ ਵਰਜਦੀ ਹੈ ਅਤੇ ਜੀਵ-ਦਇਆ ਦਾ ਉਪਦੇਸ਼ ਕਰਦੀ ਹੈ । ਇਸ ਸੰਬੰਧ ਵਿਚ ਗੁਰਬਾਣੀ ਦੇ ਅਨੇਕ ਪ੍ਰਮਾਣ ਪਿਛੇ ਦਿਤੇ ਜਾ ਚੁਕੇ ਹਨ ।

ਇਤਿਹਾਸ ਵਿਚ ਕਿਸੇ ਲਿਖਾਰੀ ਨੇ ਲਿਖ ਮਾਰਿਆ ਕਿ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਮੱਛੀ ਮਾਸ ਦੀ ਵਰਤੋਂ ਕੀਤੀ ਜਾਂਦੀ ਸੀ । ਇਸ ਤੋਂ ਪਹਿਲਾਂ ਇਤਿਹਾਸਕ ਹਵਾਲਾ ਦਰਜ ਕੀਤਾ ਗਿਆ ਹੈ, ਜਿਸ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ ਸ਼ੀਹੇਂ ਉਪਲ ਨੂੰ ਜੀਵ-ਹਤਿਆ ਕਰਨ ਤੋਂ ਵਰਜਣਾ ਸਿਧ ਹੁੰਦਾ ਹੈ ਸਗੋਂ ਉਸ ਨੂੰ ਦ੍ਰਿੜ੍ਹਾਇਆ ਗਿਆ ਕਿ ਜੀਵ-ਸੰਘਾਰ ਪਾਪ-ਕਰਮ ਹੈ । ਜਿਸ ਦਾ ਲੇਖਾ ਅਗੇ ਭੁਗਤਣਾ ਪਵੇਗਾ ।

ਬੜੀ ਹੈਰਾਨੀ ਦੀ ਗੱਲ ਹੈ ਕਿ ਕਿਸੇ ਮਨਚਲੇ ਲਿਖਾਰੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੀ ਲੰਗਰ ਵਿਚ ਮਾਸ ਵਰਤਾਏ ਜਾਣਾ ਲਿਖ ਮਾਰਿਆ ਹੈ । ਭਾਈ ਸਤਾ ਅਤੇ ਭਾਈ ਬਲਵੰਡ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਢਾਢੀ ਸਨ । ਉਨ੍ਹਾਂ ਨੇ ਆਪਣੀ ਵਾਰ ਵਿਚ, ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਰਾਮਕਲੀ ਵਿਚ ਅੰਕਤ ਹੈ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਵਰਤਾਏ ਜਾਣ ਵਾਲੇ ਮਹੱਤਵ-ਪੂਰਣ ਪਦਾਰਥਾਂ ਦਾ ਦੋ ਵਾਰੀ ਵਰਨਣ ਕੀਤਾ ਹੈ :—

ੳ) ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥ (੯੬੭)

ਅ) ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥ (੯੬੮)

ਗੁਰੂ ਘਰ ਦੇ ਸਮਕਾਲੀ ਅਤੇ ਦਰਬਾਰੀ ਢਾਢੀਆਂ ਦੀ ਉਚਾਰੀ ਬਾਣੀ, ਜੋ ਪਰਵਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਹੋਈ ਹੈ, ਦੀ ਗਵਾਹੀ ਦੇ ਅਧਾਰ ਤੇ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਇਤਿਹਾਸਕ ਲਿਖਤ ਵਿਚ ਕਿਸੇ ਗੁਰੂ-ਦੋਖੀ ਜਾਂ ਵਿਰੋਧੀ ਨੇ, ਜਾਂ ਫਿਰ ਕਿਸੇ ਮਾਸ-ਅਹਾਰੀ ਲਿਖਾਰੀ ਨੇ ਗਪੌੜ ਮਾਰ ਕੇ ਸਿਖ-ਸਿਧਾਂਤ ਵਿਚ ਰਲਾ ਪਾਣ ਦੀ ਗਿਣੀ-ਮਿਥੀ ਸਾਜ਼ਸ਼ ਕੀਤੀ ਹੈ । ਇਤਿਹਾਸਕ ਗ੍ਰੰਥਾਂ ਵਿਚ ਕਿਧਰੇ ਖਾਣ ਦੇ ਹੱਕ ਵਿਚ ਅਤੇ ਕਿਧਰੇ ਇਸ ਦੇ ਵਿਰੋਧ ਵਿਚ ਲਿਖਤਾਂ ਸ੍ਵੈ-ਵਿਰੋਧੀ ਹਨ, ਜੋ (ਸਿੱਖ ਇਤਿਹਾਸ ਅਥਵਾ) ਸਿਖ ਧਰਮ ਨੂੰ ਹਾਸੋ-ਹੀਣੇ ਰੂਪ ਵਿਚ ਪੇਸ਼ ਕਰਦੀਆਂ ਹਨ । ਅਤੇ ਬਿਬੇਕ ਬੁਧੀ ਵਾਲੇ ਖਾਲਸਾ ਜੀ ਨੂੰ ਇਹਨਾਂ ਦੀ ਸੁਧਾਈ ਲਈ ਟੁੰਬਦੀਆਂ ਹਨ ।

ਗੁਰੂ ਨਾਨਕ ਦੇਵ ਜੀ ਵਲੋਂ ਕੁਰਕਸ਼ੇਤਰ ਵਿਖੇ ਸੂਰਜ ਗ੍ਰਹਿਣ ਦੇ ਮੇਲੇ ਉਤੇ ਕਿਸੇ ਰਾਜਕੁਮਾਰ ਵਲੋਂ ਮਾਰੇ ਹੋਏ ਹਿਰਨ ਨੂੰ ਪਕਵਾਏ ਜਾਣ ਦੀ ਘਟਨਾ ਦਾ ਵਰਨਣ ਵੀ ਮਾਸ-ਅਹਾਰੀ ਵੀਰ ਆਪਣੇ ਪੱਖ ਦੀ ਪੁਸ਼ਟੀ ਲਈ ਕਰਦੇ ਹਨ ।

ਬਿਸਮਾਦੀ ਕੌਤਕਾਂ ਵਾਲੇ ਚੋਜੀ ਸਤਿਗੁਰੂ ਦੇ ਇਸ ਚੋਜ-ਬਿਨੋਦੀ ਕੌਤਕ ਦੀ ਗਤਿ ਮਿਤਿ ਆਪ ਹੀ ਜਾਨਣ, ਪਰ ਇਸ ਰਹੱਸ ਨੂੰ ਸਮਝਣ ਲਈ ਉਸ ਬਾਣੀ ਦੀ ਅੰਦਰਲੀ ਗਵਾਹੀ ਹੀ ਭਰੋਸੇ ਯੋਗ ਹੈ, ਜੋ ਉਸ ਸਮੇਂ ਉਚਾਰੀ ਗਈ ਅਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ, ਉਹ ਇਸ ਪ੍ਰਕਾਰ ਹੈ—

ਸਲੋਕ ਮ: ੧ ॥ ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥
ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ ॥੧॥
ਮ: ੧ ॥ ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥
ਜੀਅ ਜੰਤ ਸਭਿ ਮਾਸਹੁ ਹੋਇ ਜੀਇ ਲਇਆ ਵਾਸੇਰਾ ॥
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ ॥
ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ਹ ਕਾ ਦਾਨੁ ਨ ਲੈਣਾ ॥
ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥
ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥

[ਵਾਰ ਮਲਾਰ ਕੀ ਮਹਲਾ ੧, ਪੰਨਾ ੧੨੮੯-੯੦

ਉਪ੍ਰੋਕਤ ਸਲੋਕਾਂ ਨੂੰ ਗਹੁ ਨਾਲ ਪੜ੍ਹ ਕੇ ਵਿਚਾਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਇਹਨਾਂ ਵਿਚੋਂ ਜੀਵਾਂ ਦਾ ਘਾਤ ਕਰ ਕੇ ਮਾਸ ਖਾਣ ਦੀ ਕਿਸੇ ਤਰ੍ਹਾਂ ਵੀ ਪੁਸ਼ਟੀ ਕੀਤੀ ਹੋਈ ਨਹੀਂ ਮਿਲਦੀ। ਸਲੋਕਾਂ ਵਿਚ ਨਿਰੂਪਨ ਕੀਤੇ ਗਏ ਸਿਧਾਂਤਕ ਨੁਕਤਿਆਂ ਦਾ ਸਾਰੰਸ਼ ਇਸ ਪ੍ਰਕਾਰ ਹੈ :—

(੧) ਮਾਸ ਦੇ ਨਾਂ ਮਾਤਰ ਤੋਂ ਛੂ ਛੂ ਕਰਨਾ ਅਤੇ ਭਿਟ ਜਾਨਣੀ ਫਜ਼ੂਲ ਹੈ। ਮਨੁਖੀ ਸਰੀਰ ਸਗਵਾਂ ਮਾਸ ਹੈ। ਇਸ ਦੀ ਉਤਪਤੀ ਮਾਸ (ਰਕਤ-ਬਿੰਦ) ਤੋਂ ਹੋਈ ਹੈ ਤੇ ਇਸ ਦੇ ਸਾਰੇ ਅੰਗ ਮਾਸ ਦੇ ਹੀ ਹਨ।

(੨) ਮਾਂ ਦੀ ਕੁਖ ਵਿਚ ਮਨੁਖੀ ਸਰੀਰ ਦੀ ਬਣਤਰ ਬਣਨ ਦੇ ਸਮੇਂ ਤੋਂ ਲੈ ਕੇ ਇਸ ਸਰੀਰ-ਮੜ੍ਹੋਲੀ ਦੇ ਨਾਸ ਹੋਣ ਤਕ ਮਾਸ ਕਈ ਰੂਪਾਂ ਵਿਚ ਸਰੀਰ ਦੀ ਅੰਦਰਲੀ ਤੇ ਬਾਹਰਲੀ ਕਿਰਿਆ ਚਲਾਣ ਲਈ ਪਰਯੋਗ ਵਿਚ ਆਉਂਦਾ ਹੈ, ਜਿਵੇਂ—ਮਾਂ ਦਾ ਉਦਰ (ਜਿਥੇ ਦਸ ਮਹੀਨੇ ਜੀਵ ਨੂੰ ਵਾਸਾ ਮਿਲਦਾ ਹੈ), ਨਾੜੂਆ (ਜਿਸ ਰਾਹੀਂ ਮਾਂ ਦੇ ਪੇਟ ਵਿਚ ਖੁਰਾਕ ਮਿਲਦੀ ਹੈ), ਮੰਮਾ (ਮਾਂ ਦਾ ਦੁੱਧ ਚੁੰਘਣ ਲਈ), ਮੂੰਹ, ਜੀਭ, ਆਦਿ। ਫਿਰ ਵਡੇ ਹੋਇਆਂ ਇਸ ਦਾ ਸੰਜੋਗ ਮਾਸ (ਇਸਤ੍ਰੀ) ਨਾਲ ਹੁੰਦਾ ਹੈ, ਜਿਸ ਤੋਂ ਮਾਸ (ਧੀਆਂ, ਪੁਤਰ) ਪੈਦਾ ਹੁੰਦਾ ਹੈ।

**ਵਿਆਖਿਆ :—**

ਜਿਸ ਕਿਸਮ ਦੇ ਮਾਸ ਦਾ ਉਪਰ ਜ਼ਿਕਰ ਹੈ ਉਹ ਨਿਰਸੰਦੇਹ ਹੈ ਤਾਂ ਮਾਸ, ਪਰ ਅਜਿਹਾ ਮਾਸ ਜੀਵਨ-ਕਿਰਿਆ ਚਲਾਣ ਲਈ ਸਾਧਨ (Instrument) ਦੇ ਤੌਰ ਤੇ ਵਰਤੋਂ ਵਿਚ ਆਉਂਦਾ ਹੈ, ਉਸ ਵਿਚ ਜ਼ੋਰ-ਜ਼ੁਲਮ ਅਤੇ ਜੀਵ-ਹਤਿਆ ਦੀ ਅਤੇ ਪਾਪ-ਕਰਮ ਦੀ ਕੋਈ ਉਪਾਧੀ ਨਹੀਂ ਹੁੰਦੀ। ਸਭ ਜਾਣਦੇ ਹਨ ਕਿ ਰਕਤ ਬਿੰਦ, ਮਾਤਾ ਦਾ ਉਦਰ, ਨਾੜੂਆਂ, ਮੰਮਾ, ਮੂੰਹ, ਜੀਭ, ਇਸਤ੍ਰੀ ਧੀਆਂ ਪੁਤਰ ਜਿਨ੍ਹਾਂ ਨਾਲ ਮਨੁਖ ਦਾ ਜੀਵਨ ਪ੍ਰਯੰਤ ਸਮੇ ਸਮੇ ਵਾਹ ਪੈਂਦਾ ਹੈ, ਇਹ ਸਾਰੇ ਮਾਸ ਦੇ ਹਨ, ਪਰ ਕੀ ਕੋਈ ਇਸ ਕਿਸਮ ਦੇ ਮਾਸ ਨੂੰ ਖਾਂਦਾ ਹੈ ? ਸੋ ਸਲੋਕ ਦਾ ਤਾਤ-ਪਰਜ ਵੈਸ਼ਨਵੀ ਪਾਂਡਿਆਂ ਦੇ ਅੰਦਰੋਂ ਮਾਸ ਦੇ ਨਾਮ ਮਾਤਰ ਦੀ ਘਿਰਣਾ ਦੂਰ ਕਰਨਾ ਹੀ ਹੈ। ਨਾਲ ਹੀ ਸਚਾਈ ਪ੍ਰਗਟ ਕੀਤੀ ਹੈ ਕਿ ਮਾਸ ਤੋਂ ਛੁਟਕਾਰਾ ਆਪਣੇ ਯਤਨਾਂ ਜਾਂ ਉਕਤੀਆਂ ਜੁਗਤੀਆਂ ਨਾਲ ਸੰਭਵ ਨਹੀਂ। ਸਤਿਗੁਰੂ ਦੇ ਮਿਲਾਪ ਸਦਕਾ ਹੁਕਮ ਬੁਝਣ ਨਾਲ ਜੀਵਨ-ਯਾਤਰਾ ਸਫਲ ਹੁੰਦੀ ਹੈ ਤੇ ਮਾਸ (ਸਰੀਰ ਮੁੜ ਮੁੜ ਧਾਰਨ ਕਰਨ ਤੇ ਆਵਾ ਗਵਨ ਦੇ ਚਕਰ ਵਿਚ ਪਏ ਰਹਿਣ) ਤੋਂ ਛੁਟਕਾਰਾ ਮਿਲਦਾ ਹੈ।

(੩) ਅਸਲੀ ਗਿਆਨ ਧਿਆਨ ਤੇ ਗੁਹਝ ਰਹੱਸ ਨੂੰ ਸਮਝੇ ਬਗੈਰ ਮਾਸ ਸੰਬੰਧੀ ਝਗੜਾ ਕਰਨਾ ਨਿਰੀ ਮੂਰਖਤਾ ਹੈ। ਸਤਿਗੁਰੂ ਦੇ ਗਿਆਨ ਤੋਂ ਬਗੈਰ ਇਹ ਸੋਝੀ ਹੋ ਹੀ ਨਹੀਂ ਆਉਂਦੀ ਕਿ ਕਿਹੜੀ ਵਸਤੂ ਮਾਸ ਹੈ ਤੇ ਕਿਹੜੀ ਸਾਗ, ਅਤੇ ਇਹਨਾਂ ਵਿਚੋਂ ਕਿਹੜੀ ਦੇ ਸੇਵਨ ਕਰਨ ਨਾਲ ਮਨੁਖ ਪਾਪਾਂ ਦਾ ਭਾਗੀ ਬਣਦਾ ਹੈ।

**ਵਿਆਖਿਆ :—**

ਆਪਣੇ ਮੂਲ ਰੂਪ ਵਿਚ ਨਾ ਮਾਸ ਨਿੰਦਤ ਹੈ ਤੇ ਨਾ ਸਾਗ। ਜੇ ਕੁਝ ਨਿੰਦਤ ਹੈ ਤਾਂ ਉਹ ਹੈ ਮਾਸ ਜਾਂ ਸਾਗ ਦੀ ਪ੍ਰਾਪਤੀ ਲਈ ਜ਼ੋਰ-ਜ਼ੁਲਮ ਅਤੇ ਅਯੋਗ ਸਾਧਨਾਂ ਦੀ ਕੀਤੀ ਗਈ ਵਰਤੋਂ, ਅਤੇ ਇਸ ਦੇ ਪਿਛੇ ਕੰਮ ਕਰ ਰਹੀ ਲੋਭ-ਲਾਲਚ ਦੀ ਮੰਦੀ ਭਾਵਨਾ, ਜੋ ਪਾਪ ਦਾ ਮੂਲ ਕਾਰਨ ਹੈ।

ਰਿਸ਼ਵਤ ਅਤੇ ਲੁਟ-ਘਸੁਟ ਦੀ ਕਮਾਈ ਨਾਲ ਪ੍ਰਾਪਤ ਕੀਤਾ ਸਾਗ, ਜੋ ਬੇਸ਼ਕ ਸਾਤਵਿਕ ਭੋਜਨ ਹੈ, ਵੀ ਨਿਰਸੰਦੇਹ ਘਿਰਣਤ ਅਤੇ ਨਿੰਦਤ ਹੈ:—ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ।। (੧੪੧)

ਬਹੁ ਪਰਪੰਚ ਕਰਿ ਪਰਧਨੁ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥

[ਸੋਰਠਿ ਕਬੀਰ ਜੀ, ਪੰਨਾ ੬੫੬

ਖੁਸਿ ਖੁਸਿ ਲੈਦਾ ਵਸਤੁ ਪਰਾਈ ॥ ਵੇਖੈ ਸੁਣੈ ਤੇਰੈ ਨਾਲਿ ਖੁਦਾਈ ॥੪॥
[ਮਾਰੂ ਮ: ੫, ਪੰਨਾ ੧੦੨੦

ਗੁਰੂ ਬਾਬੇ ਨੇ ਮਲਕ ਭਾਗੋ ਦੇ ਮਾਲ੍ਹ ਪੂੜੇ (ਜੋ ਭਾਵੇਂ ਸਾਤਵਿਕ ਭੋਜਨ ਸੀ) ਇਸ ਲਈ ਅੰਗੀਕਾਰ ਕਰਨੋਂ ਇਨਕਾਰ ਕੀਤਾ ਸੀ ਕਿਉਂ ਜੁ ਉਹ ਗਰੀਬ ਜਨਤਾ ਉਤੇ ਜ਼ੁਲਮ ਕਰ ਕੇ ਅਤੇ ਲੁਟ-ਘਸੁਟ ਕਰ ਕੇ ਪ੍ਰਾਪਤ ਕੀਤੇ ਧਨ-ਪਦਾਰਥਾਂ ਨਾਲ ਤਿਆਰ ਕੀਤੇ ਗਏ ਸਨ। ਗੁਰੂ ਬਾਬੇ ਨੇ ਆਪਣੇ ਕਲਾ-ਕ੍ਰਿਸ਼ਮਾ ਇਣੀ ਕੌਤਕ ਦੁਆਰਾ ਉਹਨਾਂ ਚੋਂ ਪ੍ਰਤੱਖ ਲਹੂ ਕਢ ਦੇ ਵਿਖਾਇਆ ਸੀ। ਜੀਵਾਂ ਨੂੰ ਵਢ ਕੇ ਉਹਨਾਂ ਦਾ ਮਾਸ ਖਾਣ ਲਈ ਤਾਂ ਪ੍ਰਤੱਖ ਹੀ ਉਹਨਾਂ ਦਾ ਖੂਨ ਡੁਲ੍ਹਦਾ ਹੈ ਤੇ ਜ਼ੋਰ-ਜ਼ੁਲਮ ਵਰਤਿਆ ਜਾਂਦਾ ਹੈ। ਇਹ ਕਰਮ ਅਵੱਸ਼ ਮੰਦਾ ਹੈ, ਅਤੇ ਪਾਪ ਦਾ ਮੂਲ ਹੈ। ਗੁਰਬਾਣੀ ਦਾ ਫ਼ੁਰਮਾਨ ਹੈ :—

ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥੧੮॥ [ਜਪੁਜੀ

(੪) ਕੇਵਲ ਮਾਸ ਨਾ ਖਾਣ ਨਾਲ ਕੋਈ ਵਿਅਕਤੀ ਪਵਿਤਰ ਜਾਂ ਧਰਮੀ ਨਹੀਂ ਹੋ ਸਕਦਾ।

**ਵਿਆਖਿਆ** :—

**ਧਰਮ ਧਾਰਨ** ਕੀਤਿਆਂ ਹੀ ਮਨੁਖ ਧਰਮੀ ਬਣਦਾ ਹੈ, ਐਵੇਂ ਫੋਕਟ ਕਰਮ-ਕਾਂਡ ਕੀਤਿਆਂ ਜਾਂ ਕੁਝ ਪਦਾਰਥਾਂ ਦੇ ਖਾਣ ਦਾ ਤਿਆਗ ਕਰਨ ਨਾਲ ਨਹੀਂ। ਧਰਮ ਦੀ ਪ੍ਰੀਭਾਸ਼ਾ ਬੜੀ ਵਿਸ਼ਾਲ ਤੇ ਡੂੰਘੀ ਹੈ, ਪਰ ਮੂਲ ਰੂਪ ਵਿਚ ਕਰਤੇ ਪੁਰਖ ਵਾਹਿਗੁਰੂ ਦੀ ਹੋਂਦ ਤੇ ਵਿਸ਼ਵਾਸ ਰਖ ਕੇ ਉਸ ਵਿਚ ਲੀਨ ਹੋਣ ਲਈ, ਨਾਮ ਸਿਮਰਨ ਕਰਨਾ ਧਰਮ ਕਮਾਉਣਾ ਹੈ।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥੮॥੩॥
[ਗਉੜੀ ਸੁਖਮਨੀ ਮ: ੫, ਪੰਨਾ ੨੬੬

ਨਾਮ ਜਪਣਾ ਧਰਮ-ਕਰਮ ਹੈ, ਅਤੇ ਕੇਵਲ ਇਹ ਹੀ ਨਿਰਮਲ ਕਰਮ ਹੈ। ਦੈਵੀ ਗੁਣ ਸਤ, ਸੰਤੋਖ, ਦਇਆ, ਵੈਰਾਗ, ਤਿਆਗ, ਸਦ-ਭਾਵਨਾ ਅਤਿ ਲੋੜੀਂਦੇ ਮਨੁਖੀ ਸ਼ੁਭ ਗੁਣ ਹਨ। ਨਾਮ ਨਾਲ ਇਹ ਸਾਰੇ ਗੁਣ ਸ਼ੋਭਦੇ ਹਨ, ਜਿਵੇਂ ਜੰਵ ਲਾੜੇ ਨਾਲ। ਤੇ ਅਸਲ ਵਿਚ ਇਹ ਨਾਮ ਸਿਮਰਨ ਵਿਚੋਂ ਸੁਤੇ ਹੀ ਉਪਜਦੇ ਹਨ। ਪਰ ਨਾਮ-ਸਿਮਰਨ ਤੋਂ ਬਗੈਰ ਇਹਨਾਂ ਦੀ ਕੋਈ ਵਿਸ਼ੇਸ਼ਤਾ ਨਹੀਂ ਰਹਿ ਜਾਂਦੀ।

ਉਪ੍ਰੋਕਤ ਗੁਣਾਂ ਵਿਚੋਂ ਕਿਸੇ ਇਕ ਜਾਂ ਵਧੇਰਿਆਂ ਦਾ ਧਾਰਨ ਕਰ ਲੈਣਾ ਮੁਬਾਰਕ ਹੈ, ਪਰ ਮਨੁੱਖ ਸਮੁੱਚੇ ਤੌਰ ਤੇ ਧਰਮੀ ਤਾਂ ਹੀ ਬਣ ਸਕਦਾ ਹੈ ਜੇ ਨਾਮ-ਸਿਮਰਨ ਦਾ ਸਰਬੋਤਮ ਕਰਮ ਨਾਲ ਹੋਵੇ। ਨਾਮ-ਸਿਮਰਨ ਤੋਂ ਬਗੈਰ ਇਹ ਦੈਵੀ ਗੁਣ ਵਿਖਾਵਾ ਤੇ ਪਰਪੰਚ ਬਣ ਕੇ ਰਹਿ ਜਾਂਦੇ ਹਨ।

ਸਿਫ਼ਰੇ ਜੇ ਕਿਸੇ ਹਿੰਦਸੇ ਨਾਲ ਲਾਏ ਜਾਣ ਤਾਂ ਇਹਨਾਂ ਦੀ ਬੜੀ ਮਹੱਤਤਾ ਹੁੰਦੀ ਹੈ। ਪਰ ਇਕਾਈ ਤੋਂ ਬਗੈਰ ਸਿਫ਼ਰੇ ਸਿਫ਼ਰ ਹੀ ਹੁੰਦੇ ਹਨ।

ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥ ॥ਰਹਾਉ॥
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥
ਆਗੈ ਚਲਣੁ ਅਉਰੁ ਹੈ ਭਾਈ ਊੰਹਾ ਕਾਮਿ ਨ ਆਇਆ ॥੧॥
[ਗਉੜੀ ਮਾਲਾ ਮਹਲਾ ੫, ਪੰਨਾ ੨੧੬

ਪਵਿਤਰਤਾ ਦਾ ਸੋਮਾ ਕੇਵਲ ਨਾਮ ਹੈ। ਨਾਮ ਤੋਂ ਵਿਹੂਣਾ ਮਨੁਖ ਕਰਮ-ਕਾਂਡ ਕਰਦਾ ਹੋਇਆ ਵੀ ਕੁਚੀਲ ਹੀ ਰਹਿੰਦਾ ਹੈ। ਫਿਰ ਜੇ ਕੋਈ ਰਕਤ-ਬਿੰਦ ਤੋਂ ਪੈਦਾ ਹੋਇਆ ਕੁਚੀਲ ਪੁਤਲਾ ਇਹ ਡੀਂਗ ਮਾਰੇ ਕਿ ਉਹ ਮੱਛੀ ਮਾਸ ਨਾ ਖਾਣ ਕਾਰਨ ਨਿਰਮਲ ਹੈ ਜਾਂ ਧਰਮੀ ਹੈ ਤਾਂ ਉਸਦਾ ਇਹ ਦਾਅਵਾ ਕੂੜਾਵਾ ਹੀ ਹੈ।

(੫) ਇਕ ਪਾਸੇ ਮਾਸ-ਤਿਆਗੀ ਹੋਣ ਦਾ ਦਿਖਾਵਾ ਕਰਨਾ ਅਤੇ ਦੂਜੇ ਪਾਸੇ ਦੇਵਤਿਆਂ ਦੀ ਪਾਈ ਬਾਣ ਅਨੁਸਾਰ ਉਹਨਾਂ ਦੀ ਪ੍ਰਸੰਨਤਾ ਲੈਣ ਲਈ ਗੈਂਡਾ ਆਦਿਕ ਜੀਵ ਮਾਰ ਕੇ ਹੋਮ ਜਗ ਕਰਨੇ ਤੇ ਇਸ ਦੇ ਨਾਲ ਹੀ ਰਾਤ-ਬਰਾਤੇ ਲੁਕ ਛੁਪ ਕੇ ਸਮੁਚੇ ਮਨੁਖਾਂ ਨੂੰ ਹੜੱਪ ਜਾਣਾ ਪਰਪੰਚ ਨਹੀਂ ਤਾਂ ਹੋਰ ਕੀ ਹੈ?

(੬) ਇਸਤ੍ਰੀ ਪੁਰਖ, ਰਾਜੇ ਮਹਾਰਾਜੇ, ਸਾਰੇ ਮਾਸ ਤੋਂ ਪੈਦਾ ਹੋਏ ਹਨ ਤੇ ਸਗਵਾਂ ਮਾਸ ਹੀ ਹਨ। ਜੇ ਮਾਸ ਮਾੜੀ ਵਸਤੂ ਹੈ ਤਾਂ ਉਹ ਮਾਸ ਦੇ ਪੁਤਲੇ ਅਵੱਸ਼ ਨਰਕਾਂ ਦੇ ਭਾਗੀ ਹੋਣਗੇ। ਤਾਂ ਫਿਰ ਅਜਿਹੇ ਵਿਅਕਤੀਆਂ ਦੇ ਦਾਨ ਤੇ ਪਲਣ ਵਾਲੇ ਟੁਕੜ-ਬੋਚ ਪਾਂਡੇ ਕਿਵੇਂ ਸਵਰਗ ਜਾਣ ਦੀ ਆਸ ਰਖ ਸਕਦੇ ਹਨ ?

(੭) ਸਾਰੇ ਪਦਾਰਥ ਪਾਣੀ ਤੋਂ ਉਪਜਦੇ ਹਨ ਤੇ ਇਸ ਤਰ੍ਹਾਂ ਸਭ ਪਦਾਰਥਾਂ ਦਾ ਮੁਢ-ਮੂਲ ਪਾਣੀ ਮੰਨਿਆ ਜਾਂਦਾ ਹੈ। ਜਲ ਵਿਚ ਜੀਵਨ-ਸਤਾ ਹੈ ਤੇ ਇਸ ਤਰ੍ਹਾਂ ਜਲ ਸਲਾਹੁਣ-ਜੋਗ ਵਸਤੂ ਹੈ, ਤੇ ਜਲ ਤੋਂ ਉਪਜੇ ਸਭ ਪਦਾਰਥ ਵੀ ਸਲਾਹੁਣ-ਜੋਗ ਹਨ। ਪਰ ਜੇ ਜੀਵਨ ਲਈ ਨਿਰਬਾਹ ਮਾਤਰ ਵਰਤੋਂ ਕਰਨ ਦੀ ਬਜਾਏ ਇਹਨਾਂ ਪਦਾਰਥਾਂ ਨੂੰ ਚਸਕਿਆਂ ਦੇ ਅਧੀਨ ਅੰਨ੍ਹੇਵਾਹ ਸੇਵਨ ਕੀਤਾ ਜਾਵੇ ਤਾਂ ਅਜਿਹਾ ਕਰਨ ਨਾਲ ਸਰੀਰ ਪਰਫੁਲਤ ਹੋਣ ਦੀ ਬਜਾਏ ਪੀੜਿਆ ਜਾਂਦਾ ਹੈ ਅਤੇ ਰੋਗ ਦਾ ਵਿਕਾਰੀ ਹੋ ਜਾਂਦਾ ਹੈ। ਤਾਂ ਤੇ ਰਸਾਂ ਕਸਾਂ ਦੇ ਚਸਕਿਆਂ ਤੋਂ ਨਿਰਲੇਪ ਹੋ ਕੇ ਨਾਮ ਤੇ ਆਸ੍ਰਿਤ ਹੋਇਆਂ ਹੀ ਕੋਈ ਆਦਰਸ਼ਕ ਮਨੁਖ ਮੰਨਿਆ ਜਾ ਸਕਦਾ ਹੈ।

ਸੋ ਸਪੱਸ਼ਟ ਹੈ ਕਿ ਇਹਨਾਂ ਸਲੋਕਾਂ ਵਿਚ ਵੈਸ਼ਨਵ ਪਾਂਡਿਆਂ ਦੇ ਮਾਸ ਦੇ ਨਾਮ-ਮਾਤਰ ਤੋਂ ਭਿਟ ਜਾਣ ਦਾ ਭਰਮ ਨਿਵਿਰਤ ਕੀਤਾ ਗਿਆ ਹੈ। ਅਤੇ ਪਾਂਡਿਆਂ ਦੀਆਂ ਪਰਸਪਰ ਵਿਰੋਧੀ ਮਨੌਤਾਂ ਅਤੇ ਕਿਰਿਆਵਾਂ ਦਾ ਭਾਂਡਾ ਭੰਨਿਆ ਹੋਇਆ ਹੈ। ਸਾਡੇ ਮਾਸ-ਅਹਾਰੀ ਵੀਰਾਂ ਵਲੋਂ ਜੀਵਾਂ ਨੂੰ ਸੰਘਾਰ ਕੇ ਮਾਸ ਖਾਣ ਦੀ ਪੁਸ਼ਟੀ ਵਿਚ, ਇਸ ਸ਼ਬਦ ਦੀ ਹਵਾਲੇ ਵਜੋਂ ਵਰਤੋਂ, ਸਰਾ-ਸਰ ਬੇਪਰਜੀ ਹੈ।

## *ਮਾਸ ਦੇ ਵਿਰੋਧੀ ਭਗਤਾਂ ਦੀ ਨਿਰਾਦਰੀ–*

ਮਾਸ ਦੇ ਚਸਕੇ ਅਧੀਨ ਇਸ ਦੇ ਪੱਖ ਵਿਚ ਕਮਲ-ਪੁਣੇ ਦੀ ਹਦ ਤਕ ਗਏ ਡਾਕਟਰ ਸਾਹਿਬ ਲਿਖਦੇ ਹਨ :–

"ਕੁਠੇ ਨਾਲ ਦੂਜੇ ਮਾਸ ਨੂੰ ਜੋੜਨਾ ਗੁਰ-ਆਦੇਸ਼ ਦੇ ਵਿਰੁਧ ਜਾਣ ਸਮਾਨ ਹੈ। .....**ਭਾਈ ਰਣਧੀਰ ਸਿੰਘੀਆਂ** ਨੇ ਤਾਂ ਜਿਥੇ ਅੰਮ੍ਰਿਤ ਪਾਨ ਵਿਚ ਕੇਸਾਂ ਦੀ ਥਾਂ 'ਕੇਸਕੀ' ਨੂੰ ਕੱਕਾਰਾਂ ਵਿਚ ਸ਼ਾਮਲ ਕਰ ਲਿਆ, ਉਥੇ ਉਨ੍ਹਾਂ 'ਕੁੱਠਾ ਨਹੀਂ ਖਾਣਾ' ਦੀ ਥਾਂ ਇਹ ਬਦਲ ਲਿਆ ਕਿ ਕਿਸੇ ਵੀ ਜਾਨਵਰ ਦਾ ਮਾਸ ਨਹੀਂ ਖਾਣਾ। ਇਸ ਤਰ੍ਹਾਂ ਢਾਈ ਸੌ ਸਾਲ ਪਿਛੋਂ ਦਸਮ ਪਾਤਸ਼ਾਹ ਦੀ ਸਾਧਨਾ ਉਪਰ ਪਾਣੀ ਫੇਰਨ ਦਾ ਨਿਰਮੂਲ ਜਤਨ ਕੀਤਾ ਤੇ ਸਿੰਘਾਂ ਨੂੰ ਝਟਕੇ ਦੀ ਥਾਂ 'ਘਾਹ' ਖਾਣ ਲਈ ਕਿਹਾ। ਇਹ ਦਸਮ ਪਾਤਸ਼ਾਹ ਦੀ 'ਰਹਿਤ ਮਰਯਾਦਾ' ਨੂੰ ਤੋੜਨਾ ਹੈ। ਅਜਿਹੇ ਕੱਕਾਰਾਂ ਅਤੇ 'ਕੁਰਹਿਤਾਂ' ਵਾਲਾ ਛਕਿਆ ਅੰਮ੍ਰਿਤ ਕਦੀ ਗੁਰੂ ਕਾ ਅੰਮ੍ਰਿਤ ਹੋ ਹੀ ਨਹੀਂ ਸਕਦਾ।"

[ਸਿੰਘ ਸਭਾ ਪਤ੍ਰਿਕਾ, ਪੰਨਾ ੫੪

"**ਭਾਈ ਰਣਧੀਰ ਸਿੰਘੀਏ** ਅਤੇ ਉਨ੍ਹਾਂ ਦੇ ਅਨੁਆਈ ਪ੍ਰੋ: ਅਮਰਜੀਤ ਕੌਰ (ਗੁਰਸਿਖ ਰਹਿਣੀ ਪੰਨਾ ੫੨–੫੪] ਆਦਿ ਕੁੱਠੇ ਬਾਰੇ ਉਪਰੋਕਤ ਸਹੀ ਵਿਚਾਰ ਨੂੰ ਮਜ਼ਾਕ ਕਹਿੰਦੇ ਹਨ ਅਤੇ 'ਹਿੰਸਾ' ਨੂੰ ਮਾਸ ਨਾਲ ਐਂਵਾਈ ਜੋੜਦੇ ਹਨ। ਆਪਣੀ ਪੁਸ਼ਟੀ ਲਈ ਭਗਤ ਕਬੀਰ ਆਦਿ ਦੀ ਬਾਣੀ ਦੀ ਟੇਕ ਲੈਂਦੇ ਹਨ। **ਭਗਤ ਤਾਂ ਸਾਰੇ ਵੈਸ਼ਨਵ ਮਤ ਦੇ ਸਨ**, ਇਸ ਲਈ ਉਨ੍ਹਾਂ ਤਾਂ ਮਾਸ ਦਾ ਵਿਰੋਧ ਕਰਨਾ ਹੀ ਸੀ।"

[ਸਿੰਘ ਸਭਾ ਪਤ੍ਰਿਕਾ, ਪੰਨਾ ੫੮



'ਸੂਰਾ' ਅੰਮ੍ਰਿਤਸਰ, ਸਤੰਬਰ ੧੯੮੦

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਜੀਵਨ-ਪ੍ਰਯੰਤ ਗੁਰਮਤਿ ਰਹਿਤ ਦੇ ਸਮੱਗਰ ਹੁਕਮਾਂ ਤੇ ਬੜੇ ਬਿਖਮ ਹਾਲਾਤ ਵਿਚ ਵੀ ਡੱਟ ਕੇ ਪਹਿਰਾ ਦਿਤਾ। ਗੁਰਮਤਿ ਰਹਿਤ ਅਨੁਸਾਰ ਜੀਵਨ ਢਾਲਣਾ ਉਹਨਾਂ ਦਾ ਇਸ਼ਕ ਸੀ। ਆਪ ਜੀ ਅੰਦਰਲੀ ਅਤੇ ਬਾਹਰਲੀ ਰਹਿਤ ਵਿਚ ਪ੍ਰਪੱਕ ਰਹਿ ਤੇ ਪਰਮ-ਪਦ ਨੂੰ ਪ੍ਰਾਪਤ ਹੋਏ।

ਇਸ ਵਜੋਂ ਆਪ ਜੀ ਨੂੰ ਤਖ਼ਤ ਸਾਹਿਬਾਂ ਤੋਂ ਹੇਠ ਦਿਤੇ ਹੁਕਮਨਾਮਿਆਂ ਦੀ ਬਖ਼ਸ਼ਸ਼ ਦੁਆਰਾ ਨਿਵਾਜਿਆ ਗਿਆ ਤੇ ਇਹ ਹੁਕਮਨਾਮੇ ਉਨ੍ਹਾਂ ਦੀ ਗੁਰਮਤਿ ਰਹਿਤ-ਰਹਿਣੀ ਵਿਚ ਪ੍ਰਪਕਤਾ ਦਾ ਪਰਤੱਖ ਪ੍ਰਮਾਣ ਹਨ :—

੧. ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਬਖ਼ਸ਼ਸ਼ ਹੋਏ ਹੁਕਮਨਾਮੇ ਦੀ ਨਕਲ :—

ੴ ਵਾਹਿਗੁਰੂ ਜੀ ਕੀ ਫਤਹ ॥

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਹਾਜ਼ਰ ਹੋਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜੋਗ ਓਹਨਾਂ ਦੀ ਅਡੋਲ ਦ੍ਰਿੜ੍ਹਤਾ, ਨਿਸ਼ਕਾਮ ਕੁਰਬਾਨੀ ਅਰ ਗੁਰੂ ਪੰਥ ਦੀ ਉਘੀ ਸੇਵਾ ਲਈ ਪੰਥ ਵਲੋਂ ਪ੍ਰਸੰਸਾ ਪ੍ਰਗਟ ਕੀਤੀ ਜਾਂਦੀ ਹੈ। ਅਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਿਰੋਪਾਓ ਦੀ ਬਖ਼ਸ਼ਸ਼ ਕੀਤੀ ਜਾਂਦੀ ਹੈ। ਹੁਕਮ ਹੋਇਆ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਉਤੇ ਗੁਰੂ ਕੀਆਂ ਖੁਸ਼ੀਆਂ ਹੋਣ। ਉਹਨਾਂ ਦਾ ਸਿਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭੇ।

ਮੋਹਰ
ੴ ਸ੍ਰੀ ਅਕਾਲ ਜੀ ਸਹਾਇ
ਸ੍ਰੀ ਅਕਾਲ ਤਖ਼ਤ ਸਾਹਿਬ

੩੦ ਭਾਦਰੋਂ ਸੰਮਤ ਨਾਨਕ ਸ਼ਾਹੀ ੪੬੧
੩੦ ਭਾਦਰੋਂ ਬਿਕ੍ਰਮੀ ੧੯੮੮
੧੫ ਸਤੰਬਰ ਈਸਵੀ ੧੯੩੧
ਗੁਰਮੁਖ ਸਿੰਘ ਜੱਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ

੨. ਸ੍ਰੀ ਕੇਸ ਗੜ੍ਹ ਸਾਹਿਬ ਵਲੋਂ ਬਖ਼ਸ਼ਸ਼ ਹੋਏ ਹੁਕਮਨਾਮੇ ਦੀ ਨਕਲ :—

ੴ ਵਾਹਿਗੁਰੂ ਜੀ ਕੀ ਫਤਹ ॥

**ਤਖਤ ਸ੍ਰੀ ਕੇਸ ਗੜ੍ਹ ਸਾਹਿਬ**

ਅੰਮ੍ਰਿਤ-ਦਾਤਾ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਕਲਗੀਧਰ ਜੀ ਦੇ ਲਾਡਲੇ ਸਪੁੱਤਰ ਗੁਰੂ ਪੰਥ ਦੇ ਨਿਸ਼ਕਾਮ ਸੇਵਕ, ਗੁਰਦੁਆਰਾ ਸੁਧਾਰ ਦੇ ਅਰੰਭਕ, ਦਿਲੀ ਦੀ ਬੇਅਦਬੀ ਰੋਕਣ ਬਦਲੇ ੧੬ ਸਾਲ ਜੇਲ੍ਹ (ਗੁਫਾ) ਨਿਵਾਸ ਪਿਛੋਂ, ਜਿਥੇ ਕਿ ਆਪ ਜੀ ਨੇ ਖਾਲਸਾ ਰਹਿਤ ਬਹਿਤ ਅਤੇ ਹੋਰ ਧਾਰਮਿਕ ਅਸੂਲਾਂ ਬਦਲੇ ਅਕਹਿ ਤੇ ਅਸਹਿ ਕਸ਼ਟ ਪੁਰਾਤਨ ਖਾਲਸਾ ਜੀ ਦੀ ਤਰ੍ਹਾਂ ਅਡੋਲਤਾ ਸਹਿਤ ਸਹਾਰੇ, ਪਹਿਲੀ ਦਫਾ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਯਾਤਰਾ ਲਈ ਆਇਆਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਹਾਜ਼ਰ ਹੋਣ, ਅਤੇ ਤਖਤ ਸਾਹਿਬ ਜੀ ਦੀ ਹਜ਼ੂਰੀ ਵਿਚ ਅਖੰਡ ਕੀਰਤਨ ਕਰਨ ਪਸ਼ਚਾਤ ਹੁਕਮ ਹੋਇਆ ਕਿ "ਆਪ ਜੀ ਦੀ ਘਾਲ ਪਰਵਾਨ ਹੈ।" ਗੁਰੂ ਕਲਗੀਧਰ ਪਿਤਾ ਆਪ ਜੀ ਦਾ ਸਿਦਕ ਕੇਸਾਂ ਸੁਆਸਾਂ ਨਾਲ ਨਿਭਾਉਣ ਤੇ ਸਦਾ ਚੜ੍ਹਦੀਆਂ ਕਲਾਂ ਵਿਚ ਰਖਣ। ਇਸ ਸਮੇਂ ਆਪ ਜੀ ਨੂੰ ਹੁਕਮਨਾਮਾ ਤੇ ਸਿਰੋਪਾਓ ਬਖਸ਼ਸ਼ ਹੋਇਆ।

੧੩ ਚੇਤ ੪੭੧ ਗੁਰੂ ਨਾਨਕ
(੧੯੯੬ ਬਿਕ੍ਰਮੀ)
੨੫ ਮਾਰਚ ੧੯੪੦ ਈਸਵੀ

ਜਥੇਦਾਰ
ਤਖਤ ਸ੍ਰੀ ਕੇਸਗੜ੍ਹ ਸਾਹਿਬ

ਆਪ ਜੀ ਨੂੰ ਕਈ ਇਤਿਹਾਸਕ ਗੁਰਦਵਾਰਿਆਂ ਦੀ ਉਸਾਰੀ ਲਈ ਨੀਂਹ-ਪੱਥਰ ਰਖਣ ਵਾਲੇ ਪੰਜ ਪਿਆਰਿਆਂ ਵਿਚ ਸ਼ਾਮਲ ਕੀਤਾ ਜਾਂਦਾ ਰਿਹਾ।

ਜਿਨ੍ਹਾਂ ਗੁਰਸਿਖਾਂ ਨੂੰ ਜ਼ਿੰਦਗੀ ਵਿਚ ਭਾਈ ਸਾਹਿਬ ਰਣਧੀਰ ਸਿੰਘ ਦੀ ਨੇੜਤਾ ਦਾ ਸੁਭਾਗ ਪ੍ਰਾਪਤ ਹੋਇਆ, ਤੇ ਉਨ੍ਹਾਂ ਦੇ ਅੰਮ੍ਰਿਤ ਗੁੱਧੇ ਜੀਵਨ ਦੀ ਛੁਹ ਪ੍ਰਾਪਤ ਹੋਈ, ਉਨ੍ਹਾਂ ਵਿਚ ਇਕ ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ ਹਨ। ਪਦਮ ਜੀ "ਰਹਿਤਨਾਮੇ" ਸੰਪਾਦਨ ਕਰ ਕੇ, ਆਪਣੀ ਪੁਸਤਕ ਦਾ ਸਮਰਪਣ ਖਾਲਸਾ ਰਹਿਤ-ਰਹਿਣੀ ਦੇ ਸੂਰੇ ਗੁਰਸਿਖਾਂ ਨੂੰ ਹੇਠ ਲਿਖੇ ਸ਼ਬਦਾਂ ਵਿਚ ਕਰਦੇ ਹਨ—

"**ਸਮਰਪਣ**

ਸਿੰਘ ਰਹਿਤ ਮਰਯਾਦਾ ਦੀ ਸਾਕਾਰ ਮੂਰਤਿ

ਖਾਲਸਾ ਪੰਚਾਇਣ

ਭਾਈ ਸਾਹਿਬ ਭਾਈ ਰਣਧੀਰ ਸਿੰਘ, ਅਕਾਲੀ ਕੌਰ ਸਿੰਘ ਨਿਹੰਗ,
ਪੰਡਿਤ ਕਰਤਾਰ ਸਿੰਘ ਦਾਖਾ, ਗਿ: ਗੁਰਬਚਨ ਸਿੰਘ ਭਿੰਡਰਾਂ ਤੇ
ਜਥੇਦਾਰ ਸ਼ਰਮ ਸਿੰਘ ਜੀ ਦੇ ਨਾਂ।"

ਗੁਰਮਤੀ ਵਿਦਵਾਨਾਂ ਲਈ ਤਾਂ ਭਾਈ ਸਾਹਿਬ ਰਣਧੀਰ ਸਿੰਘ ਖਾਲਸਾ ਰਹਿਤ-ਰਹਿਣੀ ਦਾ ਆਦਰਸ਼ਕ ਨਮੂਨਾ ਹਨ, ਪਰ ਮਾਸ ਸ਼ਰਾਬ ਦੇ ਮੁਦਈ ਵਿਦਵਾਨ, ਜਿਹੜੇ ਰਹਿਤ ਵਿਚ ਛੋਟਾਂ ਤੇ ਖੁਲ੍ਹਾਂ ਚਾਹੁੰਦੇ ਹਨ, ਉਹ ਭਾਈ ਸਾਹਿਬ ਉਤੇ ਖਾਲਸਾ ਰਹਿਤ ਬਦਲਣ ਦੇ ਦੋਸ਼ ਥਪ ਰਹੇ ਹਨ।

ਪਰ ਸਾਤਵਿਕ ਗੁਣਾਂ ਦੇ ਪੁੰਜ ਹੁੰਦਿਆਂ ਸੁੰਦਿਆਂ ਸਾਰੀ ਉਮਰ ਆਪਣੇ ਆਪ ਨੂੰ ਸੰਤ ਨਹੀਂ ਅਖਵਾਇਆ, ਸਾਧਾਂ ਵਾਂਗ ਕੋਈ ਡੇਰਾ ਨਹੀਂ ਬਣਾਇਆ। ਸਾਰੀ ਉਮਰ ਭਾਈ ਸਾਹਿਬ ਹੀ ਰਹੇ। ਨਾ ਉਹਨਾਂ ਨੂੰ ਅਨੁਆਈ ਬਣਾਉਣ ਦਾ ਕੁਚਸਕਾ ਸੀ ਅਤੇ ਨਾ ਹੀ ਅਖੰਡ ਕੀਰਤਨੀ ਜਥੇ ਦਾ ਕੋਈ ਸਿੰਘ ਕਿਸੇ ਦਾ ਅਨੁਆਈ ਹੈ। ਭਾਈ ਸਾਹਿਬ ਜੀ ਦੇ, ਅਤੇ ਅਖੰਡ ਕੀਰਤਨੀ ਜਥੇ ਦੇ ਪ੍ਰੋ: ਅਮਰਜੀਤ ਕੌਰ ਵਿਰੁਧ ਕੋਝੀ ਸ਼ਬਦਾਵਲੀ ਵਰਤ ਕੇ ਡਾਕਟਰ ਜੀਤ ਸਿੰਘ ਨੇ ਆਪਣਾ ਅੰਜਾਣਪੁਣਾ ਤੇ ਹੋਛਾਪਣ ਪ੍ਰਗਟ ਕੀਤਾ ਹੈ। ਪ੍ਰੋ: ਅਮਰਜੀਤ ਕੌਰ ਦਾ ਦੋਸ਼ ਕੇਵਲ ਇਹ ਦਸਿਆ ਗਿਆ ਹੈ ਕਿ ਉਹ ਹਿੰਸਾ ਨੂੰ ਮਾਸ ਨਾਲ ਜੋੜਦੇ ਹਨ। ਇਸ ਵਿਚ ਕੀ ਝੂਠ ਹੈ? ਕੀ ਮਾਸ ਲਈ ਜੀਵ-ਹਤਿਆ ਨਹੀਂ ਕਰਨੀ ਪੈਂਦੀ? ਜੇ ਕਰਨੀ ਪੈਂਦੀ ਹੈ ਤਾਂ ਕੀ ਜੀਵ-ਹਤਿਆ ਹਿੰਸਾ ਨਹੀਂ? ਮਾਸ-ਭੋਜਨ ਨਿੰਦਤ ਤੇ ਵਿਵਰਜਿਤ ਹੀ ਇਸ ਲਈ ਹੈ ਕਿ ਮਾਸ-ਭੋਜਨ ਲਈ ਜ਼ੋਰ-ਜ਼ੁਲਮ (ਹਿੰਸਾ) ਦੀ ਵਰਤੋਂ ਕਰਨੀ ਪੈਂਦੀ ਹੈ।

ਮਾਸ ਦੀ ਲੋਭ-ਲਹਿਰ ਵਿਚ ਹਲਕਾਏ ਹੋਏ ਡਾਕਟਰ ਜੀਤ ਸਿੰਘ ਜੀ ਸੀਤਲ, ਮਾਸ ਵਰਗੀ ਨਿੰਦਤ ਵਸਤੂ ਨੂੰ ਮਹਾਂ ਪ੍ਰਸ਼ਾਦ ਅਤੇ ਛਤੀ ਪਰਕਾਰ ਦੇ ਅੰਨ-ਭੋਜਨ ਨੂੰ 'ਘਾਹ' ਹੀ ਦਸਦੇ ਹਨ। ਆਪ ਜੀ ਦੇ ਸ਼ੁਭ ਵਿਚਾਰਾਂ ਅਨੁਸਾਰ ਉਹ ਅੰਮ੍ਰਿਤ 'ਗੁਰੂ ਕਾ ਅੰਮ੍ਰਿਤ' ਨਹੀਂ ਜਿਸ ਵਿਚ ਕਰੰਗ-ਬਿਖੁ (ਮਾਸ) ਖਾਣ ਦੀ ਖੁਲ੍ਹ ਨਾ ਦਿਤੀ ਜਾਏ। ਰੱਬ ਨ ਕਰੇ ਜੇ ਡਾਕਟਰ ਜੀਤ ਸਿੰਘ ਜੀ ਨੂੰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਤੋਂ ਇਲਾਵਾ ਕੁਝ ਹੋਰ ਅਗ੍ਹਾਂ-ਵਧੂ ਸੰਸਥਾਵਾਂ ਦੀ ਸਰਪ੍ਰਸਤੀ ਪ੍ਰਾਪਤ ਹੋ ਜਾਏ ਤਾਂ ਕਿਸੇ ਦਿਨ ਨੂੰ ਖੰਡੇ ਦੇ ਅੰਮ੍ਰਿਤ ਦੀ ਬਜਾਏ ਮਾਸ ਖਾਣਾ ਹੀ ਗੁਰੂ ਕਾ ਅੰਮ੍ਰਿਤ ਬਣ ਜਾਏਗਾ ਅਤੇ ਕੜਾਹ ਪ੍ਰਸ਼ਾਦ ਦੀ ਥਾਵੇਂ **ਮਹਾਂ ਪ੍ਰਸ਼ਾਦ**? (ਮਾਸ) ਹੀ ਵਰਤਾਇਆ ਜਾਇਆ ਕਰੇਗਾ।

ਅਜਿਹੀ ਨਿਘਰੀ ਹੋਈ ਦਸ਼ਾ ਦੇ ਸੰਬੰਧ ਵਿਚ ਹੀ ਸਤਿਗੁਰਾਂ ਨੇ ਫੁਰਮਾਇਆ ਸੀ :—

ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ॥ (੧੨੯੦)

ਸਾਰੇ ਲੇਖ ਵਿਚ ਜਿਹੜੀ ਗੱਲ ਸਭ ਤੋਂ ਜ਼ਿਆਦਾ ਇਤਰਾਜ਼ ਯੋਗ ਅਤੇ ਨਿੰਦਤ ਹੈ ਉਹ ਹੈ ਡਾ: ਸਾਹਿਬ

ਦਾ ਜੀਵ-ਹਤਿਆ ਦਾ ਵਿਰੋਧ ਕਰਨਹਾਰੇ ਸ੍ਰੀ ਕਬੀਰ ਜੀ ਅਤੇ ਹੋਰ ਭਗਤ ਜਨਾਂ ਵਿਰੁਧ ਦੋਸ਼ ਕਿ **ਭਗਤ ਸਾਰੇ ਵੈਸ਼ਨਵ ਮਤ ਦੇ ਧਾਰਨੀ ਸਨ। ਇਹ ਕੁਫ਼ਰ ਤੋਲਣ ਅਤੇ ਜ਼ਬਾਨ-ਦਰਾਜ਼ੀ ਕਰਨ ਦੀ ਸਿਖਰ ਹੈ।**

ਡਾਕਟਰ ਸਾਹਿਬ ਦਸਣ ਦੀ ਕ੍ਰਿਪਾਲਤਾ ਕਰਨ ਕਿ ਜੇ ਸਾਰੇ ਭਗਤ ਜਿਨ੍ਹਾਂ ਦੀ ਬਾਣੀ ਵਿਚ ਮਾਸ ਦੀ ਵਿਰੋਧਤਾ ਕੀਤੀ ਮਿਲਦੀ ਹੈ, ਵੈਸ਼ਨਵ ਮਤ ਦੇ ਧਾਰਨੀ ਸਨ ਤੇ ਉਹਨਾਂ ਦੀ ਬਾਣੀ ਗੁਰਮਤਿ ਅਨੁਸਾਰੀ ਨਹੀਂ ਸੀ ਤਾਂ ਇਹ ਪ੍ਰਵਾਨ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਵੇਂ ਚੜ੍ਹਾਈ ਗਈ, ਜਦ ਕਿ ਕਾਨ੍ਹਾ ਛਜੂ ਆਦਿ ਭਗਤਾਂ ਦੀ ਬਾਣੀ ਗੁਰਮਤਿ-ਵਿਰੋਧੀ ਹੋਣ ਕਾਰਨ ਪ੍ਰਵਾਨ ਨਾ ਕੀਤੀ ਗਈ ?

ਫਿਰ ਜਿਨ੍ਹਾਂ ਭਗਤਾਂ ਦਾ ਡਾਕਟਰ ਸਾਹਿਬ ਵੈਸ਼ਨਵ ਮਤ ਦੇ ਧਾਰਨੀ ਆਖ ਕੇ ਤ੍ਰਿਸਕਾਰ ਕਰ ਰਹੇ ਹਨ, ਉਹਨਾਂ ਨੂੰ ਸਤਿਗੁਰੂ ਪਾਤਸ਼ਾਹ ਖ਼ੁਦ 'ਗੁਰਮਤਿ ਦੇ ਧਾਰਨੀ' ਅਤੇ 'ਬ੍ਰਹਮ ਕੇ ਬੇਤੇ' ਦਸ ਕੇ ਵਡਿਆ ਰਹੇ ਹਨ—

ਨਾਮਾ ਛੀਬਾ ਕਬੀਰ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥
ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥੩॥

[ਸਿਰੀਰਾਗੁ ਮ. ੩, ਪੰਨਾ ੬੭

ਸਦ ਅਫਸੋਸ ਡਾਕਟਰ ਜੀਤ ਸਿੰਘ ਜੀ ਦੀ ਅਸ਼ਰਧਕ ਜ਼ਹਿਨੀਅਤ ਉਤੇ, ਅਤੇ ਸਦ ਸਦ ਅਫ਼ਸੋਸ ਕੇਂਦਰੀ ਸਿੰਘ ਸਭਾ ਦੇ ਗੁਰਮਤਿ ਪ੍ਰਚਾਰ ਦੇ ਪਰਦੇ ਥਲੇ ਪੰਥ-ਘਾਤਕ ਸਾਹਿੱਤ ਛਾਪ ਕੇ ਪੰਥ ਨਾਲ ਧ੍ਰੋਹ ਕਮਾਉਣ ਉਤੇ।

ਅਖੰਡ ਕੀਰਤਨੀ ਜਥੇ ਵਲੋਂ ਮਾਸ ਦਾ ਵਿਰੋਧ ਕੀਤੇ ਜਾਣ ਤੋਂ ਛਿਥੇ ਪਏ ਹੋਇ ਡਾਕਟਰ ਸਾਹਿਬ, ਗੁਰਮਤਿ ਰਹਿਤ ਰਹਿਣੀ ਦੇ ਆਸ਼ਕ ਗੁਰਸਿਖਾਂ ਵਿਰੁਧ ਫ਼ਤਵੇ ਸਾਦਰ ਕਰਨ ਤੇ ਉਤਰ ਆਏ ਹਨ :—

"ਇਹ ਵੀ ਰਾਧਾ ਸਵਾਮੀ ਵਿਚਾਰਧਾਰਾ ਵਿਚ ਰੁੜ੍ਹ ਗਏ ਜਾਪਦੇ ਹਨ। **ਇਹਨਾਂ ਲੋਕਾਂ ਨੂੰ ਸਿੰਘ ਕਹਿਣਾ ਵੀ ਭੁਲ ਹੋਵੇਗੀ। ਇਹ ਗੁਰੂ ਕਲਗੀਆਂ ਵਾਲੇ ਦੇ ਖੰਡੇ ਦੇ ਅੰਮ੍ਰਿਤਧਾਰੀ ਨਹੀਂ.** ਸਗੋਂ ਸਾਕਾਹਾਰੀ ਤੇ ਵੈਸ਼ਨਵ ਬ੍ਰਾਹਮਣੀ ਸਿਖ ਹਨ, ਜਿਨ੍ਹਾ ਨੇ ਆਪਣੀ ਅੰਮ੍ਰਿਤ ਵਿਧੀ ਹੀ ਵਖਰੀ ਘੜ ਲਈ ਹੈ।' [ਸਿੰਘ ਸਭਾ ਪਤ੍ਰਿਕਾ, ਪੰਨਾ ੫੮

ਪੰਜਾਬੀ ਵਿਚ ਮਿਸਲ ਮਸ਼ਹੂਰ ਹੈ—"ਰੱਬ ਗੰਜੇ ਨੂੰ ਨਹੁੰ ਨ ਦੇਵੇ", ਜੇ ਡਾਕਟਰ ਜੀਤ ਸਿੰਘ ਜੀ ਦੇ ਵਸ ਹੋਵੇ ਤਾਂ ਮਾਸ ਸ਼ਰਾਬ ਅਤੇ ਪਰ-ਤਨ-ਗਮਨ ਦਾ ਵਿਰੋਧ ਕਰਨ ਵਾਲਿਆਂ ਸਾਰਿਆਂ ਨੂੰ ਤੁਰੰਤ ਸਿਖੀਓਂ ਖਾਰਜ ਕਰ ਦੇਵੇ। ਨਸ਼ਿਆਂ ਦੇ ਮੁਦਈ (ਵਕਾਲਤ ਕਰਨ ਵਾਲੇ) ਡਾਕਟਰ ਜੀ ਕੀ ਜਾਣਨ ਕਿ ਜਿਨ੍ਹਾਂ ਨੂੰ ਖੰਡੇ ਦੇ ਅੰਮ੍ਰਿਤ ਦੀ ਦਾਤਿ ਮਿਲੀ ਹੈ ਓਨ੍ਹਾਂ ਨੂੰ ਹੋਛੇ ਨਸ਼ਿਆਂ ਤੇ ਚਸਕਿਆਂ ਦੀ ਝਾਕ ਨਹੀਂ ਰਹਿੰਦੀ।

ਸਿਆਣੇ ਆਖਦੇ ਹਨ ਕਿ ਜਦੋਂ ਸ਼ੈਤਾਨ ਕੁਰਾਨ ਦੀ ਗੱਲ ਕਰੇ ਤਾਂ ਖ਼ਬਰਦਾਰ ਹੋ ਜਾਓ, ਕਿਉਂਕਿ ਕੁਰਾਨ ਪੜ੍ਹਨਾ ਸ਼ੈਤਾਨ ਦਾ ਈਮਾਨ ਨਹੀਂ। ਅਜਿਹਾ ਕਰਨਾ ਉਸਦੀ ਕੋਈ ਗੁਪਤ ਚਾਲ ਹੁੰਦੀ ਹੈ। ਡਾਕਟਰ ਸੀਤਲ ਖਾਲਸਾ ਰਹਿਤ ਦੀ ਵਿਆਖਿਆ ਦੀ ਆੜ ਵਿਚ ਇਸਦੀ ਰੂਪ-ਰੇਖਾ ਵਿਗਾੜਨ ਅਤੇ ਦੂਜੇ ਪਾਸੇ ਪੰਥ ਨੂੰ ਪਾਟੋ-ਲੀਰ ਕਰਨ ਦੀ ਕੁਟਲ ਚਾਲ ਚਲ ਰਹੇ ਹਨ। ਬਦਕਿਸਮਤੀ ਦੀ ਗੱਲ ਹੈ ਕਿ ਉਹ ਕੇਂਦਰੀ ਸਿੰਘ ਸਭਾ ਦੀ ਓਟ ਲੈ ਕੇ ਇਹ ਨਾਕਸ ਖੇਡ ਖੇਡਣ ਲਗੇ ਹਨ। ਰਹਿਤਵਾਨ ਸਿਖ ਹੋਣ ਦੇ ਸਾਨੂੰ ਦਾਅਵੇ ਬੰਨ੍ਹਣ ਦੀ ਭੈੜੀ ਵਾਦੀ ਨਹੀਂ। [ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ]।ਨਿਰਮਾਣ ਤੇ ਨਿਸਕਾਮ ਭਾਵਨਾ ਨਾਲ ਪੰਥ ਦੇ ਚਰਨਾਂ ਵਿਚ ਰਹਿ ਕੇ ਗੁਰਸਿਖੀ ਕਮਾਉਣਾ ਤੇ ਪ੍ਰਚਾਰਨਾ ਹੀ ਸਾਡਾ ਨਿਸ਼ਾਨਾ ਹੈ। ਪਰ ਜੇ ਸ਼ਰਾਬ ਕਬਾਬ ਦੇ ਮੁਦਈ(ਵਕਾਲਤ ਕਰਨ ਵਾਲੇ) ਵਿਦਵਾਨ,ਕੇਂਦਰੀ ਸਿੰਘ ਸਭਾ ਦੀ ਸਰਪ੍ਰਸਤੀ ਹੇਠ ਸਾਨੂੰ ਸਿੱਖੀ ਅਤੇ ਪੰਥ ਤੋਂ ਖਾਰਜ ਕਰਨ ਦੇ ਹੋਛੇ ਹਥਿਆਰਾਂ ਉਤੇ ਉਤਰ ਆਏ ਹਨ ਤਾਂ ਅਸੀਂ ਆਪਣੇ ਸਤਿਗੁਰੂ ਦੇ ਬਲ-ਬੋਤੇ

ਉਤੇ ਅਤੇ ਸਿੱਖੀ ਨਾਲ ਹਾਰਦਿਕ ਹਿਤ ਹੋਣ ਦੇ ਨਾਤੇ, ਇਹ ਕਹਿਣ ਵਿਚ ਰਤਾ ਸੰਕੋਚ ਨਹੀਂ ਕਰਦੇ ਕਿ ਅਸੀਂ ਗੁਰੂ ਕੇ ਅੰਮ੍ਰਿਤ-ਧਾਰੀ, ਸ਼ਸਤ੍ਰ-ਧਾਰੀ ਅਤੇ ਰਹਿਤ-ਧਾਰੀ ਨਿਮਾਣੇ ਤੇ ਨਿਗੂਣੇ ਸਿੰਘ ਅਤੇ ਪੰਥ ਦੇ ਨਿਸ਼ਕਾਮ ਸੇਵਾਦਾਰ ਹਾਂ, ਜਿਹੜਾ ਸਾਨੂੰ ਸਿੱਖੀ ਤੋਂ ਤੋੜਨ ਦੀ ਜਾਂ ਪੰਥ ਵਿਰੁਧ ਫਿਰਕਿਆਂ ਨਾਲ ਤੁਲਣਾ ਦੇਣ ਦੀ ਗੱਲ ਜ਼ਬਾਨ ਤੇ ਲਿਆਵੇਗਾ, ਉਸ ਨੂੰ ਕੁਸਕਣ ਨਹੀਂ ਦਿਆਂਗੇ। ਗੁਰਬਾਣੀ ਅਤੇ ਗੁਰਬਾਣੀ ਦੇ ਆਸ਼ੇ ਅਨੁਸਾਰੀ ਰਹਿਤਨਾਮਿਆਂ ਉਤੇ ਅਧਾਰਤ ਰਹਿਤ ਦੀ ਧਾਰਨਾ ਨਿਜੀ ਤੌਰ ਤੇ ਕਰਨਾ ਅਤੇ ਇਸ ਰਹਿਤ ਦਾ ਪਰਚਾਰ ਕਰਨਾ ਸਾਡਾ ਪ੍ਰਮੁਖ ਨਿਸ਼ਾਨਾ ਹੈ। ਇਸ ਰਹਿਤ ਵਿਚ ਰਲਾ ਪਾਏ ਜਾਣ ਜਾਂ ਇਸ ਦੀ ਰੂਪ-ਰੇਖਾ ਵਿਗਾੜੇ ਜਾਣ ਵਿਰੁਧ ਅਸੀਂ ਸਦਾ ਜਾਨ ਦੀ ਬਾਜ਼ੀ ਲਾ ਕੇ ਚੌਕੀਦਾਰੀ ਕਰਦੇ ਰਹਾਂਗੇ।

ਉਪ੍ਰੋਕਤ ਵਿਚਾਰਾਂ ਦਾ ਤੱਤ-ਸਾਰ ਇਹ ਹੈ ਕਿ–

(੧) ਮਾਸ ਖਾਣ ਵਿਚ ਜੀਵ-ਹਤਿਆ ਹੁੰਦੀ ਹੈ ਤੇ ਜੀਵ-ਹਤਿਆ ਗੁਰਬਾਣੀ ਅਨੁਸਾਰ ਪਾਪ-ਕਰਮ, ਅਥਵਾ ਕੁਰਹਿਤ ਹੈ।

(੨) ਜਾਨਵਰਾਂ ਨੂੰ ਮਾਰ ਕੇ ਉਹਨਾਂ ਦਾ ਮਾਸ ਖਾਣਾ ਮੁਰਦਾਰ ਖਾਣ ਵਾਲੀ ਗੱਲ ਹੈ। ਮੁਰਦਾਰ ਖਾਣ ਵਾਲੇ ਦੀ ਹਾਮਾ ਗੁਰੂ ਪੀਰ ਕਿਵੇਂ ਭਰ ਸਕਦਾ ਹੈ ?

(੩) 'ਕੁੱਠਾ' ਦਾ ਅਰਥ ਮਾਰਿਆ ਹੋਇਆ, ਭਾਵ ਮੁਰਦਾਰ ਹੈ। ਇਸ ਨੂੰ "ਮੁਸਲਮਾਨੀ ਤਰੀਕੇ ਨਾਲ ਮਾਰਿਆ ਹੋਇਆ" ਆਖਣਾ ਮਾਸਾਹਾਰੀ ਵੀਰਾਂ ਦਾ ਮਨ-ਘੜਤ ਢਕਵੰਜ ਹੈ।

(੪) ਲੋਭ ਲਾਲਚ ਅਧੀਨ ਬੇਜ਼ਬਾਨ ਜਾਨਵਰਾਂ ਤੇ ਜ਼ੁਲਮ ਕਰਨਾ ਕਾਇਰਤਾ ਹੈ, ਬਹਾਦਰੀ ਨਹੀਂ। ਇਸ ਦੇ ਉਲਟ ਦੀਨ-ਦੁਖੀਆਂ ਦੀ ਖ਼ਾਤਰ ਕੁਰਬਾਨੀ ਲਈ ਤੱਤਪਰ ਰਹਿਣਾ ਬਹਾਦਰੀ ਹੈ।

(੫) ਗੁਰੂ ਸਾਹਿਬਾਨ ਦਾ ਸ਼ਿਕਾਰ ਖੇਡਣਾ ਲੋਭ-ਲਾਲਚ ਜਾਂ ਚਸਕਿਆਂ ਅਧੀਨ ਨਹੀਂ, ਸਗੋਂ ਪਰ-ਉਪਕਾਰ ਹਿਤ ਅਤੇ ਸ਼ਸਤਰ-ਅਭਿਆਸ ਲਈ ਸੀ।

(੬) ਕੁਰੂਕਸ਼ੇਤਰ ਵਾਲੀ ਸਾਖੀ ਤੋਂ ਮਾਸ ਖਾਣ ਦੀ ਪੁਸ਼ਟੀ ਨਹੀਂ ਹੁੰਦੀ। ਸਾਰੇ ਸਾਖੀਕਾਰ ਇਸ ਗੱਲ ਤੇ ਸਹਿਮਤ ਹਨ ਕਿ ਚਰਚਾ ਮਗਰੋਂ ਜੋ ਕੁਝ ਹਾਂਡੀ ਵਿਚੋਂ ਨਿਕਲਿਆ ਤੇ ਵਰਤਾਇਆ ਗਿਆ, ਉਹ ਮਾਸ ਨਹੀਂ ਸੀ। ਇਸ ਘਟਨਾ ਦੇ ਸੰਬੰਧ ਵਿਚ ਉਚਾਰੇ ਗਏ ਸਲੋਕਾਂ ਤੋਂ ਮਾਸ ਖਾਣ ਦੀ ਪੁਸ਼ਟੀ ਨਹੀਂ ਹੁੰਦੀ।

(੭) ਮਾਸ ਖਾਣ ਸੰਬੰਧੀ ਇਤਿਹਾਸ ਅਤੇ ਰਹਿਤਨਾਮਿਆਂ ਵਿਚ ਰਲਾ ਧਰਮ ਦੇ ਦੋਖੀਆਂ ਨੇ, ਖਾਲਸੇ ਦਾ ਅਹਾਰ, ਵੀਚਾਰ ਅਤੇ ਆਚਾਰ ਨਸ਼ਟ ਕਰਨ ਲਈ ਪਾਇਆ। ਮਾਸ ਦੇ ਚਸਕਾਲੂ ਇਸ ਰਲੇ ਦੀ ਆੜ ਲੈ ਕੇ ਆਪਣਾ ਉੱਲੂ ਸਿੱਧਾ ਕਰ ਰਹੇ ਹਨ।

## ਦਸਤਾਰ (ਕੇਸਕੀ)

ਦਸਤਾਰ (ਕੇਸਕੀ) ਖਾਲਸਾ ਰਹਿਤ-ਰਵਾਇਤ ਦਾ ਮਹੱਤਵ ਪੂਰਨ ਤੇ ਅਨਿਖੜਵਾਂ ਅੰਗ ਹੈ :—

(ੳ) ਸਾਰੇ ਗੁਰੂ ਸਾਹਿਬਾਨ ਕੇਸਾਧਾਰੀ ਅਤੇ ਦਸਤਾਰ-ਧਾਰੀ ਹੋਏ ਅਤੇ ਇਸ ਤਰ੍ਹਾਂ ਉਹਨਾਂ ਨੇ ਆਪਣੇ ਸਿਖਾਂ ਲਈ ਕੇਸਾਧਾਰੀ ਅਤੇ ਦਸਤਾਰ-ਧਾਰੀ ਹੋਣ ਦਾ ਅਮਲੀ ਰੂਪ ਵਿਚ ਪੂਰਨਾ ਪਾਇਆ।

(ਅ) ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ (ਗੁਰੂ) ਅਮਰਦਾਸ ਜੀ ਨੂੰ, ਉਹਨਾਂ ਦੀ ਅਟੁੱਟ ਸੇਵਾ ਤੇ ਪ੍ਰਸੰਨ ਹੋ ਕੇ ਜੋ "ਸਿਰੋਪਾਉ" ਸਮੇਂ ਸਮੇਂ ਬਖਸ਼ਿਆ ਜਾਂਦਾ ਰਿਹਾ, ਉਹ ਦਸਤਾਰ ਹੀ ਸੀ। ਅਜ ਵੀ ਤਖਤ ਸਾਹਿਬਾਂ ਅਤੇ ਹੋਰ ਇਤਿਹਾਸਕ ਗੁਰਦਵਾਰਿਆਂ ਤੋਂ ਸਿਰੋਪਾਉ ਵਜੋਂ ਦਸਤਾਰ ਦੀ ਬਖਸ਼ਸ਼ ਕੀਤੇ ਜਾਣ ਦੀ ਹੀ ਪ੍ਰਥਾ ਹੈ।

(ੲ) ਪੰਜਵੇਂ ਜਾਮੇ ਵਿਚ "ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤਿ ਸੂਰਤਿ ਦਸਤਾਰ ਸਿਰਾ"* ਦਾ ਉਪਦੇਸ਼ ਗੁਰਬਾਣੀ ਵਿਚ ਅੰਕਤ ਕੀਤੇ ਜਾਣ ਨਾਲ ਸਾਰੇ ਗੁਰਸਿਖਾਂ (ਪੁਰਸ਼ ਅਤੇ ਇਸਤ੍ਰੀ) ਲਈ ਸਾਬਤ ਸੂਰਤ, ਭਾਵ ਕੇਸਾਧਾਰੀ ਅਤੇ ਦਸਤਾਰ-ਧਾਰੀ ਹੋਣਾ ਹੁਕਮਨ ਲਾਜ਼ਮੀ ਹੋ ਗਿਆ।

(ਸ) ਮਾਤਾ ਭਾਗ ਕੌਰ ਜੀ ਬਾਰੇ ਇਤਿਹਾਸ ਵਿਚ ਆਉਂਦਾ ਹੈ ਕਿ ਉਹ ਪਰਮ-ਹੰਸ (ਬ੍ਰਹਮ ਗਿਆਨੀ) ਦੀ ਅਵਸਥਾ ਨੂੰ ਪ੍ਰਾਪਤ ਹੋ ਕੇ ਨਗਨ ਵਿਚਰਨ ਲਗੇ। ਕਲਗੀਧਰ ਪਾਤਸ਼ਾਹ ਪਾਸ ਇਹ ਖ਼ਬਰ ਪੁਜੀ ਤਾਂ ਉਹਨਾਂ ਨੇ ਜੋ ਬਚਨ ਮਾਤਾ ਭਾਗ ਕੌਰ ਜੀ ਪ੍ਰਤੀ ਕਹੇ, ਉਹ ਸੂਰਜ ਪ੍ਰਕਾਸ਼ ਵਿਚ ਇਸ ਤਰ੍ਹਾਂ ਅੰਕਤ ਹਨ :—

ਗਰੁਵੀ ਸਾਂਗ ਹਾਥ ਮਹਿ ਧਰੈ ॥ ਸਦਾ ਆਨੰਦ ਏਕ ਰਸ ਥਿਰੈ ॥
ਕੇਤਕ ਮਾਸ ਨਗਨ ਜਬ ਰਹੀ ॥ ਇਕ ਦਿਨ ਦੇਖ ਨਿਕਟ ਗੁਰ ਕਹੀ ॥
ਸੁਨ ਮਾਈ ਭਾਗ ਕੌਰ ਸਚਿਆਰੀ ॥ ਕੁਲ ਨੈਨਹਿ ਸੁਸਰਾਰਿ ਉਬਾਰੀ ॥
ਪਰਮ-ਹੰਸ ਅਵਸਥਾ ਪਾਈ ॥ ਤੁਝ ਕੋ ਦੋਸ ਨ ਲਾਗੈ ਕਦਾਈ ॥
ਰਹਿਨ ਦਿਗੰਬਰ ਤੁਝ ਬਨਿ ਆਈ॥ ਇਕ ਰਸ ਬਿਰਤੀ ਭਈ ਲਿਵ ਲਾਈ॥
ਤਨ ਹੰਤਾ ਸਭ ਰਿਦੈ ਬਿਨਾਸੀ ॥ ਪਾਇਓ ਪਰਮ ਰੂਪ ਅਬਿਨਾਸੀ ॥
ਤਊ ਸੰਗ ਤੂ ਰਹਿਤ ਹਮਾਰੇ ॥ ਪਹਿਰਿ ਕਾਛ ਲਘੁ ਸਿਰ ਦਸਤਾਰੇ ॥

[ਰੁਤਿ ੬, ਅੰਸੂ ੨੨, ਜਿਲਦ ੧੪, ਪੰਨਾ ੬੦੯੮

ਇਸ ਤੋਂ ਇਹ ਤੱਥ ਪ੍ਰਮਾਣਿਤ ਹੁੰਦਾ ਹੈ ਕਿ ਨੰਗੇਜ ਢਕਣ ਲਈ ਜਿੰਨਾ ਕਛਹਿਰਾ ਜ਼ਰੂਰੀ ਹੈ ਓਨੀ ਹੀ ਗੁਰੂ ਕੀ ਮੁਹਰ ਸਿਰ ਦੇ ਕੇਸਾਂ ਨੂੰ ਢਕਣ ਅਤੇ ਸੰਭਾਲਣ ਲਈ ਦਸਤਾਰ ਜ਼ਰੂਰੀ ਹੈ। ਅਤੇ ਕੀ ਪੁਰਸ਼ ਤੇ ਕੀ ਇਸਤ੍ਰੀ ਸਾਰੇ ਸਿਖਾਂ ਲਈ ਦਸਤਾਰ ਸਜਾਉਣ ਦਾ ਲਾਜ਼ਮੀ ਹੁਕਮ ਹੈ।

(ਹ) ਰਹਿਤਨਾਮਿਆਂ ਵਿਚ ਜਿਥੇ ਨੰਗੇ ਸਿਰ ਵਿਚਰਨ ਵਿਰੁਧ ਉਪਦੇਸ਼ ਅੰਕਤ ਹਨ ਓਥੇ ਦਸਤਾਰ(ਕੇਸਕੀ) ਨੂੰ ਰਹਿਤ ਕਰਕੇ ਵੀ ਦ੍ਰਿੜ੍ਹਾਇਆ ਹੋਇਆ ਹੈ :—

ਅੰਮ੍ਰਿਤ ਛਕਨੇ ਵਾਲੇ ਨੂੰ ਪਹਿਲੇ ਕਛ ਪਹਿਰਾਨੀ, ਕੇਸ ਇਕੱਠੇ ਕਰ ਜੂੜਾ ਦਸਤਾਰ ਸਜਾਵਨੀ, ਗਾਤ੍ਰੇ ਸ੍ਰੀ ਸਾਹਿਬ ਹਾਥ ਜੋੜ ਖੜਾ ਰਹੇ ॥

[ਰਹਿਤਨਾਮਾ ਭਾ: ਦਯਾ ਸਿੰਘ ਜੀ

ਜੂੜਾ ਸੀਸ ਕੇ ਮਧ ਭਾਗ ਮੈਂ ਰਾਖੈ, ਔਰ ਪਾਗ ਬਡ਼ੀ ਬਾਂਧੈ,
ਕੇਸ ਢਾਂਪ ਰਖੈ, ਕੰਘਾ ਦ੍ਵੈ ਕਾਲ ਕਰੈ, ਪਾਗ ਚੁਨ ਕਰ ਬਾਧੇ ॥

[ਰਹਿਤਨਾਮਾ ਭਾ: ਦਯਾ ਸਿੰਘ ਜੀ

ਇਸਤ੍ਰੀਓਂ ਕਾ ਸੀਸ ਜੂੜੇ ਵਤ ਕਰਾਵੈ, ਲੰਬਾ ਨ ਕਰਾਵੈ ॥

[ਰਹਿਤਨਾਮਾ ਭਾ: ਦਯਾ ਸਿੰਘ ਜੀ

ਪੁਨ ਸਤਿਗੁਰ ਉਨ ਸਿਛਯਾ ਦਈ ॥ ਮੀਣੇ ਮਸੰਦਨ ਬਰਤਯੋ ਨਹੀ ॥
ਕੁੜੀਮਾਰ ਰਮਰਈ ਨੜੀਮਾਰ ॥ ਜੋ ਇਨ ਮਿਲੇ ਸੋ ਹੋਇ ਖ੍ਵਾਰ ॥

*ਮਾਰੂ ਮ: ੫, ਪੰਨਾ ੧੦੮੪, ਪਦਾ ੧੨।

ਜਥਾ ਸਕਤ ਗੁਰ ਗੋਲਕ ਪਾਯੋ ॥ ਕੜਾਹ ਕਰਾਇ ਖਾਲਸੇ ਛਕਾਯੋ ॥
ਪਹਿਰ ਕਛਹਿਰੇ ਸਿਰ ਬੰਧਯੋ ਪਾਗ ॥ ਗੁਰ ਗ੍ਰੰਥ ਬਚਨ ਪਰ ਰਹਯੋ ਲਾਗ ॥

[ਗੁਰ ਪੰਥ ਪ੍ਰਕਾਸ਼, ਭਾ: ਰਤਨ ਸਿੰਘ ਜੀ ਭੰਗੂ

ਦੁਇ ਵੇਲੇ ਉਠ ਬੰਧਯੋ ਦਸਤਾਰੰ ॥ ਪਹਰ ਆਠ ਰਖਯੋ ਸੰਭਾਰੰ ॥

[ਗੁਰ ਪੰਥ ਪ੍ਰਕਾਸ਼, ਭਾ: ਰਤਨ ਸਿੰਘ ਜੀ ਭੰਗੂ

ਜੋ ਅੰਮ੍ਰਿਤ ਛਕਿਆ ਚਾਹੈ, ਕੱਛ ਪਹਿਰਾਵੇ ॥ ਕੇਸ ਇਕੱਠੇ ਕਰਿ ਜੂੜਾ ਕਰੇ ॥ ਦਸਤਾਰ ਸਜਾਵੇ ॥

[ਸੁਧਰਮ ਮਾਰਗ ਗ੍ਰੰਥ

ਪਾਗ ਉਤਾਰਿ ਪ੍ਰਸਾਦ ਜੋ ਪਾਵੈ ॥ ਸੋ ਸਿਖ ਕੁੰਭੀ ਨਰਕ ਸਿਧਾਵੈ ॥

[ਰਹਿਤਨਾਮਾ ਭਾ: ਪ੍ਰਹਿਲਾਦ ਸਿੰਘ ਜੀ

ਕੰਘਾ ਦੋਨੋਂ ਵਕਤ ਕਰ, ਪਾਗ ਚੁਨੇ ਕਰ ਬਾਂਧਈ ॥
ਦਾਤਨ ਨੀਤ ਕਰੇਇ, ਨ ਦੁਖ ਪਾਵੈ ਲਾਲ ਜੀ ॥

[ਤਨਖ਼ਾਹਨਾਮਾ ਭਾ: ਨੰਦ ਲਾਲ ਜੀ

ਪ੍ਰਾਤ ਇਸਨਾਨ ਜਤਨ ਸੋ ਸਾਧੇ ॥ ਕੰਘਾ ਕਰਦ ਦਸਤਾਰਹਿ ਬਾਂਧੇ ॥

[ਰਹਿਤਨਾਮਾ ਭਾ: ਦੇਸਾ ਸਿੰਘ ਜੀ

(ਕ) ਜਿਥੇ ਬਾਕੀ ਬੇਦ-ਕਤੇਬੀ ਮਤਾਂ ਵਿਚ ਇਸਤ੍ਰੀ ਨੂੰ ਦੀਖਿਅਤ ਕੀਤੇ ਜਾਣ ਦੀ ਕੋਈ ਪ੍ਰਥਾ ਨਹੀਂ ਓਥੇ ਸਤਿਗੁਰਾਂ ਨੇ ਇਸਤ੍ਰੀ ਨੂੰ ਖੰਡੇ ਦੀ ਪਾਹੁਲ ਦੁਆਰਾ ਗੁਰ-ਦੀਖਿਆ ਪ੍ਰਾਪਤ ਕਰਨ ਦਾ ਬਰਾਬਰ ਅਧਿਕਾਰ ਦੇ ਕੇ ਸੰਸਾਰ ਦੇ ਧਾਰਮਕ ਇਤਿਹਾਸ ਵਿਚ ਨਵਾਂ ਪੂਰਨਾ ਪਾਇਆ।
ਕੀ ਪੁਰਸ਼ ਅਤੇ ਕੀ ਇਸਤ੍ਰੀ, ਖੰਡੇ ਦੀ ਪਾਹੁਲ ਛਕਣ, ਅਥਵਾ ਗੁਰ-ਦੀਖਿਅਤ ਹੋਣ ਮਗਰੋਂ ਸਭ ਖਾਲਸਾ ਹੋ ਜਾਂਦੇ ਹਨ। ਪੁਰਸ਼ ਅਤੇ ਇਸਤ੍ਰੀ ਦੋਹਾਂ ਲਈ 'ਖਾਲਸਾ' ਸਾਂਝਾ ਲਕਬ ਹੈ। ਏਸੇ ਤਰ੍ਹਾਂ "ਖਾਲਸਾ ਰਹਿਤ" ਵੀ ਪੁਰਸ਼ ਅਤੇ ਇਸਤ੍ਰੀ ਦੋਹਾਂ ਲਈ ਸਾਂਝੀ ਅਤੇ ਇਕ-ਸਾਰ ਹੈ। ਖਾਲਸਾ ਰਹਿਤ ਦੇ ਬਾਕੀ ਬਾਹਰਮੁਖੀ ਚਿੰਨ੍ਹਾਂ ਵਾਂਗ ਦਸਤਾਰ ਵੀ ਪ੍ਰਮੁਖ ਚਿੰਨ੍ਹ ਹੈ, ਜਿਸ ਤੋਂ ਖਾਲਸੇ ਦੀ ਬਾਕੀ ਮਤਾਂ ਦੇ ਅਨੁਆਈਆਂ ਵਿਚੋਂ ਸਪੱਸ਼ਟ ਪਛਾਣ ਹੋ ਸਕਦੀ ਹੈ।

(ਖ) ਦੋਹਰੀ ਦਸਤਾਰ ਸਜਾਉਣ ਦੀ ਪ੍ਰਥਾ ਵੀ ਇਸ ਗੱਲ ਨੂੰ ਮੁਖ ਰਖ ਕੇ ਚਲੀ ਕਿ ਗੁਰੂ ਕੀ ਮੁਹਰ ਅਥਵਾ ਕੇਸ ਕਿਸੇ ਸਮੇਂ ਨੰਗੇ ਨਾ ਰਹਿਣ। ਏਥੇ ਇਹ ਗੱਲ ਖ਼ਾਸ ਤੌਰ ਤੇ ਵਰਨਣ ਕਰਨੀ ਮਹੱਤਤਾ ਰਖਦੀ ਹੈ ਕਿ ਖਾਲਸਾ ਫ਼ੌਜਾਂ ਦੀ ਬਹਾਦਰੀ ਦੀ ਧਾਂਕ ਮੰਨ ਕੇ ਜਦੋਂ ਅੰਗਰੇਜ਼ਾਂ ਨੇ ਸਿੰਘਾਂ ਨੂੰ ਆਪਣੀ ਫ਼ੌਜ ਵਿਚ ਭਰਤੀ ਕਰਨਾ ਸ਼ੁਰੂ ਕੀਤਾ ਤਾਂ ਉਹਨਾਂ ਦੀ ਖਾਲਸਈ ਸਪਿਰਟ ਨੂੰ ਕਾਇਮ ਰਖਣ ਲਈ ਜੋ ਵਰਦੀ (clothing scale) ਉਨ੍ਹਾਂ ਲਈ ਨਿਸਚਿਤ ਕੀਤੀ ਉਸ ਨੂੰ ਖਾਲਸਾ ਰਵਾਇਤ ਮੁਤਾਬਕ ਹੀ ਰਖਿਆ ਗਿਆ ਅਤੇ ਇਸ ਵਿਚ ਦੋਹਰੀ ਦਸਤਾਰ ਸ਼ਾਮਲ ਕੀਤੀ ਗਈ। ਉਦੋਂ ਦੀ ਪ੍ਰਚਲਤ ਕੀਤੀ ਹੋਈ ਇਹ ਦੂਹਰੀ ਦਸਤਾਰ ਵਰਦੀ ਵਿਚ ਅਜੇ ਵੀ ਓਵੇਂ ਹੀ ਚਲਦੀ ਆ ਰਹੀ ਹੈ।

(ਗ) ਰਹਿਤਨਾਮੇ ਵਿਚ ਦਿਤੀ ਹਦਾਇਤ ਮੁਜਬ ਭੈ-ਭਾਵਨੀ ਵਾਲੇ ਸਿੰਘ ਸਿੰਘਣੀਆਂ ਦਸਤਾਰ ਨੂੰ 'ਚੁਣ' ਕੇ ਬੰਨ੍ਹਦੇ ਹਨ ਅਤੇ ਉਤਾਰਨ ਲਗਿਆਂ ਇਕੋ ਵਾਰੀ ਟੋਪੀ ਵਾਂਗ ਨਹੀਂ ਉਤਾਰਦੇ, ਸਗੋਂ ਇਕ ਇਕ ਲੜ ਕਰਕੇ ਉਤਾਰਦੇ ਹਨ। ਬਾਕੀ ਗੁਰਮੁਖੀ ਚਿੰਨ੍ਹਾਂ ਵਾਂਗ ਦਸਤਾਰ ਨੂੰ ਪੈਰ ਲਾਣ ਨਾਲ ਸਿੰਘ ਤਨਖਾਹੀਆ ਹੋ ਜਾਂਦਾ ਹੈ।

(ਘ) ਪੁਰਾਤਨ ਖਾਲਸਾ ਬੀਬੀਆਂ ਸਾਰੀਆਂ ਦਸਤਾਰ-ਧਾਰੀ ਸਨ ਅਤੇ ਗੁਰ-ਹੁਕਮਾਂ ਅਨੁਸਾਰ ਕੇਸਾਂ ਦਾ ਜੂੜਾ ਦਸਮ ਦੁਆਰ ਤੇ ਕਰਦੀਆਂ ਸਨ। ਇਸ ਸਚਾਈ ਦੀ ਸਾਖ ਪ੍ਰਸਿਧ ਅੰਗਰੇਜ਼ ਇਤਿਹਾਸਕਾਰ ਮਿਸਟਰ ਕਨਿੰਘਮ ਨੇ ਅਪਣੀ ਪੁਸਤਕ 'ਸਿਖ ਇਤਿਹਾਸ' (History of the Sikhs-1849) ਵਿਚ ਅਖੀਂ ਡਿਠੇ ਹਾਲਾਤ ਦੇ ਅਧਾਰ ਤੇ ਹੇਠ ਲਿਖੇ ਸ਼ਬਦਾਂ ਦੁਆਰਾ ਭਰੀ ਹੈ:—

> "The Sikh women are distinguished from Hindus of their sex by some variety of dress, chiefly by a higher top-knot of hair."
>
> ਸਿਖ ਇਸਤ੍ਰੀਆਂ ਹਿੰਦੂ ਇਸਤ੍ਰੀਆਂ ਨਾਲੋਂ ਆਪਣੇ ਪਹਿਰਾਵੇ ਅਤੇ ਖ਼ਾਸ ਕਰਕੇ ਦਸਮ ਦੁਆਰ ਉਤੇ ਕੇਸਾਂ ਦੇ ਜੂੜੇ ਕਰਕੇ ਵਿਲੱਖਣਤਾ ਰਖਦੀਆਂ ਹਨ।

(ਙ) ਕੇਵਲ ਦਸਤਾਰ-ਧਾਰੀ ਖਾਲਸਾ ਹੀ "ਕੰਘਾ ਦੋਨੋ ਵਕਤ ਕਰ ਪਾਗ ਚੁਨੇ ਕਰਿ ਬਾਂਧਈ" ਰਹਿਤ ਦੀ ਪਾਲਨਾ ਕਰ ਸਕਦਾ ਹੈ। ਇਹ ਰਹਿਤ ਸਰਬੱਤ ਖਾਲਸੇ (ਪੁਰਸ਼ ਅਤੇ ਇਸਤ੍ਰੀਆਂ) ਲਈ ਹੈ, ਨਾ ਕਿ ਇਕੱਲੇ ਸਿੰਘਾਂ ਲਈ।

(ਚ) ਅੰਗਰੇਜ਼ਾਂ ਦੇ ਸਮੇਂ ਸਿੱਖੀ ਮੰਡਲਾਂ ਵਿਚ ਵੀ ਦਸਤਾਰ (ਕੇਸਕੀ) ਖਾਲਸਾ ਰਹਿਤ ਦਾ ਅੰਗ ਮੰਨੀ ਜਾਂਦੀ ਰਹੀ। ਖਾਲਸਾ ਵਿਦਿਅਕ ਸੰਸਥਾਵਾਂ ਵਿਚ, ਜਿਵੇਂ ਕਿ ਖਾਲਸਾ ਭੁਝੰਗਣ ਸਕੂਲ ਕੈਰੋਂ, ਖਾਲਸਾ ਕੰਨਿਆ ਵਿਦਿਆਲਾ ਜਸਪਾਲੋਂ, ਵਿਦਿਆ ਭੰਡਾਰ ਪੰਚ ਖੰਡ (ਭਸੌੜ) ਆਦਿ ਵਿਚ ਅਧਿਆਪਕ ਅਤੇ ਵਿਦਿਆਰਥੀ ਖਾਲਸਾ ਬੀਬੀਆਂ ਸਭ ਦਸਤਾਰ-ਧਾਰੀ ਸਨ।

(ਛ) ਸੈਂਟਰਲ ਖਾਲਸਾ ਮਾਝਾ ਦੀਵਾਨ ਅਤੇ ਗੜਗੱਜ ਅਕਾਲੀ ਦੀਵਾਨ, ਜਿਨ੍ਹਾਂ ਨੇ ਅਕਾਲੀ ਲਹਿਰ ਦੇ ਰੂਪ ਵਿਚ ਗੁਰਦਵਾਰਾ ਸੁਧਾਰ ਲਹਿਰ ਨੂੰ ਜਨਮ ਦਿਤਾ, ਦੇ ਕਾਰਕੁਨ ਸਾਰੇ ਪ੍ਰਵਾਰਾਂ ਸਮੇਤ ਸਭ ਦਸਤਾਰ (ਕੇਸਕੀ) ਦੀ ਰਹਿਤ ਦੇ ਧਾਰਨੀ ਸਨ।

(ਜ) ਕਾਫ਼ੀ ਸਮਾਂ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਵੀ ਅੰਮ੍ਰਿਤ ਛਕਾਉਣ ਸਮੇਂ ਦਸਤਾਰ (ਕੇਸਕੀ) ਦੀ ਰਹਿਤ ਸਾਰੇ ਅੰਮ੍ਰਿਤ ਅਭਿਲਾਖੀਆਂ (ਸਿੰਘ ਸਿੰਘਣੀਆਂ) ਨੂੰ ਦ੍ਰਿੜ੍ਹ ਕਰਾਈ ਜਾਂਦੀ ਰਹੀ। ਮਗਰੋਂ ਪ੍ਰਬੰਧਕਾਂ ਦੀ ਨਿਜੀ ਢਿਲਿਆਈ ਕਾਰਨ ਇਹ ਗੁਰਮਤਿ ਰੀਤ ਢਿਲੀ ਪੈਂਦੀ ਪੈਂਦੀ ਬਿਲਕੁਲ ਅਲੋਪ ਹੋ ਗਈ।

ਉਪ੍ਰੋਕਤ ਤੱਥਾਂ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਦਸਤਾਰ ਦੀ ਰਹਿਤ ਓਨੀ ਹੀ ਪੁਰਾਣੀ ਹੈ ਜਿੰਨਾ ਪੁਰਾਣਾ ਸਿਖ ਧਰਮ ਹੈ। ਇਹ ਰਹਿਤ ਸਰਬੱਤ ਖਾਲਸੇ ਲਈ ਹੈ ਸਮੇਤ ਖਾਲਸਾ ਬੀਬੀਆਂ ਦੇ, ਨਾ ਕਿ ਕੇਵਲ ਸਿੰਘਾਂ ਲਈ। ਡਾਕਟਰ ਜੀਤ ਸਿੰਘ ਦਾ ਇਹ ਪ੍ਰਚਾਰ ਕਿ ਇਹ ਰਹਿਤ ਭਾ: ਰਣਧੀਰ ਸਿੰਘ ਜੀ ਨੇ ਚਲਾਈ ਹੈ, ਉਹਨਾਂ ਦੀ ਲਾ-ਇਲਮੀ ਅਤੇ ਕੋਰੇ ਝੂਠ ਦਾ ਸਬੂਤ ਹੈ।

## ਦਸਤਾਰ (ਕੇਸਕੀ) ਰਹਿਤ ਦਾ ਤਿਆਗ ਕਿਉਂ?

ਸਵਾਲ ਉਠਦਾ ਹੈ ਕਿ ਜੇ ਦਸਤਾਰ (ਕੇਸਕੀ) ਖਾਲਸਾ ਰਹਿਤ ਰਵਾਇਤ ਦਾ ਪ੍ਰਮੁਖ ਅੰਗ ਹੈ ਤਾਂ ਇਹ ਅਲੋਪ ਕਿਉਂ ਹੋ ਗਈ?

ਅਠਾਰ੍ਹਵੀਂ ਸਦੀ ਦੇ ਅਰੰਭ ਵਿਚ ਲਾਹੌਰ ਦੇ ਹਾਕਮਾਂ ਨੇ ਸਿਖਾਂ ਨੂੰ ਸਫ਼ਾ-ਹਸਤੀ ਤੋਂ ਮਿਟਾ ਦੇਣ ਦਾ ਪਲਾਨ ਬਣਾਇਆ। ਸਰਕਾਰੀ ਫੁਰਮਾਨ ਜਾਰੀ ਕੀਤਾ ਗਿਆ ਕਿ ਜਿਥੇ ਕਿਧਰੇ ਸਿਖ ਦਿਸੇ, ਕਤਲ ਕਰ

ਦਿਤਾ ਜਾਵੇ । ਇਸ ਸਕੀਮ ਨੂੰ ਕਾਮਯਾਬ ਕਰਨ ਲਈ ਤੇ ਲੋਕਾਂ ਨੂੰ ਸਿਖਾਂ ਦੇ ਕਤਲ ਲਈ ਉਤਸ਼ਾਹਤ ਕਰਨ ਲਈ, ਉਹਨਾਂ ਨੂੰ ਲਾਲਚ ਦਿਤਾ ਗਿਆ । ਇਹ ਐਲਾਨ ਕੀਤਾ ਗਿਆ ਕਿ ਸਿਖ ਨੂੰ ਮਾਰ ਕੇ ਉਸ ਦਾ ਸਿਰ ਸ਼ਾਹੀ ਦਰਬਾਰ ਵਿਚ ਪੇਸ਼ ਕਰਨ ਵਾਲੇ ਵਿਅਕਤੀ ਨੂੰ ਸਰਕਾਰੀ ਖ਼ਜ਼ਾਨੇ ਵਿਚੋਂ ੮੦ ਰੁਪਏ ਪ੍ਰਤੀ ਸਿਰ ਦਿਤੇ ਜਾਣਗੇ ।

## *ਮੁਸੀਬਤ ਸਮੇਂ ਵੀ ਖਾਲਸਾ ਚੜ੍ਹਦੀ ਕਲਾ ਵਿਚ–*

### ਸ਼ਾਹੀ ਐਲਾਨ ਬਹਾਦਰ ਸ਼ਾਹ ਦੇ ਦਰਬਾਰ ਦੇ ਰੋਜ਼ਨਾਮਚੇ ਅਨੁਸਾਰ ਸਿਖਾਂ ਦਾ ਸਮੁਚੇ ਤੌਰ ਉਤੇ ਕਤਲਿ ਆਮ

੧੦ ਦਸੰਬਰ (੨੯ ਸ਼ੱਵਾਲ) ਸੰਨ ੧੭੧੦ ਨੂੰ ਬਾਦਸ਼ਾਹ ਨੇ ਬਖਸ਼ੀ-ਉਲ-ਮੁਲਕ ਮਹਾਬਤ ਖਾਨ ਨੂੰ ਕਿਹਾ ਕਿ ਸ਼ਾਹ ਜਹਾਨਾਬਾਦ ਦੇ ਆਲੇ ਦੁਆਲੇ ਦੇ ਫੌਜਦਾਰਾਂ ਨੂੰ ਸ਼ਾਹੀ ਹੁਕਮ ਲਿਖ ਦੇਵੇ ਕਿ ਨਾਨਕ ਪੂਜ (ਤਮਾਮ ਬੁਢੀ ਬੱਚਾ ਤੇ ਜਵਾਨ ਅਤੇ ਬੁਢੇ–ਜੋ ਵੀ ਸਿਖ ਰੂਪ ਵਿਚ ਹੋਵੇ) ਜਿਥੇ ਕਿਧਰੇ ਭੀ ਮਿਲ ਜਾਣ, ਕਤਲ ਕਰ ਦਿਤੇ ਜਾਣ ।''

(ਨੋਟ :–ਸਿਖਾਂ ਦੀ ਸਮੁਚੀ ਕਤਲਾਮ ਦਾ ਸਭ ਤੋਂ ਪਹਿਲਾ ਫਰਮਾਨਿ ਸ਼ਾਹੀ ਇਹੋ ਹੈ)।

[ਡਾ: ਗੰਡਾ ਸਿੰਘ ਜੀ–ਬੰਦਾ ਸਿੰਘ ਬਹਾਦੁਰ–ਸਫਾ ੧੦੫]

ਸ਼ਾਹੀ ਫੁਰਮਾਨ ਦੀ ਤਾਮੀਲ ਵਿਚ ਹਜ਼ਾਰਾਂ ਬੇਗੁਨਾਹ ਬੱਚੇ ਬੱਚੀਆਂ, ਜਵਾਨ ਤੇ ਬੁਢੇ ਬੁਢੀਆਂ ਸਭ ਤੇਗ ਦੀ ਧਾਰ ਤੋਂ ਪਾਰ ਲੰਘਾ ਦਿਤੇ ਗਏ । ਜਿਨ੍ਹਾਂ ਦਇਆਵਾਨ ਹਿੰਦੂ ਮੁਸਲਮਾਨਾਂ ਨੇ ਕਿਸੇ ਟੱਬਰ ਕਬੀਲੇ ਨੂੰ ਚੋਰੀ ਛਪੀ ਪਨਾਹ ਦਿਤੀ ਤੇ ਮੁਖ਼ਬਰਾਂ ਨੂੰ ਪਤਾ ਲਗ ਗਿਆ, ਤਾਂ ਇਨ੍ਹਾਂ ਲੋਕਾਂ ਤੇ ਵੀ ਕਹਿਰ ਟੁੱਟ ਪਿਆ ।

ਜਦ ਬੰਦਾ ਸਿੰਘ ਬਹਾਦਰ ਵਲੋਂ ਸਥਾਪਤ ਕੀਤਾ ਪਹਿਲਾ ਰਾਜ ੧੦, ੧੧ ਮਹੀਨੇ ਚਲਣ ਪਿਛੋਂ ਖਤਮ ਹੋ ਗਿਆ ਅਤੇ ਸਰਹੰਦ ਅਤੇ ਲੋਹਗੜ੍ਹ ਸਿੰਘਾਂ ਪਾਸੋਂ ਖੁਸ ਗਏ ਤਾਂ ਸਿਖਾਂ ਉਤੇ ਜ਼ਬਰਦਸਤ ਜ਼ੁਲਮ ਦਾ ਦੌਰ ਸ਼ੁਰੂ ਹੋਇਆ । ਏਸੇ ਵੇਲੇ ਦੀ ਮੰਦੀ ਹਾਲਤ ਦਾ ਸੰਕੇਤ ਭਾਈ ਮਨੀ ਸਿੰਘ ਜੀ ਸ਼ਹੀਦ ਦੀ ਇਕ ਚਿਠੀ ਵਿਚੋਂ, ਜੋ ਉਨ੍ਹਾਂ ਮਾਤਾ ਸੁੰਦਰੀ ਜੀ (ਮਾਤਾ ਸੁੰਦਰ ਕੌਰ ਜੀ) ਦੀ ਸੇਵਾ ਵਿਚ ਪੰਜਾਬੋਂ, ਮਿਤੀ ਵੈਸਾਖ ੨੨ (੧੭੬੮ ਬਿਕ:) ਮੁਤਾਬਕ ੨੦ ਅਪਰੈਲ ਸੰਨ ੧੭੧੧ ਈਸਵੀ ਨੂੰ ਲਿਖੀ ਸੀ, ਇਸ ਪ੍ਰਕਾਰ ਮਿਲਦਾ ਹੈ :–

> ......ਦੇਸ ਵਿਚ ਖਾਲਸੇ ਦਾ ਬਲੁ ਛੁਟਿ ਗਇਆ ਹੈ । ਸਿੰਘ ਪਰਬਤਾਂ ਬਬਾਨਾਂ ਵਿਚ ਜਾਇ ਬਸੇ ਹਨ । ਮੁਲੇਛੋ ਕੀ ਦੇ ਸਮੇਂ ਦੋਹੀ ਹੈ ॥ ਬਸਤੀ ਮੇਂ ਬਾਲਕ ਜੁਵਾਂ (ਜਵਾਨ) ਇਸਤਰੀ ਸਲਾਮਤ ਨਾਹੀ ॥ ਮੁਛ ਮੁਛ ਕਰ ਮਾਰਦੇ ਹੈਨ ॥ ਗੁਰੂ ਦਰੋਹੀ ਬੀ ਉਨ੍ਹਾਂ ਨਾਲ ਦੇ ਸੰਗ ਮਿਲ ਗਏ ਹੈਨ । ਹੰਦਾਲੀਏ ਮਿਲ ਕਰ ਮੁਕਬਰੀ ਕਰਦੇ ਹੈਨ ॥ ਸਭੀ ਚਕੂ ਛੋੜ ਗਏ ਹੈਨ ॥ ਮੁਤਸੱਦੀ ਭਾਗ ਗਏ ਹੈਨ ॥ ਸਾਡੇ ਪਰ ਅਬੀ ਤੋਂ ਅਕਾਲ ਕੀ ਰਛਾ ਹੈ ॥ ਕਲ ਕੀ ਖਬਰ ਨਾਹੀ ॥ ਸਾਹਿਬਾਂ ਦੇ ਹੁਕਮ ਅਟੱਲ ਹੈਨ ॥ ਬਿਨੋਦ ਸਿੰਘ ਦੇ ਪੁਤਰੇਲੇ ਦਾ ਹੁਕਮ ਸਤਿ ਹੋਇ ਗਇਆ ਹੈ ॥ .... ਦੇਸ ਵਿਚ ਗੋਗਾ ਹੈ ਕਿ ਬੰਧਾ ਬੰਧਨ ਮੁਕਤਿ ਹੋਇ ਭਾਗ ਗਇਆ ਹੈ ॥ ਸਾਹਿਬ ਬਹੁੜੀ ਕਰਨਗੇ ॥ .....ਮਿਤੀ ੨੨ ਵੈਸਾਖ ॥

ਇਹ ਚਿੱਠੀ ਬਹਾਦਰ ਸ਼ਾਹ ਦੇ ਸਿੰਘਾਂ ਵਿਰੁਧ ੧੦ ਦਸੰਬਰ ੧੭੧੦ ਈਸਵੀ ਨੂੰ ਕਤਲਾਮ ਦੇ ਹੁਕਮ ਜਾਰੀ ਹੋਏ ਤੋਂ ਚਾਰ ਸਾਢੇ ਚਾਰ ਮਹੀਨੇ ਪਿਛੋਂ ਲਿਖੀ ਗਈ ਸੀ ।

ਸਿੰਘ, ਬੱਚੇ, ਜੁਆਨ ਅਤੇ ਬੁਢੇ ਤੇ ਇਸਤਰੀਆਂ ਥਾਂ ਥਾਂ ਤਸੀਹੇ ਦੇ ਕੇ ਸ਼ਹੀਦ ਕੀਤੇ ਜਾ ਰਹੇ ਸਨ । ਇਹ ਕਤਲਾਮ ਦਾ ਸਿਲਸਿਲਾ ਫਿਰ ਵਧਦਾ ਹੀ ਗਿਆ । ਪੰਜਾਬ ਦਾ ਚੱਪਾ ਚੱਪਾ ਜ਼ਮੀਨ ਦਾ ਸਿੰਘਾਂ ਨੇ ਆਪਣੇ ਖ਼ੂਨ ਨਾਲ ਰੰਗ ਦਿਤਾ । ਪਰ ਕੀ ਮਜਾਲ ਧਰਮ ਦੀ ਹਾਨੀ ਹੋਣ ਦਿਤੀ ਹੋਵੇ । ਸਿਰ ਦੇ ਕੇ ਸਿਖੀ ਨੂੰ ਰਖਿਆ ।

ਬਾਦਸ਼ਾਹ ਅਜੇ ਲਾਹੌਰ ਹੀ ਸੀ ਕਿ ਇਕ ਦਿਨ ਕਿਸੇ ਮਾਮੂਲੀ ਗਲੋਂ ਭੜਕ ਕੇ ਮੁਸਲਮਾਨਾਂ ਹਿੰਦੂਆਂ ਨੂੰ ਲੁਟਣਾ ਮਾਰਨਾ ਸ਼ੁਰੂ ਕਰ ਦਿਤਾ। ਜੇ ਇਸ ਫਸਾਦ ਉਤੇ ਕਾਬੂ ਨਾ ਪਾਇਆ ਜਾਂਦਾ ਤਾਂ ਪਤਾ ਨਹੀਂ ਸ਼ਹਿਰ ਦੀ ਕਿੰਨੀ ਕੁ ਹਿੰਦੂ ਵਸੋਂ ਮਾਰੀ ਜਾਂਦੀ। ਜ਼ਬਰਦਸਤ ਖਾਂ ਦੀ ਰਾਏ ਮੰਨ ਕੇ ਲਾਹੌਰ ਦੇ ਹਾਕਮ ਅਸਲਮ ਖਾਂ ਨੇ ਹਿੰਦੂ ਵਸੋਂ ਸ਼ਹਿਰੋਂ ਬਾਹਰ ਕਢ ਲਈ ਤੇ ਬੜੀ ਮੁਸ਼ਕਲ ਨਾਲ ਫਸਾਦ ਨੂੰ ਠੰਡਾ ਕੀਤਾ।

"ਤਾਰੀਖਿ ਮੁਹੰਮਦ ਸ਼ਾਹੀ" ਦਾ ਕਰਤਾ ਦਸਦਾ ਹੈ ਕਿ ਹਕੀਕਤ ਦੇ ਬਿਲਕੁਲ ਉਲਟ ਜਹਾਲਤ ਵਿਚ ਡੁਬੇ ਹੋਏ ਕਟੜ ਤੇ ਸੰਗ-ਦਿਲ ਮੁਲਾਣਿਆਂ ਮੁਫਤੀਆਂ ਤੇ ਫਸਾਦ ਭੜਕਾਉਣ ਵਾਲਿਆਂ ਨੇ ਬਾਦਸ਼ਾਹ ਦੇ ਕੰਨ ਭਰੇ ਕਿ ਮੁਸਲਮਾਨਾਂ ਨੂੰ ਹਿੰਦੂਆਂ ਦੇ ਹਥੋਂ ਬੜਾ ਨੁਕਸਾਨ ਪੁਜਾ ਹੈ। ਕੁਝ ਖੁਦਗਰਜ਼ ਬੰਦਿਆਂ ਨੇ ਬਾਦਸ਼ਾਹ ਨੂੰ ਕਹਿ ਕੇ ਉਕਸਾਹਟ ਦਿਤੀ ਜਾਪਦੀ ਹੈ ਕਿ ਇਸ ਫਸਾਦ ਦੇ ਪਿਛੇ ਹਿੰਦੂ ਰੂਪ ਵਿਚ ਸਿਖਾਂ ਦਾ ਹਥ ਹੈ। ਬਾਦਸ਼ਾਹ ਨੇ ਇਨ੍ਹਾਂ ਸ਼ਕਾਇਤੀਆਂ ਨੂੰ ਕੁਰਾਨ ਸ਼ਰੀਫ਼ ਤੇ ਹਦੀਸ ਵਿਚੋਂ ਹਵਾਲੇ ਦੇ ਕੇ ਨਸੀਹਤਾਂ ਕੀਤੀਆਂ ਤੇ ਨਾਲ ਹੀ ਹਿੰਦੂ ਸਿਖਾਂ ਵਿਚ ਪਛਾਣ ਕਰਨ ਲਈ ਆਪਣਾ ਪਹਿਲਾਂ ਵਾਲਾ ਫਰਮਾਨ ਨਵੇਂ ਸਿਰਿਓਂ ਉਜਾਗਰ ਕੀਤਾ ਕਿ ਬਾਦਸ਼ਾਹੀ ਲਸ਼ਕਰ ਵਿਚ ਮੁਲਾਜ਼ਮ, ਸਾਰੇ ਹਿੰਦੂ ਆਪਣੇ ਦਾੜ੍ਹੀ ਕੇਸ ਤੁਰੰਤ ਮੁਨਾ ਦੇਣ। ਦਾੜ੍ਹੀ ਕੇਸ ਹੀ ਤਾਂ ਜ਼ਾਹਿਰਾ ਪਛਾਣ ਦੇ ਚਿੰਨ੍ਹ ਹਨ, ਕਿਉਂਕਿ "ਸੀਅਰੁਲ-ਮਤਾਖ਼ਰੀਨ" ਦੀ ਲਿਖਤ ਅਨੁਸਾਰ ਸਿਖ ਮੌਤ ਤਾਂ ਕਬੂਲ ਕਰ ਲਵੇਗਾ ਪਰ ਦਾੜ੍ਹੀ ਕੇਸ ਜਾਂ ਆਪਣੇ ਰੋਮ ਕਦੀ ਮੁਨਾਉਣਾ ਕਬੂਲ ਨਹੀਂ ਕਰੇਗਾ।

ਸ਼ਾਹ ਜਹਾਨਾਬਾਦ ਦੇ ਫ਼ੌਜਦਾਰ ਯਾਰ ਮੁਹੰਮਦ ਕਲੰਦਰ ਦੇ "ਦਸਤੂਰੁਲ-ਇਨਸ਼ਾ" ਅਤੇ ਰੁੱਕਾਤਿ-ਅਮੀਨੁਦੌਲਾ ਦੇ ਪੰਜਵੇਂ ਰੁਕੇ ਵਿਚ ਇਸ ਪ੍ਰਕਾਰ ਜ਼ਿਕਰ ਆਉਂਦਾ ਹੈ ਕਿ :–

**"ਉਸੇ ਦਿਨ ਜਿਸ ਦਿਨ ਨਾਨਕ-ਪ੍ਰਸਤਾਂ (ਨਾਨਕ-ਪੂਜ-ਸਿੱਖਾਂ) ਨੂੰ ਉਨ੍ਹਾਂ ਦੀਆਂ ਸ਼ਰਾਰਤਾਂ ਦੀ ਸਜ਼ਾ ਮਿਲੀ, ਸ਼ਾਹੀ ਹੁਕਮ ਜਾਰੀ ਕੀਤਾ ਗਿਆ ਕਿ ਸ਼ਾਹੀ ਲਸ਼ਕਰ ਦੇ ਸਾਰੇ ਹਿੰਦੂ ਮੁਲਾਜ਼ਮਾਂ ਦੀਆਂ ਦਾੜ੍ਹੀਆਂ ਮੁੰਨ ਕੇ ਸਾਫ਼ ਕਰ ਦਿਤੀਆਂ ਜਾਣ ਅਤੇ ਸਾਰੇ ਸੂਬਿਆਂ ਵਿਚ ਹੁਕਮ ਪੁਰ-ਜ਼ੋਰ ਤਰੀਕੇ ਨਾਲ ਲਾਗੂ ਕਰ ਦਿਤਾ ਜਾਵੇ ਕਿ ਕੋਈ ਬੇ-ਦੀਨ (ਗੈਰ ਮੁਸਲਮਾਨ) ਲੰਮੀ ਦਾੜ੍ਹੀ ਨਾ ਰਖੇ ਅਤੇ ਜੇ ਕੋਈ ਅਜਿਹਾ ਮਿਲ ਜਾਏ ਤਾਂ ਉਸ ਦੀ ਦਾੜ੍ਹੀ ਫੌਰਨ ਉਸੇ ਥਾਂ ਤੇ ਹੀ ਪੁਟ ਦਿਤੀ ਜਾਏ।"**

**ਚੁਨਾਂਚਿ ਸਾਰੇ ਬਾਦਸ਼ਾਹੀ ਸੂਬਿਆਂ ਵਿਚ ਇਹ ਹੁਕਮ ਫੈਲਾ ਦਿਤਾ ਗਿਆ।**

ਸ਼ਾਹੀ ਕੈਂਪ ਵਿਚ ਇਸ ਹੁਕਮ ਨੇ ਇਹ ਰੂਪ ਧਾਰ ਲਿਆ ਕਿ ਫ਼ੌਜਾਂ ਦੇ ਦੇਵਾਂ ਵਰਗੇ ਕੱਦਾਂ ਵਾਲੇ ਸਰਦਾਰ ਨਾਈਆਂ ਨੂੰ ਨਾਲ ਲਈ ਗੰਦੇ ਪਾਣੀ ਦੀਆਂ ਚਿਲਮਚੀਆਂ ਸਮੇਤ ਗਲੀਆਂ ਅਤੇ ਬਾਜ਼ਾਰਾਂ ਵਿਚ ਜਿਸ ਕਿਸੇ ਦਾੜ੍ਹੀ ਕੇਸਾਂ ਵਾਲੇ ਨੂੰ ਦੇਖਦੇ, ਬੜੀ ਬੇਇਜ਼ਤੀ ਨਾਲ ਉਸਦੀ ਦਾੜ੍ਹੀ ਮੁੰਨ ਦਿੰਦੇ ਅਤੇ ਉਸਦੀ ਪਗੜੀ ਅਤੇ ਗਲ ਪਾਏ ਲੀੜ ਲਾਹ ਦਿੰਦੇ। ਬਾਦਸ਼ਾਹ ਅਤੇ ਸ਼ਹਿਜ਼ਾਦਿਆਂ ਦੇ ਦਫ਼ਤਰਾਂ ਦੇ ਜਾਣਕਾਰ ਮੁਤਸੱਦੀ ਅਤੇ ਦੂਸਰੇ ਹਿੰਦੂ ਆਪਣੀਆਂ ਦਾੜ੍ਹੀਆਂ ਆਪਣੇ ਘਰੀਂ ਹੀ ਮੁੰਨ ਕੇ (ਮਾਲਕਾਂ ਦੇ) ਹਜ਼ੂਰ ਆਉਂਦੇ। ਚੁਨਾਂਚਿ ਇਹ ਗੱਲ ਵਧਦੀ ਗਈ ਅਤੇ ਦਿਨੋ ਦਿਨ ਉਦੋਂ ਤਕ ਜ਼ਿਆਦਾ ਹੁੰਦੀ ਗਈ ਜਦ ਕਿ ਬਾਦਸ਼ਾਹੀ ਡੇਰਾ ਲਾਹੌਰ ਦੇ ਲਾਗੇ ਜਾ ਪੁੱਜਾ ਅਤੇ ਤਖ਼ਤ ਉਤੇ ਬੈਠਣ ਦੀ ਰਸਮ ਲਈ ਤਿਆਰੀਆਂ ਦਾ ਹੁਕਮ ਜਾਰੀ ਹੋ ਗਿਆ।

## ਹੋਰ ਜ਼ੁਲਮ

ਬਹਾਦਰ ਸ਼ਾਹ ਦੀ ਮੌਤ ਪਿਛੋਂ ਕੁਝ ਦੇਰ ਬਾਅਦ ਫਰਖ਼ਸੀਅਰ ਦਿਲੀ ਦੇ ਤਖ਼ਤ ਤੇ ਬੈਠਾ। ਇਸ ਦੇ ਦੌਰ ਵਿਚ ਬੰਦਾ ਸਿੰਘ ਬਹਾਦੁਰ ਫੜਿਆ ਗਿਆ ਤੇ ਸ਼ਹੀਦ ਕੀਤਾ ਗਿਆ। ਫਿਰ ਸਿਖਾਂ ਉਤੇ ਬੇਓੜਕੇ ਅਤਿਆਚਾਰ ਹੋਏ। ਅਬਦਲ ਸਮੱਦ ਖਾਨ ਲਾਹੌਰ ਦਾ ਹਾਕਿਮ ਬਣਿਆ ਤਾਂ ਸਿਖਾਂ ਦੀ ਕਤਲਾਮ ਸ਼ੁਰੂ ਹੋ ਗਈ। ਇਸ ਨੂੰ ਹਟਾ ਕੇ ਜਦ ਇਸ ਦੇ ਪੁਤਰ ਜ਼ਕਰੀਆ ਖਾਨ ਨੂੰ ਗਵਰਨਰ ਬਣਾਇਆ ਤਾਂ ਇਸ ਨੇ ਸਿਖਾਂ ਦੇ ਉਹ ਆਹੂ ਲਾਹੇ ਕਿ ਰਹੇ ਰੱਬ ਦਾ ਨਾਮ। ਚੁਣ ਚੁਣ ਕੇ ਸਿਖ ਮਾਰੇ ਗਏ। ਸਿਰਫ ਡੇਢ ਕੁ ਸਾਲ ਨਵਾਬੀ ਭੇਟ ਕਰਨ ਦੇ ਵੇਲੇ ਹੀ ਖਾਲਸੇ ਨੂੰ ਸੁਖ ਦਾ ਸਾਹ ਆਇਆ। ਫਿਰ ਉਹੋ ਹਾਲ ਸ਼ੁਰੂ ਹੋ ਗਿਆ। ਲਖਪਤ ਤੇ ਜਸਪਤ ਨੇ ਇਸ ਦੇ ਦੌਰ ਵਿਚ ਸਿਖ ਧਰਮ ਨੂੰ ਹੀ ਮਿਟਾ ਦੇਣ ਦਾ ਬੀੜਾ ਚੁਕ ਲਿਆ ਸੀ। ਭਾਈ ਤਾਰਾ ਸਿੰਘ ਵਾਂ ਵਾਲੇ,

ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਤੇ ਹੋਰ ਬੇਗਿਣਤ ਸਿੰਘ ਏਸ ਦੇ ਦੌਰ ਵਿਚ ਸ਼ਹੀਦ ਕੀਤੇ ਗਏ। ਇਸ ਪਿਛੋਂ ਸ਼ਾਹ ਨਵਾਜ਼ ਖਾਂ ਆਇਆ ਤੇ ਲਖਪਤ ਹੁਰਾਂ ਦੀ ਖੂਬ ਚੜ੍ਹ ਮੱਚੀ ਸੀ। ਫਿਰ ਸਿਖਾਂ ਦਾ ਕਤਲਾਮ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਹੋਇਆ। ਮੀਰ ਮਨੂੰ ਨੇ ਤਾਂ ਸਿਖਾਂ ਦੇ ਵਿਰੁਧ ਚੌਖੜੇ ਦਾ ਸੁਹਾਗਾ ਹੀ ਬੰਨ੍ਹ ਲਿਆ। ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਵੇਲੇ ਰਹੀ ਸਹੀ ਕਸਰ ਨਿਕਲ ਗਈ। ਵੱਡੇ ਘਲੂਘਾਰੇ ਦਾ ਅਰਥ ਹੀ ਇਹ ਸੀ ਕਿ ਸਾਰੀ ਕੌਮ ਹੀ ਤਬਾਹ ਕਰ ਦਿਤੀ ਜਾਵੇ। ਪਰ ਵਾਹ ਖਾਲਸਾ ਜੀ ਦੀ ਸਿਖੀ ਸਪਿਰਟ ਦੇ! ਜੋ ਜ਼ੁਲਮ ਹੋਇਆ ਦੂਣੇ ਚੌਣੇ ਹੋ ਕੇ ਉਭਰੇ। ਸਭ ਕੁਝ ਕੁਰਬਾਨ ਕਰ ਦਿਤਾ, ਪਰ ਸਿਖੀ ਸਿਦਕ ਉਤੇ ਤੇ ਉਸ ਦੀ ਰਹਿਤ ਮਰਿਆਦਾ ਉਤੇ ਆਂਚ ਨਹੀਂ ਆਉਣ ਦਿਤੀ। ਖਾਲਸਾ ਜੀ ਤੁਸੀਂ ਧੰਨ ਹੋ।

੧੭੧੦ ਤੋਂ ਲੈ ਕੇ ੧੭੬੫ ਤਕ ਸਿਖਾਂ ਦੀਆਂ ਵੰਨ-ਸਵੰਨੀਆਂ ਕਤਲਾਮਾਂ ਦਾ ਇਹ ਸਮਾਂ ਹੈ।

ਸਿਖਾਂ ਨਾਲ ਜੋ ਗੁਜ਼ਰੀ, ਉਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸਿਖ ਘਰ ਬਾਹਰ ਤਿਆਗ ਕੇ ਜੰਗਲਾਂ ਵਿਚ ਜਾ ਲੁਕੇ। ਉਥੇ ਜੰਗਲੀ ਜਾਨਵਰਾਂ ਵਾਂਗ ਉਹਨਾਂ ਦਾ ਸ਼ਿਕਾਰ ਖੇਡਿਆ ਜਾਂਦਾ ਰਿਹਾ। ਚੁਣ ਚੁਣ ਕੇ ਸਿਖ ਮਾਰੇ ਗਏ। ਕਈ ਵਾਰੀ ਡੌਂਡੀ ਪਿਟਵਾਈ ਗਈ ਕਿ ਸਿਖਾਂ ਦਾ ਮੁਕੰਮਲ ਤੌਰ ਤੇ ਸਫਾਇਆ ਕਰ ਦਿਤਾ ਗਿਆ ਹੈ।

ਉਸ ਸਮੇਂ ਸਿਖ ਅਖਵਾਣਾ ਮੌਤ ਨੂੰ ਸਹੇੜਨ ਵਾਲੀ ਗੱਲ ਸੀ। ਲੋਭ-ਲਹਿਰ ਦੇ ਹਲਕਾਏ ਜਰਵਾਣੇ ਜਦੋਂ ਕੋਈ ਸਿਖ ਹੱਥ ਨ ਆਉਂਦਾ ਤਾਂ ਖਾਲਸਾ ਬੀਬੀਆਂ ਦਾ ਸਿਰ ਵਢ ਕੇ ਅਤੇ ਉਸ ਨੂੰ ਸਿਖ ਬੱਚੇ ਦਾ ਸਿਰ ਦਸ ਕੇ ਸਰਕਾਰੀ ਖਜ਼ਾਨੇ ਵਿਚੋਂ ਨਿਸਚਿਤ ਇਨਾਮ ਪ੍ਰਾਪਤ ਕਰ ਲੈਂਦੇ।

ਅਜਿਹੇ ਬਿਖਮ ਸਮੇਂ ਵਿਚ ਖਾਲਸਾ ਬੀਬੀਆਂ ਨੇ ਘਰ ਬਾਹਰ ਅਤੇ ਜ਼ਿੰਦਗੀ ਦੇ ਸੁਖ ਅਰਾਮ ਛਡਣੇ ਤਾਂ ਖਿੜੇ ਮਥੇ ਪਰਵਾਨ ਕਰ ਲਏ, ਪਰ ਗੁਰੂ ਕੀ ਰਹਿਤ ਨੂੰ ਪਿਠ ਨ ਦਿਤੀ। ਸਿੰਘਾਂ ਨਾਲ ਜੰਗਲਾਂ ਵਿਚ ਵਿਚਰ ਕੇ ਤੇ ਸਰੀਰ ਤੇ ਦੁਖ ਤਸੀਹੇ ਝਲ ਕੇ ਉਹਨਾਂ ਨੇ ਸਿਖੀ ਸ਼ਾਨ ਨੂੰ ਬਰਕਰਾਰ ਰਖਿਆ। ਸਿੰਘਾਂ ਨਾਲ ਸ਼ਾਨਾ-ਬ-ਸ਼ਾਨਾ ਹੋ ਕੇ ਜੰਗਾਂ ਜੁਧਾਂ ਵਿਚ ਵੀ ਬਰਾਬਰ ਜੂਝਦੀਆਂ ਰਹੀਆਂ। ਆਪਣੇ ਲਖਤੇ-ਜਿਗਰ ਨੰਨ੍ਹੇ ਨੰਨ੍ਹੇ ਬੱਚਿਆਂ ਦੇ ਟੋਟੇ ਕਰਵਾ ਕੇ ਗਲਾਂ ਦੇ ਹਾਰ ਬਣਾਏ। ਉਹਨਾਂ ਸੂਰਬੀਰ ਸਿੰਘਣੀਆਂ ਦੀ ਬਹਾਦਰੀ ਅਤੇ ਕੁਰਬਾਨੀ ਸਿਖ ਕੌਮ ਦਾ ਗੌਰਵ-ਮਈ ਵਿਰਸਾ ਹੈ ਤੇ ਉਹਨਾਂ ਦੀ ਪਵਿਤਰ ਯਾਦ ਆਪਣੇ ਧਿਆਨ ਵਿਚ ਲਿਆਣ ਨਾਲ ਸਾਨੂੰ ਨਿਤ ਵਾਹਿਗੁਰੂ ਚਿਤ ਆਉਂਦਾ ਹੈ ਤੇ ਸਿੱਖੀ ਕਮਾਉਣ ਲਈ ਉਤਸ਼ਾਹ ਮਿਲਦਾ ਹੈ।

ਬੀਬੀਆਂ ਵਿਚ ਦਸਤਾਰ ਸੰਬੰਧੀ ਢਿਲਿਆਈ ਓਦੋਂ ਆਈ ਜਦੋਂ ਕਿ ਸਿਖ, ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਉਪ੍ਰੰਤ ੬੦–੭੦ ਸਾਲ ਦੇ ਸੰਘਰਸ਼ ਪਿਛੋਂ, ਪੰਜਾਬ ਵਿਚ ਫਿਰ ਸਤਾ-ਧਾਰੀ ਹੋ ਗਏ। ਬੜੇ ਚਿਰ ਪਿਛੋਂ ਸਿਖਾਂ ਨੂੰ ਆਪਣੇ ਦੇਸ਼ ਵਿਚ ਸੁਖ ਦਾ ਸਾਹ ਲੈਣਾ ਨਸੀਬ ਹੋ ਰਿਹਾ ਸੀ। ਸਿਖ ਏਹਨੀਂ ਦਿਨੀਂ ਪੰਜਾਬ ਦਾ ਰਾਜ ਕਾਜ ਸੰਭਾਲ ਰਹੇ ਸਨ। ਇਨ੍ਹਾਂ ਕੋਲ ਹੁਣ ਦੌਲਤ ਸੀ, ਤਾਕਤ ਸੀ, ਸੁਖ ਅਰਾਮ ਦੇ ਸਾਰੇ ਵਸੀਲੇ ਸਨ।

ਜੇ ਮਨੁਖ ਆਪਣੇ ਇਸ਼ਟ ਨਾਲੋਂ ਟੁੱਟ ਜਾਏ ਤਾਂ ਧਨ ਦੌਲਤ ਤੇ ਤਾਕਤ ਮਾਇਆ ਰੂਪ ਵਿਚ ਆ ਚੰਬੜਦੇ ਹਨ ਅਤੇ ਐਸ਼ੋ-ਇਸ਼ਰਤ ਵਿਚ ਸੁਟ ਪਾਂਦੇ ਹਨ। ਐਸ਼ੋ-ਇਸ਼ਰਤ ਵਿਚ ਫਸ ਕੇ ਗੁਰਮਤੀ ਜੀਵਨ ਅਥਵਾ ਸਿਖੀ ਰਹਿਤ-ਮਰਯਾਦਾ ਬੋਝਲ ਹੋ ਜਾਂਦੇ ਹਨ।

ਸੋ ਐਸ਼-ਇਸ਼ਰਤ ਦਾ ਸ਼ਿਕਾਰ ਹੋਇਆਂ ਜਿਥੇ ਖਾਲਸਾ-ਪੁਰਸ਼ਾਂ ਵਿਚ ਰਹਿਤ ਬਹਿਤ ਵਲੋਂ ਢਿਲਿਆਈ ਆ ਗਈ ਓਥੇ ਖਾਲਸਾ ਬੀਬੀਆਂ ਵੀ ਫੈਸ਼ਨ ਦੇ ਵਹਿਣ ਵਿਚ ਵਹਿ ਤੁਰੀਆਂ ਅਤੇ ਦਸਤਾਰ (ਕੇਸਕੀ) ਉਤਾਰ ਕੇ ਕੇਸਾਂ ਦੇ ਅਨਿਕ ਪ੍ਰਕਾਰੀ ਫੈਸ਼ਨ ਬਨਾਉਣੇ ਅਰੰਭ ਦਿਤੇ। ਇਸ ਢਿਲਿਆਈ ਤੋਂ ਪੰਥ-ਦੋਖੀਆਂ ਨੇ ਲਾਭ ਉਠਾ ਕੇ ਇਕ ਰਹਿਤਨਾਮਾ "ਪ੍ਰੇਮ-ਸੁਮਾਰਗ ਗ੍ਰੰਥ" ਦੇ ਨਾਂ ਹੇਠ ਲਿਆ ਪ੍ਰਚਲਤ ਕੀਤਾ, ਜਿਸ ਦੇ ਆਦਿ ਵਿਚ "ਸ੍ਰੀ ਮੁਖ ਪਾਤਸ਼ਾਹੀ ੧੦" ਲਿਖਿਆ ਹੋਇਆ ਸੀ। ਇਹ ਗ੍ਰੰਥ ਐਸ਼-ਪ੍ਰਸਤਾਂ ਨੂੰ ਹਰ ਪ੍ਰਕਾਰ ਦੀਆਂ ਖੁਲ੍ਹਾਂ ਤੇ ਐਸ਼ੋ-ਇਸ਼ਰਤ ਦੀ ਆਗਿਆ ਦਿੰਦਾ ਸੀ। ਐਸ਼-ਪ੍ਰਸਤੀ ਹੀ ਉਸ ਵੇਲੇ ਦੇ ਮਾਇਆ-ਗ੍ਰਸੇ ਸਿਖ-ਸਰਦਾਰਾਂ ਦੀ

ਲੋਚਾ ਬਣ ਚੁਕੀ ਸੀ, ਸੋ ਇਹ ਗ੍ਰੰਥ 'ਰਹਿਤਨਾਮਾ' ਰੂਪ ਵਿਚ ਓਦੋਂ ਸਹਿਜੇ ਹੀ ਪ੍ਰਚਲਤ ਤੇ ਪ੍ਰਵਾਣਤ ਹੋ ਗਿਆ। ਇਸ ਗ੍ਰੰਥ ਦੀ ਕਿਰਪਾ ਨਾਲ ਧਨ ਦੌਲਤ ਵਿਚ ਮਤੇ ਸਮੂਰੇ ਸਿਖ ਪਰਵਾਰਾਂ ਵਿਚ ਮਾਸ, ਸ਼ਰਾਬ, ਵਿਭਚਾਰ ਅਤੇ ਕਈ ਪ੍ਰਕਾਰ ਦੀਆਂ ਕੁਰੀਤੀਆਂ ਪ੍ਰਵੇਸ਼ ਕਰ ਗਈਆਂ।

ਪਰ ਇਸ ਦੇ ਬਾਵਜੂਦ ਗੁਰੂ ਕੇ ਭੈ-ਭਾਵਨੀ ਵਾਲੇ ਸਚਿਆਰ ਗੁਰਸਿਖ-ਪਰਵਾਰਾਂ ਵਿਚ ਦਸਤਾਰ ਦੀ ਰਹਿਤ ਬਦਸਤੂਰ ਜਾਰੀ ਰਹੀ ਤੇ ਅਜ ਤਕ ਜਾਰੀ ਹੈ। ਵਰਤਮਾਨ ਕਾਲ ਵਿਚ ਵੀ ਇਹ ਦਸਤਾਰ (ਕੇਸਕੀ) ਖਾਲਸਾ ਰਹਿਤ ਕੇਵਲ ਅਖੰਡ ਕੀਰਤਨੀ ਜਥੇ ਤਕ ਹੀ ਸੀਮਤ ਨਹੀਂ, ਪੰਥ ਦੇ ਹੋਰ ਗੁਰਮਤੀ ਪਰਵਾਰਾਂ ਵਿਚ ਵੀ ਇਹ ਪ੍ਰਚਲਤ ਹੈ।

ਪੰਥ ਰਤਨ ਗੁਰੂ ਕੇ ਸਚਿਆਰ ਸਿਖ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੀ ਸਿੰਘਣੀ ਦਸਤਾਰ-ਧਾਰੀ ਹਨ। ਉਹਨਾਂ ਦੇ ਨਿਕਟਵਰਤੀ ਸਚਖੰਡ ਵਾਸੀ ਸੰਤ ਕਰਤਾਰ ਸਿੰਘ ਜੀ ਖਾਲਸਾ ਦੀ ਸਿੰਘਣੀ ਵੀ ਦਸਤਾਰ-ਧਾਰੀ ਹੋ ਕੇ ਗੁਰੂ ਕੇ ਖਾਲਸਈ ਰੂਪ ਵਿਚ ਵਿਚਰ ਰਹੇ ਹਨ। ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕ ਜਥੇਦਾਰ ਸਿੰਘ ਸਾਹਿਬ ਭਾ: ਅੱਛਰ ਸਿੰਘ ਜੀ ਦੀ ਸਿੰਘਣੀ (ਮਾਤਾ ਮਹਿੰਦਰ ਕੌਰ ਜੀ) ਜੀਵਨ-ਪ੍ਰਯੰਤ ਦਸਤਾਰ-ਧਾਰੀ ਹੋ ਕੇ ਵਿਚਰਦੇ ਰਹੇ। ਪੰਥ ਪ੍ਰਸਿਧ ਵਿਅਕਤੀ ਮਾਤਾ ਕ੍ਰਿਸ਼ਨ ਕੌਰ ਕੌਂਕਿਆ ਵਾਲੇ ਤੇ ਬੀਬੀ ਚਰਨ ਕੌਰ ਜੀ ਦਸਤਾਰ-ਧਾਰੀ ਸਨ। ਪੰਜਾਬ ਦੇ ਸਾਬਕ ਮੁਖ ਮੰਤਰੀ ਸ: ਪ੍ਰਤਾਪ ਸਿੰਘ ਜੀ ਕੈਰੋਂ ਦੇ ਮਾਤਾ ਹਰ ਕੌਰ ਜੀ ਅਤੇ ਜ਼ਿਲਾ ਅੰਮ੍ਰਿਤਸਰ ਦੇ ਪਿੰਡਾਂ ਭੁੱਚਰ, ਮੱਟੀਆਂ ਆਦਿ ਵਿਖੇ ਸੈਂਟਰਲ ਮਾਝਾ ਖਾਲਸਾ ਦੀਵਾਨ ਦੇ ਅਕਾਲੀ ਪਰਵਾਰਾਂ ਦੀਆਂ ਬੀਬੀਆਂ ਦਸਤਾਰਾਂ ਸੰਯੁਕਤ ਹੀ ਵਿਚਰਦੀਆਂ ਰਹੀਆਂ ਤੇ ਵਿਚਰ ਰਹੀਆਂ ਹਨ।

ਦਸਤਾਰ (ਕੇਸਕੀ) ਸਿਖਾਂ ਦੀ ਬਹੁ-ਗਿਣਤੀ ਵਿਚ ਓਵੇਂ ਹੀ ਲੋਪ ਹੋ ਗਈ ਹੈ ਜਿਵੇਂ ਹਿੰਦੂ ਧਰਮ ਵਿਚ ਕੇਸ ਲੋਪ ਹੋ ਗਏ ਹਨ। ਹਿੰਦੂ ਧਰਮ ਵਿਚ ਕੇਸਾਂ ਦੇ ਮੁੰਡਣ ਦੇ ਅਰੰਭ ਸੰਬੰਧੀ ਸੂਰਜ ਪ੍ਰਕਾਸ਼ ਵਿਚ ਵਿਸਥਾਰ ਪੂਰਬਕ ਘਟਨਾ ਦਾ ਵਰਨਣ ਹੈ, ਜਿਸ ਦਾ ਵਿਸਥਾਰ ਇਥੇ ਨਹੀਂ ਦਿਤਾ ਜਾ ਰਿਹਾ।

ਸਵਾਲ ਹੈ :—

(੧) ਕੀ ਹਿੰਦੂ ਧਰਮ ਦੇ ਸੰਚਾਲਕ ਰਿਸ਼ੀ ਮੁਨੀ ਅਵਤਾਰ ਸਾਰੇ ਕੇਸਾ-ਧਾਰੀ ਨਹੀਂ ਸਨ ?

(੨) ਕੀ ਹੁਣ ਜਿਥੇ ਵੇਦਾਂ ਵਿਚ ਕੇਸ ਕਾਇਮ ਰਖਣ ਸੰਬੰਧੀ ਸਲੋਕ ਮਿਲਦੇ ਹਨ ਓਥੇ ਮੁੰਡਣ ਕਰਵਾਉਣ ਸੰਬੰਧੀ ਵੀ ਸਲੋਕ ਨਹੀਂ ਮਿਲਦੇ ? ਇਹ ਕਿਉਂ ? ਕੀ ਇਹ ਵੇਦਾਂ ਵਿਚ ਰਲਾ ਪਾਏ ਜਾਣ ਦੇ ਸੂਚਕ ਨਹੀਂ ?

(੩) ਮੁੰਡਣ ਕਿਥੋਂ ਤੇ ਕਿਉਂ ਸ਼ੁਰੂ ਹੋਇਆ ਤੇ ਕਿਵੇਂ ਵਧਦਾ ਗਿਆ ? ਹਿੰਦੂ ਧਰਮ ਵਿਚ ਕੇਸਾਂ ਦੇ ਮੁਕੰਮਲ ਸਫਾਏ ਦੇ ਕੀ ਕੀ ਕਾਰਨ ਹਨ ?

ਡਾਕਟਰ ਜੀਤ ਸਿੰਘ ਜੀ ਸੀਤਲ ਆਪਣੇ ਲੇਖ ਵਿਚ ਲਿਖਦੇ ਹਨ :—

"ਪਰੰਤੂ ਭਾਈ ਸਾਹਿਬ ਰਣਧੀਰ ਸਿੰਘ ਤੇ ਉਨ੍ਹਾਂ ਦੀ ਸੰਪ੍ਰਦਾਇ ਕੇਸਾਂ ਦੀ ਥਾਂ 'ਕੇਸਕੀ' (ਛੋਟੀ ਦਸਤਾਰ ਨੂੰ ਪੰਜਵਾਂ 'ਕੱਕਾ' ਮੰਨਦੇ ਹਨ। ਪ੍ਰੋ: ਅਮਰਜੀਤ ਕੌਰ (ਗੁਰਸਿਖ ਰਹਿਣੀ, 'ਸੂਰਾ' ਪੰਨਾ ੨੮) ਭਾਈ ਰਣਧੀਰ ਸਿੰਘ ਸੰਪ੍ਰਦਾਇ ਦੀ ਅਨੁਆਈ ਲਿਖਦੀ ਹੈ :

'ਸੋ ਸਪੱਸ਼ਟ ਹੈ ਕਿ ਕੇਸ ਕਕਾਰਾਂ ਵਿਚ ਸ਼ਾਮਲ ਹੋ ਹੀ ਨਹੀਂ ਸਕਦੇ ...ਫੇਰ ਵੀ ਜੇ ਅਸੀਂ ਇਨ੍ਹਾਂ ਨੂੰ ਨਿਰਾ ਕਕਾਰ ਜਾਂ ਰਹਿਤ ਮਾਤਰ ਹੀ ਗਿਣੀ ਜਾਈਏ ਤਾਂ ਇਸ ਦਾ ਕੀ ਇਲਾਜ ?'

ਕੇਸਾਂ ਦੀ ਥਾਂ, ਉਹ 'ਕੇਸਕੀ' ਨੂੰ ਪੰਜਾਂ ਕਕਾਰਾਂ ਵਿਚ ਸ਼ਾਮਲ ਕਰਦੀ ਹੈ ? ਇਸ 'ਕੁਫਰ' ਦਾ ਉਤਰ ਅਸੀਂ ਆਪ ਨਹੀਂ ਦਿੰਦੇ, ਭਾਈ ਸਾਹਿਬ ਸਰਦਾਰ ਕਪੂਰ ਸਿੰਘ ਦੇ ਸ਼ਬਦ ਹੀ ਦੁਹਰਾਉਂਦਾ ਹਾਂ :

'ਭਾਈ ਰਣਧੀਰ ਸਿੰਘ ਦੇ ਅਨੁਆਈਆਂ ਨੂੰ ਕੱਕਿਆਂ ਵਿਚ ਅਜਿਹੀ ਤਰਮੀਮ (ਸੋਧ) ਕਰਨ ਦੀ ਮੰਦੀ ਸਲਾਹ ਦਿਤੀ ਗਈ ਹੈ। ਰਹਿਤ ਮਰਯਾਦਾ ਵਿਚ ਕਿਸੇ ਪ੍ਰਕਾਰ ਦੀ ਸੋਧ ਸੁਧਾਈ ਜਾਂ ਅਦਲਾ

ਬਦਲੀ ਕਰਨਾ ਗੁਰਮਤਿ ਵਿਰੁਧ 'ਪਾਪ' ਹੈ ਅਤੇ ਸਿਖ ਧਰਮ ਤੇ ਪੰਥ ਨੂੰ ਵੱਡੀ ਢਾਹ ਲਾਉਣਾ ਹੈ। ਪ੍ਰੋ: ਅਮਰਜੀਤ (ਕੌਰ) 'ਕੇਸਕੀ' ਦੇ ਹੱਕ ਵਿਚ 'ਰਹਿਤਨਾਮਾ ਭਾਈ ਚੌਪਾ ਸਿੰਘ' ਚੋਂ ਇਕ ਟੂਕ ਦਿੰਦੀ ਹੈ :

ਕਛ ਕੜਾ ਕਿਰਪਾਨ ਕੰਘਾ ਕੇਸਕੀ। ਇਹ ਪੰਜ ਕਕਾਰੀ ਰਹਿਤ ਧਾਰੇ ਸਿਖ ਸੋਈ।

ਲੇਖਕ ਨੇ ਕੇਸ+ਕੀ ਨੂੰ ਇਕੱਠਾ ਕਰਨ ਤੇ ਉਸ ਨੂੰ 'ਕੇਸਕੀ' ਬਣਾਉਣ ਦੀ ਭੁਲ ਕੀਤੀ ਹੈ। ਉਪ-ਰੋਕਤ ਕਾਵਿ-ਟੂਕ ਦੀ ਵਾਰਤਕ ਇਸ ਪ੍ਰਕਾਰ ਹੋਵੇਗੀ :

"ਕਛ ਕੜਾ ਕਿਰਪਾਨ ਕੰਘਾ ਅਤੇ ਕੇਸ ਕੀ (ਦੀ) ਇਹ ਪੰਜ ਕਕਾਰੀ ਰਹਿਤ (ਜੋ) ਧਾਰੇ ਸੋਈ (ਉਹ) ਸਿਖ (ਹੈ)। ਕਿਸੇ ਰਹਿਤਨਾਮੇ ਨੇ 'ਕੇਸਕੀ' ਨੂੰ ਕਕਾਰ ਨਹੀਂ ਕਿਹਾ, ਨਾ ਹੀ ਕਿਸੇ ਰਹਿਤ-ਨਾਮੇ ਵਿਚ 'ਕੇਸਕੀ' ਦਾ ਸੰਕੇਤ ਤਕ ਆਉਂਦਾ ਹੈ।" [ਸਿੰਘ ਸਭਾ ਪਤ੍ਰਿਕਾ, ਪੰਨਾ ੫੨

ਪਿਛਲੇ ਪੰਨਿਆਂ ਤੇ ਇਹ ਤਥ ਸਪੱਸ਼ਟ ਕੀਤਾ ਜਾ ਚੁਕਾ ਹੈ ਕਿ ਦਸਤਾਰ (ਕੇਸਕੀ) ਭਾ: ਸਾ: ਰਣਧੀਰ ਸਿੰਘ ਜੀ ਜਾਂ ਉਹਨਾਂ ਦੇ ਜਥੇ ਵਲੋਂ ਪ੍ਰਚਲਤ ਨਹੀਂ ਕੀਤੀ ਗਈ, ਸਗੋਂ ਇਹ ਸਿਖ ਧਰਮ ਦੇ ਸੰਚਾਲਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਚਲੀ ਆਈ ਹੈ। ਦਸਵੇਂ ਜਾਮੇ ਵਿਚ ਖੰਡੇ ਦੀ ਪਾਹੁਲ ਸਮੇਂ ਜਦੋਂ ਅੰਤਰਮੁਖੀ ਰਹਿਤ ਨਾਲ ਬਾਹਰਮੁਖੀ ਖਾਲਸਾ ਰਹਿਤ ਦਾ ਬੰਧਾਨ ਬੱਧਾ ਤਾਂ ਦਸਤਾਰ (ਕੇਸਕੀ) ਨੂੰ ਖਾਲਸੇ ਦੇ ਬਾਹਰਮੁਖੀ ਚਿੰਨ੍ਹਾਂ ਵਿਚ ਰਖਿਆ ਗਿਆ। ਤਦ ਤੋਂ ਸਤਿਗੁਰੂ ਦੇ ਪਿਆਰ ਵਾਲਾ ਹਰੇਕ ਖਾਲਸਾ (ਪੁਰਸ਼ ਤੇ ਇਸਤ੍ਰੀ) ਗੁਰੂ ਕੀ ਮੁਹਰ—ਕੇਸਾਂ—ਦੀ ਸੰਭਾਲ ਦਸਤਾਰ (ਕੇਸਕੀ) ਸਹਿਤ ਕਰਦਾ ਆ ਰਿਹਾ ਹੈ। ਅਜ ਵੀ ਜਿਥੇ ਕਿਰਪਾਨ ਖਾਲਸੇ ਦਾ ਰਵਾਇਤੀ ਹਥਿਆਰ ਮੰਨਿਆ ਜਾਂਦਾ ਹੈ, ਦਸਤਾਰ ਖਾਲਸੇ ਦਾ ਰਵਾਇਤੀ ਚਿੰਨ੍ਹ ਸਵੀਕਾਰ ਕੀਤਾ ਜਾਂਦਾ ਹੈ।

ਫ਼ੈਸ਼ਨ ਦੀ ਕੁਲਹਿਣੀ ਰੌ ਵਿਚ ਰੁੜ੍ਹ ਕੇ ਕਚੇ-ਪਿੱਲੇ ਤੇ ਢਿਲੜ ਵਿਅਕਤੀ ਦਸਤਾਰ (ਕੇਸਕੀ) ਨੂੰ ਛਡ ਗਏ ਹਨ ਅਤੇ ਕੇਸਾਂ ਨੂੰ ਨੰਗੇ ਰਖ ਕੇ ਉਹਨਾਂ ਦੇ ਅਨਿਕ ਪ੍ਰਕਾਰੀ ਫੈਸ਼ਨੇਬਲ ਡੀਜ਼ਾਈਨ ਬਣਾ ਕੇ ਆਪਣਾ ਅਤੇ ਲੋਕਾਂ ਦਾ ਮਨ ਪਰਚਾਵਾ ਕਰਨ ਵਿਚ ਖੁਸ਼ੀ ਮਹਿਸੂਸ ਕਰਦੇ ਹਨ। ਉਹਨਾਂ ਨੂੰ ਕੌਮ ਦੇ ਧਾਰਮਕ ਆਗੂਆਂ ਵਲੋਂ ਵੀ ਦਸਤਾਰ (ਕੇਸਕੀ) ਤੋਂ ਖੁਲ੍ਹੀ ਛੁਟੀ ਦੇ ਦਿਤੀ ਗਈ ਹੈ। ਪਰ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਗੁਰੂ ਕੀ ਕਾਰ ਕਮਾ ਕੇ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨਾ ਬਣਾਇਆ ਹੋਇਆ ਹੈ ਉਹਨਾਂ ਨੂੰ ਨਾ ਵਿਕਾਰ-ਉਪਜਾਊ ਫ਼ੈਸ਼ਨਾਂ ਨਾਲ ਕੋਈ ਵਾਸਤਾ ਹੈ ਅਤੇ ਨਾ ਲੋਕ-ਲਾਜ ਦੀ ਕੋਈ ਪ੍ਰਵਾਹ; ਬਸ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮੰਨਣੀ ਹੀ ਉਹਨਾਂ ਦੀ ਇਕੋ ਇਕ ਰੀਝ ਹੈ। ਉਹ ਗੁਰੂ-ਦ੍ਰਿੜ੍ਹਾਈ ਦਸਤਾਰ (ਕੇਸਕੀ) ਨੂੰ ਗੁਰੂ ਕਾ ਬਖਸ਼ਿਆ ਤਾਜ ਜਾਣ ਕੇ ਸੀਸ ਤੇ ਸਜਾਂਦੇ ਹਨ। ਸੀਸ ਤੇ ਦਸਤਾਰ ਸਜਾਈ ਉਹਨਾਂ ਲਈ ਮਜਬੂਰੀ ਨਹੀਂ, ਗੌਰਵ ਹੈ।

ਜੇ ਗੁਰੂ ਕੇ 'ਸਿੰਘ' ਬੱਚੇ ਲਈ "ਮੈ ਗੁਰ ਮਿਲਿ ਉਚ ਦੁਮਾਲੜਾ"* ਫ਼ਖਰ ਦੀ ਗੱਲ ਹੈ ਤੇ ਇਸ ਨਾਲ ਉਸ ਦੇ ਬਾਕੀ ਸੰਸਾਰ ਤੋਂ ਨਿਆਰੇ ਨਿਰਾਲੇ ਹੋਣ ਦੀ ਪਛਾਣ ਹੈ ਤਾਂ ਗੁਰੂ ਕੀ 'ਕੌਰ' ਬੱਚੀ ਲਈ ਵੀ ਇਹ ਗੌਰਵ ਦੀ ਗੱਲ ਹੈ ਅਤੇ ਉਸ ਦੇ ਨਿਆਰੇ ਨਿਰਾਲੇ ਹੋਣ ਦੀ ਪਛਾਣ ਵੀ ਇਸ ਉਚ ਦੁਮਾਲੜੇ—ਦਸਤਾਰ (ਕੇਸਕੀ) ਦੁਆਰਾ ਹੀ ਸੰਭਵ ਹੈ। ਨੰਗੇ ਸਿਰ ਅਤੇ ਅਧ-ਨੰਗੇ ਪਹਿਰਾਵੇ ਵਾਲੀਆਂ ਬੀਬੀਆਂ ਦੇ ਖਾਲਸਾ ਹੋਣ ਦੀ ਕੀ ਪਛਾਣ ਹੈ ?

ਅਖੰਡ ਕੀਰਤਨੀ ਜਥਾ, ਸਤਿਗੁਰਾਂ ਵਲੋਂ ਖਾਲਸੇ ਪ੍ਰਤੀ ਦ੍ਰਿੜ੍ਹਾਈ ਦਸਤਾਰ (ਕੇਸਕੀ) 'ਰਹਿਤ' ਦਾ ਅਮਲੀ ਰੂਪ ਵਿਚ ਧਾਰਨੀ ਹੈ ਅਤੇ ਡੰਕੇ ਦੀ ਚੋਟ ਨਾਲ ਲਗਾਤਾਰ ਇਸ ਰਹਿਤ ਦਾ ਪ੍ਰਚਾਰ ਕਰਦਾ ਆ ਰਿਹਾ ਹੈ। ਦਸਤਾਰ (ਕੇਸਕੀ) 'ਰਹਿਤ' ਦਾ ਕੇਸਾਂ ਦੀ ਰਹਿਤ ਨਾਲ ਨਾ ਕੋਈ ਸ਼ਰੀਕਾ ਹੈ ਨਾ ਹੀ ਟਕਰਾਅ

*ਸਿਰੀਰਾਗੁ ਮ: ੫, ਪੰਨਾ ੭੪

ਹੈ, ਸਗੋਂ ਗੁਰੂ ਕੀ ਮੁਹਰ (ਕੇਸਾਂ) ਨੂੰ ਪੂਰਨ ਅਦਬ ਸਤਿਕਾਰ ਨਾਲ ਸੰਭਾਲਣ ਤੇ ਕੇਸਾਂ ਦੀ ਮਹੱਤਤਾ ਨੂੰ ਕਾਇਮ ਦਾਇਮ ਰਖਣ ਲਈ ਸਹਾਇਕ ਹੈ। ਕੇਸਾ-ਧਾਰੀ, ਪਰ ਦਸਤਾਰ (ਕੇਸਕੀ)-ਹੀਣ ਵਿਅਕਤੀ ਵਾਲਾਂ ਵਾਲਾ ਮਨੁਖ (ਮਰਦ ਇਸਤ੍ਰੀ) ਤਾਂ ਹੋ ਸਕਦਾ ਹੈ, ਸਿਖ ਨਹੀਂ। ਏਸੇ ਤਰ੍ਹਾਂ ਦਸਤਾਰ-ਧਾਰੀ ਪਰ ਕੇਸ-ਹੀਣ ਵਿਅਕਤੀ ਕੁਝ ਹੋਰ ਭਾਵੇਂ ਹੋਵੇ, ਸਿਖ ਨਹੀਂ ਹੋ ਸਕਦਾ।

ਅਮੋਲਕ ਰਬੀ-ਦਾਤਿ ਅਤੇ ਗੁਰੂ ਕੀ ਮੁਹਰ—ਕੇਸਾਂ—ਦੀ ਸੰਭਾਲ ਲਈ ਦਸਤਾਰ (ਕੇਸਕੀ) ਖਾਲਸਾ ਰਹਿਤ ਦਾ ਮਹੱਤਵ ਪੂਰਣ ਬਾਹਰਮੁਖੀ ਚਿੰਨ੍ਹ ਹੈ। ਜਿਥੋਂ ਤਕ ਕੇਸਾਂ ਦਾ ਸੰਬੰਧ ਹੈ, ਅਖੰਡ ਕੀਰਤਨੀ ਜਥੇ ਨਾਲੋਂ ਵਡਾ ਕੇਸਾਂ ਦਾ ਮੁਦਈ ਤੇ ਸ਼ੈਦਾਈ (ਪ੍ਰੇਮੀ) ਹੋਰ ਕਿਹੜਾ ਹੈ ? ਕੇਸਾਂ ਨੂੰ ਸਹੀ ਰੂਪ ਵਿਚ ਗੁਰੂ ਕੀ ਮੁਹਰ ਜਾਣ ਕੇ ਸਤਿਕਾਰ ਕਰਨਾ, ਨਿਤਾਪ੍ਰਤਿ ਸਕੇਸ਼ ਇਸ਼ਨਾਨ ਕਰਨਾ, ਕੇਸਾਂ ਨੂੰ ਦਸਤਾਰ (ਕੇਸਕੀ) ਨਾਲ ਸੰਭਾਲ ਕੇ ਅਦਬ ਨਾਲ ਰਖਣਾ, ਦੋਨੋਂ ਵਕਤ ਕੰਘਾ ਕਰਨਾ, ਦਾੜ੍ਹਾ ਪ੍ਰਕਾਸ਼ ਰਖਣਾ, ਸੂਧਾ ਸਾਦਾ ਗੁਰਮੁਖੀ ਪਹਿਰਾਵਾ ਰਖਣਾ, ਇਹ ਅਖੰਡ ਕੀਰਤਨੀ ਜਥੇ ਦੀਆਂ ਵਿਸ਼ੇਸ਼ਤਾਈਆਂ ਸਾਰਾ ਸਿਖ ਜਗਤ ਜਾਣਦਾ ਹੈ।

ਡਾ: ਜੀਤ ਸਿੰਘ ਜੀ ਸੀਤਲ ਕੇਸਾਂ ਦੀ ਮਹੱਤਤਾ ਦਾ ਭਾਸ਼ਨ ਅਖੰਡ ਕੀਰਤਨੀ ਜਥੇ ਨੂੰ ਸੁਣਾ ਕੇ "ਮਾਂ ਨਾਲੋਂ ਵਧ ਪਿਆਰ ਜਿਤਲਾਉਣ ਵਾਲੀ ਡੈਣ" ਵਾਲੀ ਗੱਲ ਕਰ ਰਹੇ ਹਨ।

ਖਾਲਸਾ ਰਹਿਤ ਵਿਚ ਅਖੰਡ ਕੀਰਤਨੀ ਜਥੇ ਨੇ ਕੋਈ ਤਬਦੀਲੀ ਨਹੀਂ ਕੀਤੀ, ਸਗੋਂ ਅਜਿਹਾ ਕਰਨ ਨੂੰ ਕੁਫ਼ਰ ਸਮਝਦਾ ਹੈ। ਤਬਦੀਲੀ ਉਹਨਾਂ ਨੇ ਕੀਤੀ ਹੈ ਜੋ ਦਸਤਾਰ (ਕੇਸਕੀ) ਨੂੰ ਰਹਿਤ ਦਾ ਅੰਗ ਮੰਨਣ ਤੋਂ ਆਕੀ ਹੋਏ ਫਿਰਦੇ ਹਨ ਅਤੇ ਜਿਨ੍ਹਾਂ ਨੇ ਖਾਲਸਾ ਬੀਬੀਆਂ ਨੂੰ ਇਸ ਤੋਂ ਛੁਟੀ ਦੇ ਰਖੀ ਹੈ ਅਤੇ ਜਿਨ੍ਹਾਂ ਦੇ ਪ੍ਰਵਾਰ ਨੰਗੇ ਸਿਰੀਂ ਵਿਚਰ ਕੇ ਕੇਸਾਂ ਦੀ ਬੇਅਦਬੀ ਕਰਦੇ ਫਿਰਦੇ ਹਨ।

ਡਾਕਟਰ ਜੀਤ ਸਿੰਘ ਜੀ ਜਾਂ ਆਪਣੀ ਲਾ-ਇਲਮੀ ਅਧੀਨ ਜਾਂ ਸ਼ਰਾਰਤੀ ਵਾਦੀ ਅਧੀਨ ਇਕ ਫ਼ਤਵਾ ਸਾਦਰ ਕਰਦੇ ਹਨ :—

> "ਜਿਵੇਂ ਕੇਸ ਤੇ ਸਰੀਰ ਦਾ ਇਕ ਰੋਮ ਵੀ ਕਟਵਾਉਣਾ ਬਜਰ ਕੁਰਹਿਤ ਹੈ, 'ਕੇਸਾਂ' ਨੂੰ ਰਹਿਤ ਜ਼ਰੂਰੀ ਅੰਗ ਨਾ ਮੰਨਣਾ ਵੀ ਓਡੀ ਹੀ ਬਜਰ ਕੁਰਹਿਤ ਹੈ।" [ਸਿੰਘ ਸਭਾ ਪਤ੍ਰਿਕਾ, ਪੰਨਾ ੫੩

ਇਹ ਫਤਵਾ ਅਖੰਡ ਕੀਰਤਨੀ ਜਥੇ ਉਤੇ ਤਾਂ ਕਿਵੇਂ ਵੀ ਨਹੀਂ ਲਗਦਾ। ਉਹ ਤਾਂ ਕੇਸਾਂ ਦਾ ਸਤਿਕਾਰ ਅਤੇ ਪ੍ਰਤਿਪਾਲਨਾ ਕਰਨ ਵਿਚ ਪੰਥ ਚੋਂ ਕਿਸੇ ਤੋਂ ਪਿਛੇ ਨਹੀਂ, ਸਗੋਂ ਸਭ ਤੋਂ ਮੂਹਰੇ ਹਨ।

## ਕਕਾਰ--

ਡਾ: ਚਉਪਾ ਸਿੰਘ ਜੀ ਦੇ ਰਹਿਤਨਾਮੇ ਦੀ ਟੂਕ "ਕਛ ਕੜਾ ਕਿਰਪਾਨ ਕੰਘਾ ਕੇਸਕੀ" ਸੰਬੰਧੀ ਟਿਪਣੀ ਕਰਦੇ ਡਾਕਟਰ ਜੀਤ ਸਿੰਘ ਲਿਖਦੇ ਹਨ :—

> "ਕਛ ਕੜਾ, ਕਿਰਪਾਨ, ਕੰਘਾ (ਅਤੇ) ਕੇਸ ਕੀ (ਦੀ) ਇਹ ਪੰਜ ਕਕਾਰੀ ਰਹਿਤ (ਜੋ) ਧਾਰੇ (ਉਹ) ਸਿਖ (ਹੈ)। ਕਿਸੇ ਰਹਿਤਨਾਮੇ ਨੇ 'ਕੇਸਕੀ' ਨੂੰ ਕਕਾਰ ਨਹੀਂ ਕਿਹਾ, ਨਾ ਹੀ ਕਿਸੇ ਰਹਿਤਨਾਮੇ ਵਿਚ ਕੇਸਕੀ ਦਾ ਸੰਕੇਤ ਤਕ ਆਉਂਦਾ ਹੈ।" [ਸਿੰਘ ਸਭਾ ਪਤ੍ਰਿਕਾ, ਪੰਨਾ ੫੨

ਰਹਿਤਨਾਮਿਆਂ ਬਾਰੇ ਰੀਸਰਚ ਕਰਨ ਵਾਲੇ ਖੋਜੀ ਵਿਦਵਾਨ ਇਸ ਸਿੱਟੇ ਤੇ ਪੁਜੇ ਹਨ ਕਿ ਰਹਿਤਾਮਾ ਕੋਈ ਵੀ ਸ੍ਰੀ ਮੁਖ ਵਾਕ ਨਹੀਂ, ਭਾਵੇਂ ਕਈ ਲਿਖਾਰੀਆਂ ਨੇ ਆਪਣੀ ਲਿਖਤ ਨੂੰ ਮੁਸਤਨਿਦ ਪ੍ਰਗਟ ਕਰਨ ਲਈ ਪਾਤਸ਼ਾਹੀ ਦਸਵੀਂ ਨਾਲ ਸੰਬੰਧਤ ਕੀਤਾ ਹੈ। ਪ੍ਰੋਫੈਸਰ ਪਿਆਰਾ ਸਿੰਘ ਪਦਮ ਪੁਸਤਕ 'ਰਹਿਨਾਮੇ' ਵਿਚ ਲਿਖਦੇ ਹਨ :—

> "ਇਹ ਗੱਲ ਸਾਫ਼ ਹੈ ਕਿ ਕੋਈ ਰਹਿਤਨਾਮਾ ਸ੍ਰੀ ਮੁਖ ਵਾਕ ਜਾਂ ਗੁਰੂ ਗੋਬਿੰਦ ਸਿੰਘ ਰਚਿਤ ਨਹੀਂ। ਜੇ ਅਜਿਹਾ ਹੁੰਦਾ ਤਾਂ ਦਸਮ ਗ੍ਰੰਥ ਵਿਚ ਜ਼ਰੂਰ ਦਰਜ ਹੁੰਦਾ। ਮਲੂਮ ਹੁੰਦਾ ਹੈ ਕਿ ਅਠਾਰ੍ਹਵੀਂ ਸਦੀ

ਵਿਚ ਇਨ੍ਹਾਂ ਦੀ ਰਚਨਾ ਹੋਈ।

ਕੁਝ ਰਹਿਤਨਾਮਿਆਂ ਵਿਚ ਕੁਝ ਕੁ ਗੱਲਾਂ ਅਜਿਹੀਆਂ ਅੰਕਤ ਹਨ ਜੋ ਗੁਰਮਤਿ ਅਨੁਸਾਰੀ ਨਹੀਂ। ਬਾਕੀ ਜੋ ਕਥਨ ਗੁਰਬਾਣੀ ਆਸ਼ੇ ਦੇ ਪ੍ਰਤਿਕੂਲ ਹੈ, ਉਸ ਨੂੰ ਜੇ ਕਿਸੇ ਰਹਿਤਨਾਮੇ ਵਿਚ ਲਿਖਿਆ ਗਿਆ ਹੈ ਤਾਂ ਜ਼ਰੂਰੀ ਨਹੀਂ ਕਿ ਸਿਖ ਉਸ ਨੂੰ ਪ੍ਰਵਾਨ ਕਰੇ। ਅੰਤਮ ਪ੍ਰਮਾਣ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦੇ ਪਵਿਤਰ ਬਚਨ ਹੀ ਹਨ।" [ਰਹਿਤਨਾਮੇ, ਪੰਨਾ ੪੩-੪੪

"ਕਿਸੇ ਵੀ ਰਹਿਤਨਾਮੇ ਵਿਚ ਇਹਨਾਂ ਪੰਜ ਕਕਾਰਾਂ ਦਾ ਇਕੱਠਾ ਜ਼ਿਕਰ ਨਹੀਂ ਆਉਂਦਾ। ਵਖ ਵਖ ਥਾਵਾਂ ਤੇ ਇਹਨਾਂ ਦੇ ਸੰਕੇਤ ਮਿਲਦੇ ਹਨ।" [ਰਹਿਤਨਾਮੇ, ਪੰਨਾ ੩੪

"ਹੋਰ ਭੀ ਕਿਸੇ ਪੁਰਾਤਨ ਲਿਖਤ ਵਿਚ ਪੰਜ ਕਕਾਰਾਂ ਦਾ ਵੇਰਵਾ ਨਹੀਂ ਮਿਲਿਆ, ਸਿਵਾਇ "ਜੀਵਨ ਚਰਿਤ੍ਰ ਬਾਬਾ ਬੁੱਢਾ ਜੀ" ਦੇ, ਜੋ ਮਸਾਂ ਚਾਲੀਹ ਕੁ ਵਰ੍ਹਿਆਂ ਯਾਨੀ ਸਿੰਘ ਸਭਾ ਲਹਿਰ ਸਮੇਂ ਦੀ ਰਚਨਾ ਹੈ।" [ਪ੍ਰੇਮ ਸੁਮਾਰਗ ਗ੍ਰੰਥ ਦੇ ਅਰੰਭ ਵਿਚ ਇਤਿਹਾਸਕ ਵਿਚਾਰ ਵਲੋਂ ਭਾ: ਰਣਧੀਰ ਸਿੰਘ ਰੀਸਰਚ ਸਕਾਲਰ, ਪੰਨਾ ੪੫]

ਜਿਥੋਂ ਤਕ ਖਾਲਸੇ ਦੇ ਬਾਹਰਮੁਖੀ ਚਿੰਨ੍ਹਾਂ ਦਾ ਸੰਬੰਧ ਹੈ, ਇਹਨਾਂ ਨੂੰ ਰਹਿਤ ਮਰਯਾਦਾ ਦੇ ਸੈਂਚੇ ਵਿਚ ਇਕੱਠੇ ਕਰਨ ਲਈ ਕਿਸੇ ਸਮੇਂ ਉਹਨਾਂ ਵਿਚ ਕੇਸਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ। ਅਜਿਹਾ ਕੀਤੇ ਜਾਣ ਦੇ ਸੰਭਵ ਕਾਰਨ ਇਹ ਭਾਸਦੇ ਹਨ :–

(ੳ) ਸਾਰੇ ਚਿੰਨ੍ਹਾਂ ਦੇ ਪਹਿਲੇ ਅਖਰ (ਕ) ਵਿਚ ਇਕ-ਸਾਰਤਾ ਰਖਣ ਲਈ ਤੇ ਉਹਨਾਂ ਨੂੰ 'ਕਕਾਰ' ਦੀ ਸੰਗਿਆ ਦੇ ਕੇ ਲਾਗੂ ਕਰਨ ਲਈ; ਹਾਲਾਂ ਕਿ ਬਾਹਰਮੁਖੀ ਖਾਲਸਈ ਚਿੰਨ੍ਹਾਂ ਲਈ 'ਕਕਾ' ਜਾ 'ਕਕਾਰ' ਸ਼ਬਦ ਪੁਰਾਤਨ ਰਹਿਤਨਾਮਿਆਂ ਵਿਚ ਨਜ਼ਰ ਨਹੀਂ ਪੈਂਦਾ।

(ਅ) ਦਸਤਾਰ (ਕੇਸਕੀ) ਦੀ ਛੋਟ ਦੇਣ ਲਈ, ਸ਼ਾਇਦ ਇਸ ਲਈ ਕਿ ਇਹ 'ਦ' ਅਖਰ ਤੋਂ ਅਰੰਭ ਹੋਣ ਕਾਰਨ ਕਕਿਆਂ ਵਿਚ ਫਿਟ ਨਹੀਂ ਹੁੰਦੀ ਅਤੇ ਦੂਜੇ ਇਸ ਦੀ ਧਾਰਨਾ ਅਮਲੀ ਤੌਰ ਤੇ ਸਿਖ ਬੀਬੀਆਂ ਵਿਚੋਂ ਮਧਮ ਜਾਂ ਅਲੋਪ ਹੋ ਚੁਕੀ ਹੈ।

ਇਸ ਤੋਂ ਮੁਕਰਿਆ ਨਹੀਂ ਜਾ ਸਕਦਾ ਕਿ ਦਸਤਾਰ (ਕੇਸਕੀ) ਧਾਰਨ ਕਰਨ ਸੰਬੰਧੀ ਰਹਿਤਨਾਮਿਆਂ ਵਿਚ ਸਪੱਸ਼ਟ ਸੰਕੇਤ ਮੌਜੂਦ ਹਨ ਤੇ ਸਭ ਤੋਂ ਮੁਸਤਨਿਦ ਸੰਕੇਤ ਗੁਰਬਾਣੀ ਵਿਚੋਂ ਮਿਲਦਾ ਹੈ।

ਜਿਥੋਂ ਤਕ ਕੇਸਾਂ ਦਾ ਸੰਬੰਧ ਹੈ, ਇਹ ਜਨਮ ਤੋਂ ਸਰੀਰ ਦਾ ਅੰਗ ਹਨ ਅਤੇ ਅਕਾਲ ਪੁਰਖ ਵਲੋਂ ਹਰ ਪ੍ਰਾਣੀ ਮਾਤਰ ਨੂੰ ਮਿਲੇ ਹੋਏ ਹਨ। ਸਤਿਗੁਰਾਂ ਵਲੋਂ ਕੇਸਾਂ ਦੇ ਕਤਲ ਕੀਤੇ ਜਾਣ ਦੀ ਮਨਾਹੀ ਕੀਤੀ ਗਈ ਤੇ ਕੇਸ ਕਤਲ ਕਰਾਉਣ ਵਾਲੇ ਨੂੰ ਪਤਿਤ ਅਥਵਾ ਸਿਖੀਓਂ ਖਾਰਜ ਦਸਿਆ ਗਿਆ। ਇਸ ਇਮਤਨਾਹੀ (ਮਨ੍ਹਾ ਕਰਨ ਵਾਲੇ) ਹੁਕਮ ਵਿਚ ਕੇਸਾਂ ਦਾ ਰਖੇ ਜਾਣਾ ਸੁਤੇ ਹੀ ਲੁਪਤ ਹੈ, ਕਿਸੇ ਵਖਰੇ ਹੁਕਮ ਦੀ ਆਵਸ਼ਕਤਾ (ਜ਼ਰੂਰਤ) ਨਹੀਂ। ਹਾਂ ਕੇਸਾਂ ਦੇ ਸਤਿਕਾਰ ਨੂੰ ਕਾਇਮ-ਦਾਇਮ ਰਖਣ ਲਈ ਅਤੇ ਗੁਰੂ ਕੀ ਮੁਹਰ ਜਾਣ ਕੇ ਇਨ੍ਹਾਂ ਦੀ ਸਾਰ-ਸੰਭਾਲ ਕਰਨ ਲਈ ਦਸਤਾਰ (ਕਸਕੀ) ਦਾ ਚਿੰਨ੍ਹ ਧਾਰਨ ਕੀਤੇ ਜਾਣ ਲਈ ਹੁਕਮ ਜ਼ਰੂਰ ਕੀਤਾ ਗਿਆ। ਬਾਹਰੋਂ ਧਾਰਨ ਕੀਤੇ ਜਾਣ ਵਾਲੇ ਚਿੰਨ੍ਹ ਰਹਿਤ ਦਾ ਭਾਗ ਹਨ। ਇਹਨਾਂ ਸਾਰਿਆਂ ਬਾਹਰਮੁਖੀ ਚਿੰਨ੍ਹਾਂ ਦੀ ਪਰਸਪਰ ਮਹੱਤਤਾ ਇਕ-ਸਾਰ ਹੈ ਤੇ ਉਸ ਵਿਚ ਕੋਈ ਫ਼ਰਕ ਨਹੀਂ। ਇਨ੍ਹਾਂ ਬਾਹਰਮੁਖੀ ਸਮੱਗਰ ਚਿੰਨ੍ਹਾਂ ਦੀ ਮਹਾਨਤਾ ਕੇਸਾਂ ਨਾਲ ਹੈ ਤੇ ਜੋ ਵਿਅਕਤੀ ਕੇਸਾਂ ਨੂੰ ਕਤਲ ਕਰਵਾ ਦੇਵੇ, ਉਸ ਦੇ ਸਮੱਗਰ ਚਿੰਨ੍ਹ ਧਾਰਨ ਕੀਤੇ ਕਿਸੇ ਲੇਖੇ ਨਹੀਂ। ਕੇਸਾਂ ਨੂੰ ਬਾਹਰੋਂ ਧਾਰਨ ਕੀਤੇ ਜਾਣ ਵਾਲੇ ਚਿੰਨ੍ਹਾਂ ਵਿਚ ਸ਼ਾਮਲ ਕਰਨ ਨਾਲ ਕੇਸਾਂ ਦੀ ਮਹੱਤਤਾ ਘਟਦੀ ਹੈ, ਕਿਉਂ ਜੁ ਬਾਹਰਲੇ ਚਿੰਨ੍ਹਾਂ ਵਿਚੋਂ ਕਿਸੇ ਇਕ ਦੇ ਸਰੀਰ ਨਾਲੋਂ ਵਖ

ਹੋ ਜਾਣ ਨਾਲ ਸਿਖ ਕੇਵਲ ਤਨਖਾਹੀਆਂ ਹੁੰਦਾ ਹੈ, ਪਰ ਕੇਸਾਂ ਦੇ ਤਨ ਨਾਲੋਂ ਜੁਦਾ ਕਰਨ ਨਾਲ (ਭਾਵ ਕਟਵਾਣ ਨਾਲ) ਸਿਖ ਪਤਿਤ ਅਥਵਾ ਸਿੱਖੀ ਤੋਂ ਖ਼ਾਰਜ ਹੋ ਜਾਂਦਾ ਹੈ। ਕੇਸ ਸਿੱਖੀ ਦੀ ਜਿੰਦ-ਜਾਨ ਹਨ, ਜਿਵੇਂ ਸਵਾਸ ਸਰੀਰ ਦੀ ਜਿੰਦ-ਜਾਨ ਹਨ। ਇਸੇ ਲਈ ਸਿਖ ਨਿਤ ਅਰਦਾਸ ਕਰਦਾ ਹੈ ਕਿ ''ਸਿਖੀ ਕੇਸਾਂ ਸੁਆਸਾਂ ਸੰਗ ਨਿਭੇ!''

ਇਸ ਤਰ੍ਹਾਂ ਸਪੱਸ਼ਟ ਹੈ ਕਿ ਕੇਸਾਂ ਨੂੰ ਬਾਹਰੋਂ ਧਾਰਨ ਕੀਤੇ ਜਾਣ ਵਾਲੇ ਚਿਨ੍ਹਾਂ ਵਿਚ ਸ਼ਾਮਲ ਕਰ ਕੇ ਬਾਹਰਲੇ ਅਸਲੀ ਚਿੰਨ੍ਹ ਦਸਤਾਰ (ਕੇਸਕੀ) ਨੂੰ ਮੂਲੋਂ ਹੀ ਚਿੰਨ੍ਹਾਂ ਵਿਚੋਂ ਖ਼ਾਰਜ ਕੀਤੇ ਜਾਣ ਨਾਲ ਕੌਮ ਨੂੰ ਬਹੁਤ ਹਾਨੀ ਪੁਜੀ ਹੈ। ਕੇਸਾਂ ਦੀ ਮਹੱਤਤਾ ਘਟੀ ਹੈ।

ਕੇਸਾਂ ਦੇ ਕਟਵਾਉਣ ਦੀ ਮਨਾਹੀ ਦੇ ਹੁਕਮ ਦੇ ਬਾਵਜੂਦ ਕੇਸਾਂ ਨੂੰ ਬਾਹਰਮੁਖੀ ਚਿੰਨ੍ਹਾਂ ਵਿਚ ਸ਼ਾਮਲ ਕਰਨ ਲਗਿਆਂ ਮੁਖ ਨਿਸ਼ਾਨਾ ਏਹਨਾਂ ਦਾ ਸਤਿਕਾਰ ਵਧਾਉਣਾ ਰਖਿਆ ਗਿਆ ਨਹੀਂ ਭਾਸਦਾ। ਜਾਪਦਾ ਹੈ ਕਿ ਇਹ ਕੇਵਲ ਦਸਤਾਰ (ਕੇਸਕੀ) ਨੂੰ ਚਿੰਨ੍ਹਾਂ ਵਿਚੋਂ ਬਾਹਰ ਰਖੇ ਜਾਣ ਲਈ ਹੀ ਕੀਤਾ ਗਿਆ। ਜੇ ਕੇਸਾਂ ਦੀ ਮਹੱਤਤਾ ਵਧਾਉਣਾ ਮੁਖ ਨਿਸ਼ਾਨਾ ਹੁੰਦਾ ਤਾਂ ਕੌਮ ਦੇ ਕਿਸੇ ਵਰਗ ਨੂੰ ਕੇਸਾਂ ਤੋਂ ਛੋਟ ਕਦਾਚਿਤ ਨਾ ਦਿਤੀ ਜਾਂਦੀ।

ਕਿਡੇ ਅੰਨ੍ਹੇਰ ਦੀ ਗੱਲ ਹੈ ਕਿ ਸਿਆਸੀ ਮੁਫ਼ਾਦ ਨੂੰ ਮੁਖ ਰਖ ਕੇ ਸਾਡੇ ਸਿਆਸਤ-ਨੁਮਾ ਧਾਰਮਕ ਆਗੂਆਂ ਨੇ ਇਕ ਵਰਗ ਨੂੰ ਛੋਟ ਦੇ ਰਖੀ ਹੈ ਕਿ ਉਹ ਨਿਤ ਕੇਸਾਂ ਦੀ ਹਜਾਮਤ ਕਰ ਕੇ ਵੀ ਸਿੱਖੀ ਦਾ ਨਰੋਆ ਤੇ ਸਤਿਕਾਰ ਪੂਰਬਕ ਅੰਗ ਰਹਿ ਸਕਦਾ ਹੈ।

ਨਤੀਜਾ ਸਾਹਮਣੇ ਹੈ। ਸਮੁੱਚੀ ਕੌਮ ਦਾ ਕਾਫ਼ੀ ਤੋਂ ਜ਼ਿਆਦਾ ਹਿੱਸਾ ਕੇਸਾਂ ਦੀ ਕਿਸੇ ਨਾ ਕਿਸੇ ਰੂਪ ਵਿਚ ਬੇਅਦਬੀ ਕਰਨ ਦਾ ਵਿਕਾਰੀ ਹੋ ਗਿਆ ਹੈ। ਮੂਲ ਰੂਪ ਵਿਚ ਦੋਸ਼ ਸਾਡਾ ਆਪਣਾ ਹੈ, ਜਿਨ੍ਹਾਂ ਨੇ ਕੌਮ ਦੇ ਇਕ ਵਰਗ ਨੂੰ ਖੁਲ੍ਹੀ ਛੁੱਟੀ ਦੇ ਰਖੀ ਹੈ ਕਿ ਨਿਤ ਕੇਸਾਂ ਦੀ ਮੁਕੰਮਲ ਤੌਰ ਤੇ ਹਜਾਮਤ ਕਰਦਿਆਂ ਹੋਇਆਂ ਵੀ ਉਹ ਸਿਖ ਹੈ। ਸਵਾਲ ਸਿੱਧਾ ਹੈ ਕਿ ਜੇ ਨਿਤ ਕੇਸਾਂ ਦੀ ਹਜਾਮਤ ਕਰਨ ਵਾਲਾ 'ਸਿਖ' ਹੋ ਸਕਦਾ ਹੈ ਤਾਂ ਅਧ-ਪਚੱਧੀ ਹਜਾਮਤ ਕਰਨ ਵਾਲਾ ਸਿਖੀਓਂ ਖ਼ਾਰਜ ਕਿਉਂ ? ਹਰ ਕੌਮ ਵਿਚ ਕੁਝ ਗ਼ੈਰ ਜ਼ਿਮੇਵਾਰ ਕਚ-ਘਰੜ ਅਤੇ ਢਹਿੰਦੀ ਕਲਾ ਵਾਲਾ ਅਨਸਰ ਹੁੰਦਾ ਹੈ। ਇਹ ਅਨਸਰ ਢਹਿੰਦੀ ਕਲਾ ਵਿਚ ਜਾਣ ਲਈ ਹਰ ਵੇਲੇ ਕੋਈ ਰਾਹ ਭਾਲਦਾ ਰਹਿੰਦਾ ਹੈ। ਸੋ ਰਾਹ ਅਜਿਹੇ ਅਨਸਰ ਨੂੰ ਮਿਲ ਗਿਆ। ਇਸ ਦੇ ਫਲ ਸਰੂਪ ਅਜ ਪਤਿਤਾਈ ਦਾ ਹੜ ਆ ਗਿਆ ਹੈ। ਜਿਹੜਾ ਵਿਅਕਤੀ ਫ਼ੈਸ਼ਨ-ਪ੍ਰਸਤੀ ਅਧੀਨ ਅੰਮ੍ਰਿਤਸਰ ਵਿਚ ਪਤਿਤ ਹੁੰਦਾ ਹੈ, ਉਹ ਦਿਲੀ ਜਾ ਕੇ ਸਹਿਜਧਾਰੀ ਬਣ ਬੈਠਦਾ ਹੈ। ਅਗੇ ਮਰਯਾਦਾ ਸੀ ਕਿ ਧਰਮ-ਅਸਥਾਨਾਂ ਤੇ ਪਤਿਤ ਵਿਅਕਤੀ ਦਾ ਪ੍ਰਸ਼ਾਦ ਪਰਵਾਨ ਨਹੀਂ ਸੀ ਕੀਤਾ ਜਾਂਦਾ। ਅਜ ਖੁਲ੍ਹ ਹੈ, ਹਰ ਕੋਈ ਪ੍ਰਸ਼ਾਦ ਚੜ੍ਹਾਣ ਦਾ ਅਧਿਕਾਰੀ ਹੈ। ਧਰਮ-ਅਸਥਾਨਾਂ ਦੇ ਪ੍ਰਬੰਧਕਾਂ ਨੂੰ ਆਮਦਨ ਚਾਹੀਦੀ ਹੈ, ਅਸੂਲ ਦੀ ਭਾਵੇਂ ਮਿਟੀ ਪਲੀਤ ਪਈ ਹੋਵੇ। ਕੁਝ ਚਿਰ ਪਹਿਲਾਂ ਦੇ 'ਪਤਿਤ' ਵਿਅਕਤੀ ਅਜ 'ਸਹਿਜਧਾਰੀ' ਦੇ ਰੂਪ ਵਿਚ ਆਪਣੇ ਐਸ਼ਵਰਜ ਦੇ ਬਲ-ਬੋਤੇ ਉਤੇ ਸਿਖ ਸੰਸਥਾਵਾਂ ਦੇ ਮੁਖ ਪ੍ਰਬੰਧਕ ਜਾਂ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਬਣੇ ਹੋਏ ਹਨ।

ਸਵਾਲ ਉਠਦਾ ਹੈ :-

(ੳ) ਕੀ ਸਿਖ ਧਰਮ ਵਿਚ ਗੁਰ-ਦੀਖਿਅਤ ਹੋਣਾ ਜ਼ਰੂਰੀ ਹੈ ?

(ਅ) ਜੇ ਹੈ ਤਾਂ ਉਸ ਲਈ ਕੀ ਸ਼ਰਤ ਹੈ ?

(ੲ) ਜੇ ਕੋਈ ਸ਼ਰਤ ਹੈ ਤਾਂ ਕੀ ਕੇਸ-ਹੀਣ ਵਿਅਕਤੀ ਉਹ ਸ਼ਰਤ ਪੂਰੀ ਕਰਦੇ ਹਨ ?

(ਸ) ਜੇ ਪੂਰੀ ਕਰਦੇ ਹਨ ਤਾਂ ਪਿਛਲੀ ਸਦੀ ਵਿਚ ਕਿੰਨੇ ਕੇਸ-ਹੀਣ ਵਿਅਕਤੀਆਂ ਨੂੰ ਗੁਰ-ਦੀਖਿਅਤ ਕੀਤਾ ਗਿਆ ਹੈ ?

(ਹ) ਜੇ ਨਹੀਂ ਕੀਤਾ ਗਿਆ ਤਾਂ ਕਿਉਂ ?

ਸਾਰੀ ਉਮਰ ਕੇਸਾਂ ਦੀ ਹਜਾਮਤ ਕਰੀ ਜਾਣ ਵਾਲਾ ਵਿਅਕਤੀ ਸਹਿਜ ਧਾਰੀ ਸਿਖ ਕਿਵੇਂ ਹੋਇਆ ?

ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੁਝ ਕੇਸ-ਹੀਣ ਸਜਣ ਬੜੇ ਪ੍ਰੇਮ ਨਾਲ ਗੁਰਬਾਣੀ ਪੜ੍ਹਦੇ ਹਨ। ਉਹਨਾਂ ਦੇ ਚਰਨਾਂ ਤੋਂ ਕੁਰਬਾਨ! ਉਹ ਮੁਬਾਰਕ ਇਨਸਾਨ ਹਨ। ਪਰ ਕੋਈ ਮਨੁਖ ਸਿਖ ਤਾਂ ਹੀ ਅਖਵਾ ਸਕਦਾ ਹੈ ਜੇ ਕੇਸ ਨਾ ਮੁਨਾਵੇ। ਅਜਿਹੇ ਗੁਰਬਾਣੀ ਦੇ ਪ੍ਰੇਮੀਆਂ ਲਈ, ਜਿਹੜੇ ਮਨ ਕਰਕੇ ਗੁਰਬਾਣੀ ਅਤੇ ਸਿਖੀ ਨੂੰ ਪ੍ਰੇਮ ਕਰਦੇ ਹਨ, ਤਨ ਦੀ ਸਿੱਖੀ ਧਾਰਨ ਕਰਨਾ ਅਥਵਾ ਜਟਾ-ਜੂਟ ਰਹਿਣਾ ਕੋਈ ਕਠਿਨ ਕੰਮ ਨਹੀਂ। ਪਰ ਉਹਨਾਂ ਨੂੰ ਹਜਾਮਤ ਦੀ ਖੁਲ੍ਹ ਦੇ ਕੇ ਅਸਾਂ ਆਪ ਕੰਮ ਵਿਗਾੜਿਆ ਹੋਇਆ ਹੈ। ਉਹਨਾਂ ਵਿਚਾਰਿਆਂ ਦਾ ਕੀ ਕਸੂਰ ?

ਭਾਈ ਨੰਦ ਲਾਲ ਜੀ, ਜਿਨ੍ਹਾਂ ਦੀ ਮਿਸਾਲ ਸਾਡੇ ਵਿਦਵਾਨ ਅਤੇ ਅਖੌਤੀ ਸਹਿਜਧਾਰੀ ਪੁਰਸ਼ ਕੇਸਾਂ ਦੀ ਹਜਾਮਤ ਦੀ ਪੁਸ਼ਟੀ ਵਿਚ ਦੇਂਦੇ ਹਨ, ਭਾਈ ਨੰਦ ਲਾਲ ਜੀ ਦਾ ਇਸ ਸੰਬੰਧੀ ਨਿਜੀ ਵਿਚਾਰ ਪਾਠਕਾਂ ਦੇ ਪੇਸ਼ ਕਰਨਾ ਬੜੀਦਿਲਚਸਪੀ ਪੈਦਾ ਕਰੇਗਾ।ਆਪਜੀ ਦੇ ਰਹਿਤਨਾਮੇ ਵਿਚ ਹੇਠਲਿਖੇ ਬਚਨ ਅੰਕਤ ਮਿਲਦੇਹਨ:

(੧) ਅਰ ਜੋ ਮੇਰਾ ਸਿਖ ਹੋਸੀ ਸੋ ਉਸਤਰਾ ਨ ਲਾਵਸੀ। ਅਰ ਮੇਰੇ ਸਿਖ ਨੇ ਜਿਹਾ ਉਸਤਰਾ ਲਾਇਆ ਅਤੇ ਦਾੜ੍ਹੀ ਮੁੰਨੀ ਤੇਹਾ ਧੀਅ ਨਾਲ ਸੰਗ ਕੀਤਾ। [ਸਾਖੀ ਰਹਿਤ ਕੀ, ਭਾ: ਨੰਦ ਲਾਲ ਜੀ

(੨) ਬਚਨ ਹੈ ਸ੍ਰੀ ਗੁਰੂ ਜੀ ਕਾ ਕਿ ਜੋ ਕੋਈ ਸਿਖ ਦਾ ਬੇਟਾ ਹੋਇ ਔਰ ਮੋਨਾ ਹੋਇ ਜਾਵੇ, ਤਿਸ ਕੀ ਜੜ੍ਹ ਸੁਕੀ। ਅਰ ਜੋ ਮੋਨਾ ਸਿਖ ਹੋਇ ਜਾਵੇ ਤਿਸ ਕੀ ਜੜ੍ਹ ਹਰੀ। [ਤਨਖਾਹ ਨਾਮਾ, ਭਾਈ ਨੰਦਲਾਲ ਜੀ

ਉਪਰੋਕਤ ਬਚਨਾਂ ਦੀ ਰੋਸ਼ਨੀ ਵਿਚ ਕੀ ਕੋਈ ਕਿਆਸ ਕਰ ਸਕਦਾ ਹੈ ਕਿ ਭਾਈ ਨੰਦ ਲਾਲ ਜੀ ਖ਼ੁਦ ਕੇਸ-ਹੀਣ ਸਨ ? ਫਿਰ ਕੋਈ ਕੇਸਾਂ ਦਾ ਮੰਦਾ ਚਿਤਵਨ ਵਾਲਾ ਸਿਖ ਕਿਵੇਂ ਅਖਵਾ ਸਕਦਾ ਹੈ ?

ਰਹਿਤ ਵਿਚ ਰਲਾ ਪਾਉਣ ਵਾਲਿਆਂ ਨੇ ਇਕ "ਰਹਿਤਨਾਮਾ ਸਹਿਜਧਾਰੀਆਂ (ਵਾਜਬੁਲਅਰਜ਼) ਵੀ ਲਿਖ ਮਾਰਿਆ ਹੋਇਆ ਹੈ, ਜਿਸ ਵਿਚ ਸ੍ਵੈ-ਵਿਰੋਧੀ ਯਭਲੀਆਂ ਮਾਰੀਆਂ ਹੋਈਆਂ ਹਨ। ਗੱਲ ਸਪੱਸ਼ਟ ਹੈ। ਅਸੂਲ ਅਥਵਾ ਮਰਯਾਦਾ ਦੇ ਸੰਬੰਧ ਵਿਚ ਦੁਬਾਜਰਾ-ਪਨ (Double Stardard) ਵਰਤਣ ਨਾਲ ਅਸੂਲ ਦੀ ਮਿੱਟੀ ਪਲੀਤ ਹੋ ਜਾਂਦੀ ਹੈ। ਕੇਸਾਂ ਨੂੰ ਬਾਹਰਮੁਖੀ ਚਿੰਨ੍ਹ ਮਿਥ ਕੇ ਅਤੇ ਦਸਤਾਰ (ਕੇਸਕੀ) ਅਸਲੀ ਚਿੰਨ੍ਹ ਨੂੰ ਮੂਲੋਂ ਉਡਾ ਕੇ ਕੌਮ ਦੀ ਹਾਨੀ ਹੋਈ ਹੈ। ਇਕ ਪਾਸੇ ਕੌਮ ਦਾ ਇਕ ਵਡਾ ਹਿਸਾ ਕਿਸੇ ਨ ਕਿਸੇ ਰੂਪ ਵਿਚ ਕੇਸਾਂ ਦੀ ਬੇਅਦਬੀ ਵਿਚ ਪਰਵਿਰਤ ਹੋ ਗਿਆ ਹੈ, ਦੂਜੇ ਪਾਸੇ ਸਿਖ ਬੀਬੀਆਂ ਫੈਸ਼ਨ ਦੇ ਰੋੜ੍ਹ ਵਿਚ ਰੁੜ੍ਹ ਗਈਆਂ ਹਨ ਤੇ ਕੇਸਾਂ ਦੇ ਕਈ ਭਾਂਤਾਂ ਦੇ ਫ਼ੈਸ਼ਨ, ਗੁਤਾਂ, ਜਲੇਬੀਦਾਰ ਜੂੜੇ, ਪੋਨੀਟੇਲਾਂ, ਪਟੇ, ਲਿਟਾਂ ਆਦਿ ਬਣਾਕੇ "ਗੁਰੂ ਕੀ ਮੋਹਰ" ਦੀ ਬੇਅਦਬੀ ਕਰਕੇ ਗੁਰੂ ਤੋਂ ਬੇਮੁਖ ਹੋਈਆਂ ਫਿਰਦੀਆਂ ਹਨ। ਹੋਰਨਾਂ ਦੀ ਗੱਲ ਛੱਡੋ, ਕਈ ਅੰਮ੍ਰਿਤ-ਧਾਰੀ ਬੀਬੀਆਂ ਵੀ ਘਰਾਂ ਵਿਚ ਕੰਮ ਕਾਜ ਕਰਦਿਆਂ ਅ ਮ ਨੰਗੇ ਸਿਰ ਵਿਚਰਦੀਆਂ ਹਨ। ਏਥੇ ਹੀ ਬਸ ਨਹੀਂ, ਬਜ਼ਾਰਾਂ ਵਿਚ ਵੀ ਨੰਗੇ ਸਿਰੀਂ ਫਿਰਦੀਆਂ ਦੇਖੀਦੀਆਂ ਹਨ। ਦੋਹਰੀ ਦਸਤਾਰ, ਗਾਤਰੇ ਕਿਰਪਾਨ, ਪਕਾਸ਼ ਦਾਹੜੇ ਵਾਲੇ ਅੰਮ੍ਰਿਤ-ਧਾਰੀ ਸਿੰਘਾਂ ਨਾਲ ਉਹਨਾਂ ਦੀਆ ਘਰ ਵਾਲੀਆਂ ਬਜ਼ਾਰਾਂ ਵਿਚ ਨੰਗੇ ਸਿਰੀਂ ਫਿਰਦੀਆਂ ਕਿੱਡਾ ਹਾਸੋ-ਹੀਣਾ ਦ੍ਰਿਸ਼ ਪੇਸ਼ ਕਰਦੀਆਂ ਹਨ! ਫੈਸ਼ਨ ਦੀਆਂ ਮੁੱਠੀਆਂ ਹੋਈਆਂ ਦੇ ਸਿਰ ਤੇ ਦੁਪੱਟਾ ਟਿਕਦਾ ਹੀ ਨਹੀਂ। ਵਡੇ ਵਡੇ ਧਾਰਮਕ ਆਗੂਆਂ ਦੇ ਪਰਵਾਰਾਂ ਦੀ ਇਹੀ ਗੱਲ ਹੈ।

ਫਿਰ ਉਹਨਾਂ ਦੇ ਖਾਲਸਾ ਬੀਬੀਆਂ ਹੋਣ ਦੀ ਕੀ ਪਛਾਣ ਹੈ ? ਸਤਿਗੁਰਾਂ ਦਾ ਬਚਨ ਹੈ "ਦੀਦਾਰ ਖਾਲਸੇ ਕਾ," ਕਿਉਂਕਿ ਖਾਲਸਾ ਸਤਿਗੁਰਾਂ ਦਾ ਖਾਸ ਰੂਪ ਹੈ [ਖਾਲਸਾ ਮੇਰੋ ਰੂਪ ਹੈ ਖਾਸ], ਏਹ ਬਚਨ ਕੇਵਲ ਪੁਰਸ਼-ਖਾਲਸੇ ਲਈ ਨਹੀਂ, ਖਾਲਸਾ ਬੀਬੀਆਂ ਲਈ ਵੀ ਹੈ।

ਦਸਤਾਰ (ਕੇਸਕੀ) 'ਰਹਿਤ' ਦੀ ਧਾਰਨਾ ਕਰਨ ਵਾਲੇ ਖਾਲਸੇ ਉਤੇ ਡਾਕਟਰ ਜੀਤ ਸਿੰਘ ਜੀ ਸੀਤਲ ਦਾ ਇਹ ਦੋਸ਼ ਕਿ 'ਉਹਨਾਂ ਰਹਿਤ ਬਦਲੀ ਹੈ', ਬਿਲਕੁਲ ਅਢੁਕਵਾਂ ਤੇ ਫ਼ਜ਼ੂਲ ਹੈ। ਇਹ ਤਾਂ 'ਉਲਟਾ ਚੋਰ ਕੋਤਵਾਲ ਕੋ ਡਾਂਟੇ' ਵਾਲੀ ਗੱਲ ਹੋਈ। ਅਖੰਡ ਕੀਰਤਨੀ ਜਥੇ ਦੇ ਸਿੰਘ ਸਿੰਘਣੀਆਂ "ਸਾਬਤ

ਸੂਰਤਿ ਦਸਤਾਰ ਸਿਰਾ'' ਅਨੁਸਾਰ ਕੇਸਾਂ ਦੀ ਰਹਿਤ ਦਸਤਾਰ (ਕੇਸਕੀ) ਸਹਿਤ, ਧਾਰਨ ਕਰ ਕੇ ਸਤਿਗੁਰਾਂ ਦੇ ਹੁਕਮਾਂ ਦੀ ਪਾਲਨਾ ਕਰ ਰਹੇ ਹਨ। ਇਸ ਨਾਲ ਸਿਖ-ਆਚਾਰ ਦੇ ਗੌਰਵ ਵਿਚ ਵਾਧਾ ਹੋਇਆ ਹੈ। ਦੋਸ਼ ਆਉਂਦਾ ਹੈ ਉਹਨਾਂ ਤੇ ਜੋ ਗੁਰੂ ਕੀ ਮੁਹਰ (ਕੇਸ) ਸੰਭਾਲ ਕੇ ਨਹੀਂ ਰਖਦੇ ਜਾਂ ਕਿਸੇ ਹੋਰ ਢੰਗ ਨਾਲ ਇਸ ਦੀ ਬੇਅਦਬੀ ਕਰਦੇ ਹਨ। ਜਾਂ ਇਹ ਦੋਸ਼ ਆਉਂਦਾ ਹੈ ਉਹਨਾਂ ਉਤੇ ਜੋ ਅਜਿਹੀ ਨਿਘਰੀ ਦਸ਼ਾ ਦੇ ਜ਼ਿਮੇਵਾਰ ਹਨ।

ਘੋਰ ਕਲਜੁਗ ਵਰਤ ਰਿਹਾ ਹੈ। ਫ਼ੈਸ਼ਨ-ਪ੍ਰਸਤੀ ਅਧੀਨ ਖਾਲਸਾ ਰਹਿਤ ਵਲੋਂ ਬੇਰੁਖੀ ਸਾਹਮਣੇ ਨਜ਼ਰ ਆ ਰਹੀ ਹੈ। ''ਸਾਬਤ ਸੂਰਤਿ ਦਸਤਾਰ ਸਿਰਾ'' ਬਚਾਅ ਦੀ ਇਕੋ ਇਕ ਸਾਧਨ ਹੈ। ਜਿੰਨੀ ਛੇਤੀ ਇਸ ਅਲੋਪ ਹੋ ਚੁਕੇ ਸਾਧਨ ਨੂੰ ਫਿਰ ਅਪਣਾਅ ਲਿਆ ਜਾਵੇ ਓਨਾ ਚੰਗਾ ਹੈ। ਕੌਮ ਦੇ ਮੁਹਾਣਿਆਂ ਦਾ ਧਿਆਨ ਇਸ ਪਾਸੇ ਦੁਆ ਕੇ ਆਪਣੇ ਫ਼ਰਜ਼ ਦੀ ਪਾਲਨਾ ਕੀਤੀ ਹੈ। ਅਧੋਗਤੀ ਦੇ ਹਰ ਮੋੜ ਉਤੇ ਰਹਿਤ-ਮਰਯਾਦਾ ਦੇ ਨਿਯਮਾਂ ਸੰਬੰਧੀ ਲੋੜੀਦਾ ਸਪੱਸ਼ਟੀ-ਕਰਣ ਕਰ ਕੇ ਕੌਮ ਨੂੰ ਬਰਬਾਦੀ ਤੋਂ ਬਚਾਣਾ ਪੰਥ ਦਾ ਪ੍ਰਮੁਖ ਫ਼ਰਜ਼ ਹੈ।

**ਵਿਸ਼ਲੇਸ਼ਣ ਕਿ ਮਨਮਤਿ–**

ਪਾਠਕਾਂ ਨੂੰ ਆਪਣੇ ਪਾਕਬਾਜ਼ ਹੋਣ ਦੀ ਸਫ਼ਾਈ ਪੇਸ਼ ਕਰਦੇ ਹੋਏ ਡਾਕਟਰ ਜੀ ਲਿਖਦੇ ਹਨ :–

> ''ਉਪਰੋਕਤ ਕੁਰਹਿਤਾਂ ਦਾ ਵਿਸ਼ਲੇਸ਼ਣ ਕਰਨ ਸਮੇਂ ਸਾਡਾ ਤਮਾਕੂ ਵਿਚੋਂ ਦੂਜੇ ਨਸ਼ਿਆਂ ਨੂੰ ਬਾਹਰ ਰਖਣਾ, 'ਤੁਰਕਣੀ-ਜੁਧ' ਵਿਚੋਂ ਪਰ-ਇਸਤ੍ਰੀ ਨੂੰ ਅੱਡ ਰਖਣਾ ਅਤੇ ਕੁੱਠੇ ਵਿਚ ਸ਼ਿਕਾਰੀ ਮਾਸ ਜਾਂ ਝਟਕੇ ਨੂੰ ਵੱਖਰਾ ਰਖਣ ਦਾ ਭਾਵ ਇਹ ਨਹੀਂ ਕਿ ਅਸੀਂ ਇਨ੍ਹਾਂ ਦੀ ਹਮਾਇਤ ਕਰਦੇ ਹਾਂ। ਅਸੀਂ ਮਾਸ, ਸ਼ਰਾਬ, ਦੂਜੇ ਨਸ਼ਿਆਂ ਅਤੇ ਪਰ-ਇਸਤ੍ਰੀ ਗਮਨ ਨੂੰ ਜਾਇਜ਼ ਕਰਾਰ ਨਹੀਂ ਦੇ ਰਹੇ, ਅਸੀਂ ਤਾਂ ਕੇਵਲ ਇੰਨਾ ਕਹਿੰਦੇ ਹਾਂ ਕਿ 'ਰਹਿਤ' ਅਤੇ 'ਕੁਰਹਿਤ' ਨੂੰ ਆਪਣੇ ਅਸਲ ਰੂਪ ਵਿਚ ਹੀ ਰਹਿਣ ਦੇਣਾ ਚਾਹੀਦਾ ਹੈ। ਉਸ ਵਿਚ ਕਿਸੇ ਪ੍ਰਕਾਰ ਦੀ ਸੋਧ-ਸੁਧਾਈ ਜਾਂ ਤਬਦੀਲੀ ਕਿਸੇ ਵੀ ਸਿਖ ਸੰਸਥਾ ਦੇ ਅਧਿਕਾਰ ਅਧੀਨ ਨਹੀਂ ਆਉਂਦੀ। ਉਹ ਗੁਰੂ ਕਲਗੀਆਂ ਵਾਲੇ ਦੇ ਅਟੱਲ ਆਦੇਸ਼ ਹਨ ਅਤੇ ਗੁਰਬਾਣੀ ਵਾਂਗ ਉਹਨਾਂ ਵਿਚ 'ਅੱਖਰ, ਲਗ, ਕੰਨਾ' ਵਧ ਘਟ ਨਹੀਂ ਕੀਤਾ ਜਾ ਸਕਦਾ।''
>
> [ਸਿੰਘ ਸਭਾ ਪਤ੍ਰਿਕਾ, ਪੰਨਾ ੬੦, ਜੁਲਾਈ ੧੯੯੦

ਡਾਕਟਰ ਜੀਤ ਸਿੰਘ ਜਿਸ ਨੂੰ ਵਿਸ਼ਲੇਸ਼ਣ ਦਾ ਨਾਮ ਦੇ ਰਹੇ ਹਨ, ਉਹ ਦਰ-ਅਸਲ ਬਿਬੇਕ-ਹੀਨ ਮਨ-ਮਤਿ ਹੈ। ਜਿਹੜੇ ਪਾਸੇ ਨਾ ਜਾਣਾ ਹੋਵੇ ਉਹਦਾ ਰਾਹ ਪੁਛਣ ਦਾ ਕੀ ਲਾਭ ? ਵਿਸ਼ਲੇਸ਼ਣ ਦੇ ਵੀ ਕੁਝ ਅਸੂਲ ਹਨ ਤੇ ਇਸ ਦਾ ਵੀ ਕੋਈ ਚੱਜ ਹੈ। ਫਿਰ ਰਹਿਤਾਂ-ਕੁਰਹਿਤਾਂ ਦੇ ਵਿਸ਼ਲੇਸ਼ਣ ਦੀ ਸਮਰਥਾ ਦਾ ਅਧਿ-ਕਾਰ ਗੁਰੂ ਕੇ ਰਹਿਤਵਾਨ ਖਾਲਸੇ ਨੂੰ ਹੀ ਹੈ, ਜੋ ਇਸ ਦੇ ਅਸਲੀ ਰਹੱਸ ਤੋਂ ਜਾਣੂ ਹੋਵੇ। ਜਿਸ ਵਿਅਕਤੀ ਨੂੰ ਨਾ ਰਹਿਤ ਨਾਲ ਵਾਸਤਾ ਹੈ ਨਾ ਕੋਈ ਲਗਾਉ, ਉਹ ਉਠ ਕੇ ਆਪਣੇ ਜੀਵਨ ਦੀਆਂ ਨਿਜੀ ਕਮਜ਼ੋਰੀਆਂ ਅਤੇ ਪੰਥ-ਦੋਖੀਆਂ ਦੀਆਂ ਲਿਖਤਾਂ ਨੂੰ ਅਧਾਰ ਬਣਾ ਕੇ ਖਾਲਸਾ ਰਹਿਤਾਂ ਦਾ ਵਿਗੜਿਆ ਰੂਪ ਪੇਸ਼ ਕਰੇ; ਇਹ ਕਾਹਦਾ ਵਿਸ਼ਲੇਸ਼ਣ ਹੋਇਆ!

ਜਿਨ੍ਹਾਂ ਗੱਲਾਂ (ਨਸ਼ਿਆਂ ਦੀ ਵਰਤੋਂ ਤੇ ਪਰ-ਇਸਤ੍ਰੀ-ਗਮਨ) ਤੋਂ ਗੁਰਬਾਣੀ ਅਤੇ ਰਹਿਤਨਾਮਿਆਂ ਵਿਚ ਵਰਜਿਆ ਗਿਆ ਹੈ, ਉਨ੍ਹਾਂ ਦੀ ਵਿੰਗੇ-ਟੇਢੇ ਢੰਗ ਨਾਲ ਵਕਾਲਤ ਕਰਨਾ ਅਤੇ ਸੰ-ਵਿਰੋਧੀ ਵਿਚਾਰਾਂ ਦੁਆਰਾ ਸਾਧਾਰਨ ਮਨੁਖਾਂ ਨੂੰ ਭੰਬਲ-ਭੂਸਿਆਂ ਵਿਚ ਪਾਣਾ ਕਿਥੋਂ ਦੀ ਵਿਦਵਤਾ ਹੈ। ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਚੋਣ ਲਈ ਵੋਟਰਾਂ ਤੇ ਸ਼ਰਾਬ ਦੀ ਲਾਈ ਗਈ ਪਾਬੰਦੀ ਨੂੰ ਨਜਾਇਜ਼ ਦਸਣਾ ਨਸ਼ਿਆਂ ਦੀ ਵਕਾਲਤ ਨਹੀਂ ਤਾਂ ਹੋਰ ਕੀ ਹੈ ?

ਇਸ ਦੇ ਬਾਵਜੂਦ ਪਾਠਕਾਂ ਦੀਆਂ ਅੱਖਾਂ ਵਿਚ ਘਟਾ ਪਾਉਣ ਦਾ ਜਤਨ ਕਰਦੇ ਹੋਏ ਆਪ ਲਿਖਦੇ ਹਨ ਕਿ ''ਅਸੀਂ ਮਾਸ, ਸ਼ਰਾਬ, ਦੂਜੇ ਨਸ਼ਿਆਂ ਤੇ ਪਰ-ਇਸਤ੍ਰੀ ਗਮਨ ਨੂੰ ਜਾਇਜ਼ ਕਰਾਰ ਨਹੀਂ ਦੇ ਰਹੇ।'' ਕੋਈ ਪੁਛੇ ਕਿ ਜੇ ਤੁਹਾਡਾ ਵਾਕਿਆ ਈ ਅਜਿਹਾ ਮੰਤਵ ਨਹੀਂ ਤਾਂ ਏਨੀ ਖਪ-ਖਪਉਣੀ ਤੇ ਝਾਖ-ਝਖਾਈ ਕਰ ਕੇ

ਗੁਰੂ ਕੀ ਸਿੱਖੀ ਦੇ ਅਤੇ ਗੁਰੂ ਕੀ ਰਹਿਤ ਦੇ ਵਖਰੇ ਵਖਰੇ ਤੇ ਪਰਸਪਰ ਵਿਰੋਧੀ ਰੂਪ ਪੇਸ਼ ਕਰਨ ਦੀ ਕੀ ਲੋੜ ? ਖੰਡੇ ਕੀ ਪਾਹੁਲ ਅਤੇ ਖਾਲਸਾ ਰਹਿਤ ਨੂੰ ਜੰਗ ਜੁਧ ਕਰਨ ਵਾਲਿਆਂ ਲਈ ਦਸ ਕੇ ਬਾਕੀਆਂ ਲਈ ਇਸ ਦੇ ਬੇਲੋੜੇ ਹੋਣ ਦਾ ਪ੍ਰਚਾਰ ਕਰਨ ਦਾ ਕੀ ਮੰਤਵ ?

ਨਸ਼ਿਆਂ ਦੇ ਸੇਵਨ ਅਤੇ ਪਰ-ਤ੍ਰਿਅ-ਗਮਨ ਦੀ ਖੁਲ੍ਹ ਦੇਣ ਵਾਲੀਆਂ ਲਿਖਤਾਂ ਨੂੰ "ਕਲਗੀਆਂ ਵਾਲੇ ਦੇ ਅਟੱਲ ਆਦੇਸ਼" ਅਤੇ ਉਹਨਾਂ ਨੂੰ ਗੁਰਬਾਣੀ ਦੀ ਤੁਲਨਾ ਦੇਣਾ ਜਾਂ ਕਿਸੇ ਬੇਸਮਝ ਆਦਮੀ ਦੀ ਹਰਕਤ ਕਹੀ ਜਾ ਸਕਦੀ ਹੈ ਜਾਂ ਸ਼ੈਤਾਨ-ਦਿਮਾਗ ਦੀ। ਕਲਗੀਆਂ ਵਾਲੇ ਦੇ ਅਟੱਲ ਅਦੇਸ਼ ਤਾਂ ਹਨ "ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ"। ਪਰ ਪਤਾ ਨਹੀਂ ਕਿਉਂ ਡਾਕਟਰ ਜੀਤ ਸਿੰਘ ਪਰ-ਨਾਰੀ ਗਮਨ ਨੂੰ ਕੁਰਹਿਤ ਮੰਨਣ ਤੋਂ ਹੀ ਆਕੀ ਹਨ।

ਇਸ ਦੇ ਬਾਵਜੂਦ ਉਹ ਆਪਣੇ ਅ ਪ ਨੂੰ ਖਾਲਸਾ ਰਹਿਤ ਦਾ ਵਿਸ਼ਲੇਸ਼ਣ ਕਰਨ ਦਾ ਅਧਿਕਾਰੀ ਸਮਝਦੇ ਹਨ। ਅਤੇ ਕੇਂਦਰੀ ਸਿੰਘ ਸਭਾ ਨੂੰ ਖਾਲਸਾ ਰਹਿਤ ਦਰਸਾਉਣ ਲਈ ਸਿਖ-ਜਗਤ ਦੇ ਵਿਦਵਾਨਾਂ ਵਿਚੋਂ ਇਹ ਹੀ ਵਿਦਵਾਨ ਲਭਾ ਹੈ !!

ਘੋਰ ਕਲਜੁਗ ਵਰਤ ਰਿਹਾ ਹੈ। ਵਿਕਾਰ ਆਏ ਦਿਨ ਬਦਲਵੇਂ ਰੂਪ ਵਿਚ ਸਾਹਮਣੇ ਆ ਰਹੇ ਹਨ। ਕਾਮ-ਵਾਸ਼ਨਾ ਅਤੇ ਨਸ਼ਿਆਂ ਦੇ ਚਸਕਿਆਂ ਨੇ ਮਨੁਖ ਨੂੰ ਮਤ-ਹੀਣਾ ਬਣਾ ਦਿਤਾ ਹੈ। ਸਿਖ ਕੌਮ ਦੀ ਇਸ ਮਾਰੂ ਅਗਨੀ ਦੀ ਲਪੇਟ ਤੋਂ ਹਰ ਹੀਲੇ-ਵਸੀਲੇ ਰੱਖਿਆ ਕਰਨੀ ਪੰਥ ਦੀ ਜ਼ਿਮੇਵਾਰੀ ਹੈ। ਇਸ ਮੰਤਵ ਲਈ ਰਹਿਤਾਂ-ਕੁਰਹਿਤਾਂ ਦਾ ਸਹੀ ਸਪੱਸ਼ਟੀਕਰਣ ਸਮੇਂ ਸਮੇਂ ਪੰਥ ਨੂੰ ਦੇਣਾ ਹੀ ਪਵੇਗਾ। ਦੂਜੇ ਪਾਸੇ ਨਿਜੀ ਤਰੁੱਟੀਆਂ ਤੇ ਕਮਜ਼ੋਰੀਆਂ ਅਧੀਨ ਖਾਲਸਾ ਰਹਿਤ ਵਿਚ ਰਲਾ ਪਾਣ ਵਾਲੇ ਜਾਂ ਰਲੇ ਵਾਲੀਆਂ ਲਿਖਤਾਂ ਦਾ ਆਸਰਾ ਲੈ ਕੇ ਖਾਲਸਾ ਰਹਿਤ ਦੀ ਰੂਪ-ਰੇਖਾ ਵਿਗਾੜਨ ਵਾਲੇ ਡਾਕਟਰਾਂ ਤੋਂ ਪ੍ਰੋਫੈਸਰਾਂ ਤੋਂ ਖ਼ਬਰਦਾਰ ਰਹਿਣ ਦੀ ਲੋੜ ਹੈ।

## ਤੱਤ-ਸਾਰ

ਸਿੱਖੀ ਗੁਰੂ ਕੀ ਬਖਸ਼ਸ਼ ਹੈ ਅਤੇ ਹਰੇਕ ਸਿਖ ਨੇ ਆਪਣੇ ਭਲੇ ਲਈ ਨਿਭਾਉਣੀ ਹੈ।

(੧) ਸਿੱਖੀ ਦਾ ਮੁਢਲਾ ਅਸੂਲ ਹੈ 'ਗੁਰੂ ਕੀ ਆਗਿਆ ਦਾ ਪਾਲਨ ਕਰਨਾ।' ਗੁਰੂ ਕੀ ਆਗਿਆ ਕੀ ਹੈ ? ਇਹ ਤੱਥ ਗੁਰਬਾਣੀ ਨਿਰੂਪਨ ਕਰਦੀ ਹੈ। ਗੁਰਬਾਣੀ ਹੀ ਸਿਖ ਲਈ ਮੁਸਤਨਿਦ ਰਹਿਤ-ਨਾਮਾ ਹੈ, ਜਿਸ ਤੋਂ ਜੀਵਨ ਦੇ ਹਰ ਪਖ ਵਿਚ ਅਗਵਾਈ ਮਿਲਦੀ ਹੈ ਅਤੇ ਜੀਵਨ ਬਰਬਾਦ ਕਰਨ ਵਾਲੇ ਅਨਸਰਾਂ ਤੋਂ ਰੱਖਿਆਂ ਹੁੰਦੀ ਹੈ। ਰਹਿਤਨਾਮਿਆਂ ਅਤੇ ਇਤਿਹਾਸਕ ਗ੍ਰੰਥਾਂ ਵਿਚ ਧਰਮ ਦੇ ਦੋਖੀਆਂ ਵਲੋਂ ਬੜੀ ਚਲਾਕੀ ਨਾਲ ਕੁਝ ਜ਼ਹਿਰ ਭਰੀਆਂ ਗੱਲਾਂ ਘੁਸੇੜੀਆਂ ਹੋਈਆਂ ਹਨ, ਜਿਨ੍ਹਾਂ ਦਾ ਮੰਤਵ ਖਾਲਸੇ ਦੇ ਅਹਾਰ, ਵਿਚਾਰ ਤੇ ਆਚਾਰ ਨੂੰ ਭਰਿਸ਼ਟ ਕਰ ਕੇ ਖਾਲਸਾ ਸਪਿਰਟ ਨੂੰ ਨਾਸ਼ ਕਰਨਾ ਹੈ। ਇਸ ਦਾ ਪਰਤੱਖ ਪ੍ਰਮਾਣ ਇਹ ਹੈ ਕਿ ਰਹਿਤਨਾਮਿਆਂ ਅਤੇ ਇਤਿਹਾਸਕ ਗ੍ਰੰਥਾਂ ਵਿਚ ਜਿਥੇ ਮਾਸ ਅਤੇ ਨਸ਼ਿਆਂ ਦੇ ਸੇਵਨ ਦੇ ਵਿਰੁਧ ਹੁਕਮ ਹਨ ਉਥੇ ਇਹਨਾਂ ਦੇ ਹੱਕ ਵਿਚ ਵੀ ਕੁਝ ਮਸਾਲਾ ਮਿਲਦਾ ਹੈ। ਇਸ ਹਾਲਤ ਵਿਚ ਕਸਵਟੀ ਗੁਰਬਾਣੀ ਤੇ ਕੇਵਲ ਗੁਰਬਾਣੀ ਹੈ। ਹਾਂ ਜਿਨ੍ਹਾਂ ਗੱਲਾਂ ਬਾਰੇ ਰਹਿਤਨਾਮਿਆਂ ਅਤੇ ਇਤਿਹਾਸਕ ਗ੍ਰੰਥਾਂ ਵਿਚ ਸੰਮਤੀ ਹੈ ਅਤੇ ਗੁਰਬਾਣੀ ਦੇ ਆਸ਼ੇ ਅਨਕੂਲ ਹਨ ਉਹ ਵੀ ਅਪਨਾਉਣ ਯੋਗ ਹਨ।

(੨) ਕਿਉਂਕਿ ਅਜ ਤਕ ਉਪਲਬਧ ਰਹਿਤਨਾਮਿਆਂ ਅਤੇ ਇਤਿਹਾਸਕ ਗ੍ਰੰਥਾਂ ਦੀ ਗੁਰਬਾਣੀ ਦੀ ਰੌਸ਼ਨੀ ਵਿਚ ਪੁਣ-ਛਾਣ ਕਰਨ ਦਾ ਕੋਈ ਠੋਸ ਜਤਨ ਨਹੀਂ ਕੀਤਾ ਗਿਆ ਇਸ ਲਈ ਪੜ੍ਹੇ ਲਿਖੇ, ਪਰ ਗੁਰਮਤਿ-ਤੱਤ ਅਤੇ ਰਹਿਤ-ਰਹਿਣੀ ਤੋਂ ਕੋਰੇ ਅਕਲੱਈਆਂ ਤੇ ਵਿਦਵਤਾ ਦੇ ਪ੍ਰੋਫੈਸਰਾਂ ਅਤੇ ਡਾਕਟਰਾਂ ਨੂੰ ਆਪਣੀਆਂ ਨਿਜੀ ਤਰੁੱਟੀਆਂ ਤੇ ਕਮਜ਼ੋਰੀਆਂ ਅਧੀਨ ਧਰਮ ਦੇ ਦੋਖੀਆਂ ਦੀਆਂ ਲਿਖਤਾਂ ਦੀ

ਆੜ ਲੈ ਕੇ ਮਾਸ, ਸ਼ਰਾਬ (ਅਥਵਾ ਹੋਰ ਨਸ਼ੇ) ਅਤੇ ਪਰ-ਤ੍ਰਿਅ-ਗਮਨ ਨੂੰ ਕੁਰਹਿਤ ਦੇ ਘੇਰੇ ਵਿਚੋਂ ਬਾਹਰ ਰਖੇ ਜਾਣ ਦੀ ਵਕਾਲਤ ਕਰਨ ਦੀ ਜੁਰਅਤ ਪਈ ਹੈ। ਕੀ ਇਹ "ਮਨਿ ਅੰਧਾ ਨਾਉ ਸੁਜਾਣੁ" ਵਾਲੀ ਗੱਲ ਨਹੀਂ ?

ਜੇ ਸਿਖੀ ਵਿਚ ਮਾਸ, ਸ਼ਰਾਬ, ਪਰ-ਤ੍ਰਿਅ-ਗਮਨ ਕੁਰਹਿਤ ਨਹੀਂ ਤਾਂ ਖਾਲਸੇ ਦੀ ਨਰਕਧਾਰੀਆਂ ਅਤੇ ਵਾਮ-ਮਾਰਗੀਆਂ ਨਾਲੋਂ ਕੀ ਵਿਸ਼ੇਸ਼ਤਾ ਹੋਈ ?

ਸਿੱਖੀ ਦੇ ਸਿੱਧੇ ਵਿਰੋਧੀਆਂ ਨਾਲੋਂ ਅਜਿਹੇ ਵਿਦਵਾਨ ਬੁਕਲ ਦੇ ਸੱਪਾਂ ਵਾਂਗ ਜ਼ਿਆਦਾ ਖ਼ਤਰਨਾਕ ਹਨ ਜੋ ਆਪਣੇ ਮਾਸ ਦੇ ਕੁਚਸਕੇ ਅਧੀਨ ਖੁਲ੍ਹਮ ਖੁਲ੍ਹਾ ਤੇ ਬੇਦਰੇਗ ਹੋ ਕੇ ਲਿਖਦੇ ਹਨ ਕਿ ਸਾਰੇ ਗੁਰੂ ਸਾਹਿਬਾਨ ਮਾਸਾਹਾਰੀ ਸਨ। ਕਈ ਭਦਰ ਪੁਰਸ਼ਾਂ ਨੇ ਸਤਿਗੁਰਾਂ ਨੂੰ ਨਸ਼ੇ ਸੇਵਨਹਾਰੇ ਆਖਣ ਤੋਂ ਵੀ ਸੰਕੋਚ ਨਹੀਂ ਕੀਤਾ। ਇਹ ਸਭ ਝਾਖ-ਝਖਾਈ ਨਿਜੀ ਕਮਜ਼ੋਰੀਆਂ ਨੂੰ ਲੁਕਾਉਣ ਲਈ ਹੈ।

(੩) ਦਸਤਾਰ (ਕੇਸਕੀ) ਗੁਰ-ਦਰਸਾਈ, ਗੁਰੂ-ਦ੍ਰਿੜ੍ਹਾਈ ਮਹੱਤਵ ਪੂਰਨ ਰਹਿਤ ਹੈ, ਜੋ ਸਰਬੱਤ ਖਾਲਸੇ (ਪੁਰਸ਼ ਅਤੇ ਇਸਤ੍ਰੀ) ਲਈ ਇਕਸਾਰ ਹੈ। ਦਸਤਾਰ (ਕੇਸਕੀ), 'ਸਾਬਤ ਸੂਰਤਿ ਦਸਤਾਰ ਸਿਰਾ' ਹੁਕਮ ਦੀ ਪਾਲਣਾ ਦਾ ਤੱਤ-ਰਹਿਤੀ ਪ੍ਰਗਟਾਵਾ ਹੈ। ਕੇਸਕੀ ਗੁਰੂ ਕਾ ਬਖਸ਼ਿਆ ਤਾਜ ਹੈ ਤੇ ਇਸ ਵਿਚੋਂ 'ਕੇਸ' ਅਤੇ 'ਕੇਸਕੀ' ਦੋਹਾਂ ਦੀ ਸਤਿਕਾਰ ਭਰੀ ਸਾਂਝੀਵਾਲਤਾ ਦੀ ਚਿਤਾਵਨੀ ਲਿਸ਼ਕਾਂ ਮਾਰਦੀ ਹੈ। ਕੇਸਕੀ ਦੇ ਸਿਰ-ਸਦਕੇ ਹੀ ਖਾਲਸੇ ਦੀ ਅਨ-ਮਤੀਆਂ ਵਿਚੋਂ ਸਪੱਸ਼ਟ ਪਛਾਣ ਹੋ ਆਂਵਦੀ ਹੈ।

ਗੁਰੂ ਕੀ ਮੁਹਰ 'ਕੇਸਾਂ' ਦਾ ਸਤਿਕਾਰ ਕੇਸਕੀ ਬਗ਼ੈਰ ਸੰਭਵ ਹੀ ਨਹੀਂ। ਕੇਸਕੀ ਦਾ ਧਾਰਨੀ ਹੀ "ਕੰਘਾ ਦੋਨੋ ਵਕਤ ਕਰ ਪਾਗ ਚੁਨੇ ਕਰ ਬਾਧਈ" ਦੇ ਹੁਕਮ ਦੀ ਪਾਲਣਾ ਕਰ ਸਕਦਾ ਹੈ। ਕੇਸਕੀ ਦਾ ਧਾਰਨੀ ਹੀ ਨਿਤਾਪ੍ਰਤ ਅੰਮ੍ਰਿਤ ਵੇਲੇ 'ਗੁਰੂ ਕੀ ਮੁਹਰ' ਕੇਸਾਂ ਦਾ ਸਵੱਛ ਜਲ ਨਾਲ ਇਸ਼ਨਾਨ ਕਰਵਾ ਕੇ ਸੰਪੂਰਨ ਇਸ਼ਨਾਨ ਕਰਦਾ ਹੈ। ਕੇਸਾਂ ਨੂੰ ਇਸ਼ਨੈਾਨ ਕਰਵਾਏ ਬਗ਼ੈਰ ਇਸ਼ਨਾਨ ਦਾ ਕੀ ਅਰਥ ? ਅਠੀਂ ਦਿਨੀਂ ਕੇਸੀ-ਇਸ਼ਨਾਨ ਕਰਨ ਵਾਲੇ, ਜਿਨ੍ਹਾਂ ਦੇ ਸਿਰ ਵਿਚੋਂ ਹਫਤਾ ਭਰ ਪਸੀਨੇ ਦੀ ਸੜ੍ਹਾਂਦ ਬਦਬੂ ਮਾਰਦੀ ਰਹਿੰਦੀ ਹੈ, ਉਹ ਗੁਰੂ ਕੀ ਮੁਹਰ ਦੀ ਸਾਰ ਕੀ ਜਾਣਨ ? ਫਿਰ ਜਿਹੜੀਆਂ ਸਿਖ ਬੀਬੀਆਂ 'ਕੇਸਾਂ' ਦੇ ਨਾਨ੍ਹਾ-ਪ੍ਰਕਾਰੀ ਫੈਸ਼ਨ ਬਣਾ ਕੇ ਇਹਨਾਂ ਨੂੰ ਮਨੁਖੀ-ਖਿਚ ਦਾ ਸਾਧਨ ਬਣਾਉਣ ਦੀ ਹਮਾਕਤ ਕਰਨ, ਉਹਨਾਂ ਨੂੰ ਗੁਰੂ ਕੀ ਮੁਹਰ ਦਾ ਕੀ ਸਤਿਕਾਰ ? ਤੇ ਜਿਨ੍ਹਾਂ ਨੂੰ ਗੁਰੂ ਕੀ ਮੁਹਰ ਦਾ ਸਤਿਕਾਰ ਨਹੀਂ ਉਹਨਾਂ ਤੋਂ ਗੁਰੂ ਕੇ ਸਤਿਕਾਰ ਦੀ ਕਿਵੇਂ ਆਸ ?

ਦਸਤਾਰ (ਕੇਸਕੀ) ਦੀ ਰਹਿਤ ਤੋਂ ਮੁਨਕਰ ਹੋਣਾ ਮਨਮਤਿ ਹੈ। "ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ" (ਪੰਨਾ ੫੫੮), ਕੇਸਾਂ ਦਾ ਫੈਸ਼ਨ ਕਰਨ ਵਾਲੀਆਂ ਗੁਰਬਾਣੀ ਦੀ ਇਸ ਤੁਕ ਤੋਂ ਕਿਥੇ ਮੂੰਹ ਛੁਪਾਉਣਗੀਆਂ ? ਉਹ ਆਪ ਹੀ ਦੇਖ ਲੈਣ ਕਿ ਕੇਸਾਂ ਨੂੰ ਫੈਸ਼ਨ ਦਾ ਮਾਧਿਅਮ ਬਣਾਉਣ ਵਾਲੀਆਂ ਫੈਸ਼ਨ-ਪ੍ਰਸਤ ਤ੍ਰੀਮਤਾਂ ਦਾ ਕੈਸਾ ਮੰਦਾ ਹਸ਼ਰ ਹੋਣਾ ਦਰਸਾਇਆ ਗਿਆ ਹੈ।

ਫੈਸ਼ਨ-ਪ੍ਰਸਤੀ ਦੇ ਰੌੜ੍ਹ ਵਿਚ ਰੁੜ੍ਹੇ ਹੋਏ ਵਿਅਕਤੀ ਕੇਸਕੀ ਰਹਿਤ ਤੋਂ ਮੁਨਕਰ ਹਨ ਤੇ ਆਪਣੀ ਤਰੁੱਟੀ ਨੂੰ ਛੁਪਾਣ ਲਈ ਕੇਸਕੀ ਰਹਿਤ ਦੇ ਧਾਰਨੀਆਂ ਉਤੇ ਖਾਲਸਾ ਰਹਿਤ ਵਿਚ ਤਬਦੀਲੀ ਕਰਨ ਦਾ ਅਣਹੋਇਆ ਦੋਸ਼ ਥਪਦੇ ਹਨ। ਕੇਸਕੀ ਦੀ ਰਹਿਤ ਗੁਰ-ਦਰਸਾਈ ਗੁਰ-ਦ੍ਰਿੜ੍ਹਾਈ ਰਹਿਤ ਹੈ ਤੇ ਇਸ ਨੂੰ ਅਪਣਾਉਣ ਵਿਚ ਹੀ ਪੰਥ ਦੀ ਭਲਾਈ ਹੈ। ਕੇਸਕੀ ਰਹਿਤ ਤੋਂ ਬਗ਼ੈਰ ਹਰੇਕ ਸਿਖ ਕਿਸੇ ਨ ਕਿਸੇ ਰੂਖ ਵਿਚ ਕੇਸਾਂ ਦੀ ਬੇਅਦਬੀ ਦਾ ਭਾਗੀ ਬਣਿਆ ਰਵੇਗਾ।

---

**ਭਾਈ ਮਾਨ ਸਿੰਘ, ੧੯੦ ਮਾਡਲ ਹਾਊਸ, ਲੁਧਿਆਣਾ ਦੇ ਗ੍ਰਹਿ ਵਿਖੇ ੧੩ ਸਤੰਬਰ ਨੂੰ ਰੈਣ ਸਬਾਈ**

ਸੰਪਾਦਕੀ ਨੋਟ:—

## ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਜ਼ਿਮੇਵਾਰ

ਜਦੋਂ ਡਾ: ਜੀਤ ਸਿੰਘ ਜੀ ਸੀਤਲ ਦਾ ਲੇਖ 'ਸਿੰਘ ਸਭਾ ਪਤ੍ਰਿਕਾ' ਵਿਚ ਛਪਿਆ ਤਾਂ ਐਡੀਟਰ 'ਸੂਰਾ' ਵਲੋਂ ਗਿਆਨੀ ਗੁਰਦਿਤ ਸਿੰਘ ਜੀ ਤੋਂ ਬਤੌਰ ਸੰਪਾਦਕ ਅਤੇ ਜਨਰਲ ਸਕੱਤਰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਇਹ ਪੁਛ ਕੀਤੀ ਗਈ ਕਿ "ਕੀ ਇਹ ਲੇਖ ਆਪ ਜੀ ਦੀ ਗਿਆਤ ਵਿਚ ਹੈ ? ਅਤੇ ਕੀ ਇਹ ਆਪ ਜੀ ਦੀ ਸੰਮਤੀ ਨਾਲ ਛਾਪਿਆ ਗਿਆ ਹੈ ?"

ਉਹਨਾਂ ਨੇ ਚਿਠੀ ਦੇ ਉਤਰ ਵਿਚ ਇਕ ਨੋਟ ਦੀ ਕਾਪੀ ਭੇਜੀ, ਜੋ ਉਹਨਾਂ ਨੇ ਅਗਸਤ ਦੇ 'ਸਿੰਘ ਸਭਾ ਪਤ੍ਰਿਕਾ' ਵਿਚ ਛਪਣ ਲਈ ਦਿਤਾ ਅਤੇ ਜੋ ਛਪ ਚੁਕਾ ਹੈ। ਇਸ ਵਿਚ ਗਿਆਨੀ ਜੀ ਨੇ ਇਹ ਸਪੱਸ਼ਟ ਕੀਤਾ ਕਿ ਸੀਤਲ ਜੀ ਦੇ ਲੇਖ ਦਾ ਪਿਛਲਾ ਅਰਧ-ਭਾਗ ਉਹਨਾਂ ਨੂੰ ਦਿਖਾਏ ਬਿਨਾਂ ਹੀ ਛਾਪਿਆ ਗਿਆ ਹੈ। ਗਿਆਨੀ ਜੀ ਨੇ ਲੇਖ ਵਿਚ ਭਾ: ਸਾ: ਭਾ: ਰਣਧੀਰ ਸਿੰਘ ਜੀ ਅਤੇ ਅਖੰਡ ਕੀਰਤਨੀ ਜਥੇ ਵਿਰੁਧ ਵਰਤੀ ਗਈ ਕੌੜੀ ਬੋਲੀ ਬਾਰੇ ਦੁਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਖਿਮਾ ਦੀ ਜਾਚਨਾ ਕੀਤੀ ਹੈ। ਗਿਆਨੀ ਜੀ ਨੇ ਨਿਜੀ ਤੌਰ ਤੇ ਅਤੇ ਬਤੌਰ ਸੰਪਾਦਕ 'ਸਿੰਘ ਸਭਾ ਪਤ੍ਰਿਕਾ', ਆਪਣੀ ਸਫਾਈ ਪੇਸ਼ ਕੀਤੀ ਹੈ।

ਭਾ: ਸਾ: ਭਾ: ਰਣਧੀਰ ਸਿੰਘ ਜੀ ਅਤੇ ਅਖੰਡ ਕੀਰਤਨੀ ਜਥੇ ਵਿਰੁਧ ਕੌੜੀ ਸ਼ਬਦਾਵਲੀ ਦਾ ਗਿਆਨੀ ਜੀ ਨੂੰ ਬੜਾ ਦੁਖ ਹੈ। ਪਰ ਇਸ ਤੋਂ ਵੀ ਵਧੇਰੇ ਦੁਖ ਵਾਲੀ ਜੋ ਗੱਲ ਹੈ ਉਸ ਬਾਰੇ ਗਿਆਨੀ ਜੀ ਨੇ ਇਕ ਸ਼ਬਦ ਵੀ ਨਹੀਂ ਲਿਖਿਆ। ਜਿਸ ਦਾ ਮਤਲਬ ਇਹ ਹੈ ਕਿ ਉਹਨਾਂ ਦੀ ਡਾਕਟਰ ਸੀਤਲ ਜੀ ਦੇ ਵਿਚਾਰਾਂ ਨਾਲ ਪੂਰਨ ਸੰਮਤੀ ਹੈ।

ਇਸ ਤੱਥ ਨੂੰ ਮੁਖ ਰਖ ਕੇ ਅਖੰਡ ਕੀਰਤਨੀ ਜਥੇ ਦੇ ਕੁਝ ਵੀਰ ਅਤੇ ਭੈਣਾਂ "ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ" (ਪੰਨਾ ੧੩੬੮) ਫੁਰਮਾਨ ਅਨੁਸਾਰ ਕੇਂਦਰੀ ਸਿੰਘ ਸਭਾ ਤੋਂ ਆਪਣੇ ਸੰਬੰਧ ਤੋੜ ਕੇ ਸੁਰਖਰੂ ਹੋਏ ਹਨ। ਅਤੇ ਬਾਕੀ ਵੀਰ ਭੈਣਾਂ ਆਪਣੇ ਸਹਿਯੋਗ ਵਾਪਸ ਲੈਣ ਬਾਰੇ ਸੋਚ ਰਹੇ ਹਨ। ਏਸੇ ਤੱਥ ਨੂੰ ਮੁਖ ਰਖ ਕੇ ਅਸੀਂ ਜਿਥੇ ਡਾ: ਜੀਤ ਸਿੰਘ ਜੀ ਸੀਤਲ ਦੇ ਲੇਖ ਦੁਆਰਾ ਪਾਏ ਭਰਮ-ਭੁਲੇਖਿਆਂ ਨੂੰ ਸਪੱਸ਼ਟ ਕਰਨ ਲਈ ਗੁਰਬਾਣੀ ਦੀ ਰੌਸ਼ਨੀ ਵਿਚ ਵਿਚਾਰ ਪਰਗਟ ਕੀਤੇ ਹਨ ਓਥੇ ਸਿਖ ਸੰਗਤਾਂ ਨੂੰ ਕੇਂਦਰੀ ਸਿੰਘ ਸਭਾ ਦੇ ਪੰਥ-ਘਾਤਕ ਦ੍ਰਿਸ਼ਟੀ-ਕੋਣ ਤੋਂ ਵੀ ਖ਼ਬਰਦਾਰ ਕਰਨਾ ਜ਼ਰੂਰੀ ਸਮਝਿਆ ਹੈ।

---

## ਗੁਰਸਿਖਾਂ ਦੇ ਅਕਾਲ ਚਲਾਣੇ

ਹੇਠ ਲਿਖੇ ਗੁਰਸਿਖ ਗੁਰੂ ਨੂੰ ਪਿਆਰੇ ਹੋ ਗਏ—

| | |
|---|---|
| ਭਾਈ ਸਾਹਿਬ ਈਸ਼ਰ ਸਿੰਘ ਜੀ (ਖਾਲਸਾ ਬ੍ਰਦਰਜ਼, ਅੰਮ੍ਰਿਤਸਰ) | ੯ ਅਗਸਤ ੮੦ ਨੂੰ |
| ਭਾ: ਸਾਹਿਬ ਪਿਆਰਾ ਸਿੰਘ ਜੀ (ਸਾਬਕਾ ਸੰਪਾਦਕ "ਸੂਰਾ" ਮਾਸਕ ਪੱਤਰ) | ੧੧ ਅਗਸਤ ੮੦ ਨੂੰ |
| ਸ਼ਹੀਦ ਭਾਈ ਫ਼ੌਜਾ ਸਿੰਘ ਜੀ ਦੇ ਪਿਤਾ ਸ: ਸੁਰੈਣ ਸਿੰਘ ਜੀ | ੧੨ ਅਗਸਤ ੮੦ ਨੂੰ |
| ਭਾਈ ਪ੍ਰੀਤਮ ਸਿੰਘ "ਚਾਨੀ ਜੀ" ਕੀਰਤਨੀ ਵੀਰ ਦੇ ਪਿਤਾ ਸ: ਕੇਸਰ ਸਿੰਘ ਜੀ | ੨੪ ਅਗਸਤ ੮੦ ਨੂੰ |

ਸਤਿਗੁਰੂ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ।

---

## ਗੁਰਦਵਾਰਾ ਸਾਹਿਬ ਪੰਜ ਗਰਾਈਆਂ (ਸੰਗਰੂਰ) ਵਿਖੇ ਮਾਸਕ ਰੈਣ ਸਬਾਈ

ਸਮਾਗਮ ੧੩ ਸਤੰਬਰ ਸ਼ਨੀਵਾਰ ਦੀ ਰਾਤ ਨੂੰ ਹੋ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ ਜੀ। ਪਿੰਡ ਪੰਜ ਗਰਾਈਆਂ ਮਲੇਰ ਕੋਟਲਾ—ਬਰਨਾਲਾ ਰੋਡ ਤੇ ਹੈ। ਮਲੇਰ ਕੋਟਲੇ ਤੋਂ ਆਖਰੀ ਬਸ ਸਵਾ ਛੇ ਮਿਲਦੀ ਹੈ।

ਪੁਛ ਗਿਛ—ਮਾ: ਉਜਾਗਰ ਸਿੰਘ ਖਾਲਸਾ, ਫਰਵਾਲੀ, ਡਾ: ਲੋਹਟਬਦੀ (ਸੰਗਰੂਰ)

## ਫਰੀਦਕੋਟ ਵਿਖੇ ਰੈਣ ਸਬਾਈ ਕੀਰਤਨ

ਸ: ਸਤਨਾਮ ਸਿੰਘ ਡੈਰੀ ਐਕਸਟੈਨਸ਼ਨ ਅਫ਼ਸਰ ਸੂਚਨਾ ਦਿੰਦੇ ਹਨ ਕਿ ਗੁਰਦਵਾਰਾ ਚਿਲ੍ਹਾ ਬਾਬਾ ਫਰੀਦ, ਫਰੀਦਕੋਟ ਵਿਖੇ ਸ਼ਨੀਵਾਰ ੨੦ ਸਤੰਬਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

## ਯਮਨਾ ਨਗਰ ਵਿਖੇ ਰੈਣ ਸਬਾਈ ਕੀਰਤਨ

ਸਮਾਗਮ ਸ੍ਰੀ ਗੁਰੂ ਸਿੰਘ ਸਭਾ ਮਹੱਲਾ ਲੁਹਾਰਾਂ ਵਿਖੇ ੨੭ ਸਤੰਬਰ ਸ਼ਨੀਵਾਰ ਦੀ ਰਾਤ ਨੂੰ ਹੋ ਰਹੇ ਹਨ।

---

**ਚਿੱਠਾ ਆਮਦਨ ਖਰਚ ਕੇਂਦਰੀ ਫ਼ੰਡ ਅਖੰਡ ਕੀਰਤਨੀ ਜਥਾ ਅਗਲੇ ਪਰਚੇ ਵਿਚ**

# ਖਾਲਸੇ ਦੀ ਆਚਰਨਿਕ ਉੱਚਤਾ ਵਿਰੋਧੀਆਂ ਦੀ ਨਜ਼ਰ ਵਿਚ

[ਕੈਪਟਿਨ ਸਵਰਨ ਸਿੰਘ ਜੀ ਘੜਿਆਲਾ]

"ਜੰਗਨਾਮਾ" ਜੋ ਇਕ ਪ੍ਰਸਿਧ ਇਤਿਹਾਸਕ ਪੁਸਤਕ ਹੈ, ਦਾ ਕਰਤਾ ਕਾਜ਼ੀ ਨੂਰ ਮੁਹੰਮਦ ਗੰਜਾਬੇ ਦਾ, ਸਿਖਾਂ ਦਾ ਕੱਟੜ ਤੇ ਬਦ-ਤਰੀਨ (ਸਭ ਤੋਂ ਬੁਰੀ) ਕਿਸਮ ਦਾ ਦੁਸ਼ਮਨ ਹੈ। ਇਹ ਇਤਿਹਾਸਕ ਪੱਖੋਂ ਅਨਮੋਲ ਪੁਸਤਕ ਸਿਖਾਂ ਪ੍ਰਤੀ ਗਾਲ੍ਹਾਂ ਦਾ ਪਲੰਦਾ ਹੈ। ਇਸ ਵਿਚ ਜਿਥੇ ਕਿਤੇ ਵੀ ਸਿਖਾਂ ਦਾ ਜ਼ਿਕਰ ਆਇਆ ਹੈ, ਉਨ੍ਹਾਂ ਨੂੰ ਲਈਨ, ਭ੍ਰਿਸ਼ਟੇ, ਭੈੜੀ ਖੋ ਵਾਲੇ, ਖ਼ੂਕ-ਖ਼ੋਰ(ਸੂਰ ਖਾਣੇ)ਕਾਫ਼ਿਰ, ਸੱਗ(ਕੁੱਤੇ), ਬੁੱਤ-ਪ੍ਰਸਤ, ਜਨੇਊ ਪਾਉਣ ਵਾਲੇ, ਕਾਲੇ ਮੂੰਹ ਵਾਲੇ, ਪਲੀਤ (ਅਪਵਿੱਤਰ), ਦੋਜ਼ਖ਼ੀ ਆਦਿ ਕੁਨਾਵਾਂ ਨਾਲ ਯਾਦ ਕੀਤਾ ਹੈ।

ਕਾਜ਼ੀ ਨੂਰ ਮੁਹੰਮਦ ਦਾ ਤਿੰਨ ਚਾਰ ਮਹੀਨੇ ਹੀ ਸਿਖਾਂ ਨਾਲ ਵਾਹ ਪਿਆ ਹੈ। ਉਸ ਨੇ ਦਸ ਕੁ ਲੜਾਈਆਂ ਵਿਚ ਸਿਖਾਂ ਦੇ ਲੜਨ-ਢੰਗ ਤੇ ਉਨ੍ਹਾਂ ਦੀ ਤੇਗ ਦੇ ਜੌਹਰ ਵੇਖੇ ਸਨ। ਤੁਅਸਬੀ (ਮਜ਼੍ਹਬੀ ਜਨੂੰਨ) ਵਿਚ ਅੰਨ੍ਹੇ ਹੋ ਕੇ ਭਾਵੇਂ ਉਸ ਨੇ ਸਿਖਾਂ ਬਾਰੇ ਬੜੇ ਕੁਬੋਲ ਬੋਲੇ ਹਨ ਤੇ ਇਕ-ਰੁਖ਼ੀ ਤਸਵੀਰ ਪੇਸ਼ ਕੀਤੀ ਹੈ, ਪਰ ਸਿਖਾਂ ਦੀ ਸੂਰਮਗਤੀ ਤੇ ਉੱਚੇ ਸੁੱਚੇ ਇਖ਼ਲਾਕ (ਆਚਰਣ) ਤੋਂ ਉਹ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕਿਆ। ਆਪਣੀ ਪੁਸਤਕ ਦੇ ਸਫ਼ਾ ੧੫੬ ਉਤੇ ਧਰਮ-ਯੁਧ ਸਮੇਂ ਸਿੰਘਾਂ ਦੀ ਮਰਦਾਨਗੀ ਤੇ ਉਚੇ ਕਿਰਦਾਰ ਬਾਰੇ ਬਿਆਨ ਕਰਦਾ ਹੋਇਆ ਲਿਖਦਾ ਹੈ—

**ਸਗਾਂ ਰਾ ਮਗੋ ਸੱਗ, ਕਿ ਹਸਤੰਦ ਸ਼ੇਰ। ਬ-ਮੈਦਾਨਿ ਮਰਦਾਂ ਚੂ ਸ਼ੇਰਾਂ ਦਲੇਰ।੧।. ...**

"ਸਗਾਂ" (ਕੁੱਤਿਆਂ) ਨੂੰ (ਮਤਲਬ ਸਿੰਘਾਂ ਨੂੰ) ਸੱਗ (ਕੁੱਤੇ) ਨਾ ਕਹੋ, ਕਿਉਂਕਿ ਇਹ ਸੱਚ ਮੁਚ ਸ਼ੇਰ ਹਨ ਅਤੇ ਸੂਰਮਗਤੀ ਦੇ ਮੈਦਾਨ ਵਿਚ ਇਹ ਸੱਚ-ਮੁਚ ਸ਼ੇਰ ਹਨ।......

**ਜੁਜ਼ ਅਜ਼ ਜੰਗੇ ਸ਼ਾਂ ਨੁਕਤਾ ਦੀਗਰ ਸ਼ਨੋ। ਕਿ ਬੁਰਦੰਦ ਅਜ਼ ਜੰਗ ਜੋਇਆਂ ਗਰੋ।੪੪।**

ਉਨ੍ਹਾਂ ਦੇ ਜੰਗ ਦੇ ਹਾਲ ਤੋਂ ਬਿਨਾਂ ਇਕ ਹੋਰ ਨੁਕਤਾ (ਗੱਲ) ਵੀ ਸੁਣੋ, ਜਿਸ ਵਿਚ(ਉਹ) ਹੋਰ ਸਭ ਸੂਰਮਿਆਂ ਨਾਲੋਂ ਬਹੁਤ ਅੱਗੇ ਹਨ (ਭਾਵ ਉਤਮ ਹਨ)।

**ਕਿ ਨਾ ਕੁਸ਼ਤੰਦ ਨਾਮਰਦ ਰਾ ਹੇਚਗਾਹ। ਗੁਰੇਜ਼ਿੰਦਾ ਰਾਹਮ ਨਾ ਗੀਰੰਦ ਰਾਹ।੪੫।**

ਇਹ ਨਾਮਰਦ ਨੂੰ (ਜਿਸ ਲੜਾਈ ਵਿਚ ਹਥਿਆਰ ਰਖ ਦਿਤੇ ਹੋਣ ਤੇ ਲੜਨਾ ਨਾ ਚਾਹੁੰਦਾ ਹੋਵੇ) ਕਦੇ ਭੀ ਨਹੀਂ ਮਾਰਦੇ, ਅਤੇ ਨਾ ਹੀ ਮੈਦਾਨੋਂ ਭਜ-ਨਿਕਲੇ ਨੂੰ ਰੋਕਣ ਲਈ ਉਸ ਨੂੰ ਘੇਰਦੇ ਹਨ।

**ਜ਼ਰੋ ਜ਼ੇਵਰੇ ਜ਼ਨ ਬਤਾਰਾਜ ਨੀਜ਼। ਨ-ਗੀਰੰਦ ਗਰ ਮੁਹਰਾ ਹਸਤੋ ਕਨੀਜ਼।੪੬।**

ਲੁੱਟ-ਮਾਰ ਵੇਲੇ ਉਹ ਕਿਸੇ ਜ਼ਨਾਨੀ ਦਾ ਧਨ-ਦੌਲਤ ਅਤੇ ਗਹਿਣੇ ਨਹੀਂ ਖੋਂਹਦੇ, ਭਾਵੇਂ ਉਹ ਸਵਾਣੀ ਹੋਵੇ ਜਾਂ ਦਾਸੀ (ਬਾਂਦੀ)।

**ਜ਼ਨਾਹਮ ਨਾ ਬਾਸ਼ਦ ਮਿਆਨੇ ਸਗਾਂ। ਨਾ ਦੁਜ਼ਦੀ ਬ-ਵਦ ਕਾਰੇ ਆਂ ਬਦਰਗਾਂ।੪੭।**

ਇਨ੍ਹਾਂ "ਕੁੱਤਿਆਂ" ਵਿਚ ਵਿਭਚਾਰ ਭੀ ਨਹੀਂ ਹੈ ਅਤੇ ਨਾ ਹੀ ਇਨ੍ਹਾਂ ਭੈੜੀਆਂ ਰਗਾਂ ਵਾਲਿਆਂ ਵਿਚ ਕੋਈ ਚੋਰੀ-ਚਕਾਰੀ ਹੀ ਹੈ। ਇਨ੍ਹਾਂ ਦੋਨਾਂ ਗੱਲਾਂ ਤੋਂ ਹੀ ਇਹ ਪਾਕ ਹਨ।

**ਕਿ ਜ਼ਨ ਗਰ ਜਵਾਨ-ਸਤ ਵਰ ਹਸਤ ਪੀਰ। ਬਗੋਇੰਦ ਬੁਢੀਆ ਬਰੋ ਗੋਸ਼ਾ ਗੀਰ।੪੮।**

ਔਰਤ ਨੂੰ ਭਾਵੇਂ ਜਵਾਨ ਹੈ ਭਾਵੇਂ ਬੁੱਢੀ, ਕਹਿੰਦੇ ਹਨ, ਬੁੱਢੀਏ, ਇਕ ਪਾਸੇ ਹਟ ਜਾ। (ਬੁੱਢੀ ਤੋਂ ਭਾਵ ਏਥੇ ਮਾਂ ਵਰਗਾ ਸਤਿਕਾਰ ਵਾਲਾ ਸ਼ਬਦ ਹੈ।)

**ਬ-ਵਦ ਲਫ਼ਜ਼ਿ ਬੁਢੀਆ ਬਹਿ ਹਿੰਦੀ ਜ਼ੁਬਾਂ। ਬ-ਮਾਅਨੇ ਕਿ ਐ ਪੀਰੇ ਜ਼ਾਲਿ ਜ਼ਨਾਂ।੪੯।**

ਹਿੰਦੁਸਤਾਨੀ ਬੋਲੀ ਵਿਚ "ਬੁਢੀ" ਸ਼ਬਦ ਦਾ ਅਰਥ ਵਡੇਰੀ ਉਮਰ ਵਾਲੀ ਇਸਤ੍ਰੀ ਹੈ। (ਇਹ ਸਤਿਕਾਰ ਵਾਲਾ ਸ਼ਬਦ ਸਮਝਿਆ ਜਾਂਦਾ ਹੈ)।

**ਨਾ ਦੁਜ਼ਦੀਸਤ ਹਰਗਿਜ਼ ਮਿਆਨੇ ਸਗਾਂ। ਨਾ ਪੈਦਾਸਤ ਸਾਰਿਕ ਦਰਾਂ ਬਦਰਗਾਂ।੫੦।**

ਇਨ੍ਹਾਂ ਵਿਚ ਚੋਰੀ ਵਾਲੀ ਕੋਈ ਗੱਲ ਈ ਨਹੀਂ। ਨਾ ਹੀ ਇਨ੍ਹਾਂ ਬੁਰੀਆਂ ਰਗਾਂ ਵਾਲਿਆਂ ਵਿਚ ਕੋਈ ਸੰਨ੍ਹ ਹੀ ਮਾਰਨ ਵਾਲਾ ਹੁੰਦਾ ਹੈ।

**ਕਿ ਜ਼ਾਨੀ ਵ ਸਾਰਿਕ ਨ-ਦਾਰੰਦ ਦੋਸਤ। ਵਗਰ ਫ਼ੇਲ੍ਹੇ ਸ਼ਾਂ ਜੁਮਲਗੀ ਨਾ ਨਿਕੋ-ਸਤ।੫੧।**

ਵਿਭਚਾਰੀਆਂ ਅਤੇ ਸੰਨ੍ਹਾਂ ਲਾਉਣ ਵਾਲਿਆਂ ਨਾਲ, ਇਹ ਮਿੱਤਰਤਾ ਨਹੀਂ ਰਖਦੇ, ਭਾਵੇਂ ਇਨ੍ਹਾਂ ਦੀਆਂ ਹੋਰ ਗੱਲਾਂ ਚੰਗੀਆਂ ਨਹੀਂ।

ਕਾਜ਼ੀ ਨੂਰਮੁਹੰਮਦ ਇਕ ਅੱਤ ਦਰਜੇ ਦਾ ਵਿਰੋਧੀ ਤੇ ਕੱਟੜ ਦੁਸ਼ਮਣ ਸਿੰਘਾਂ ਦੇ ਇਖ਼ਲਾਕ ਦੀ ਤਾਰੀਫ਼ ਕਰ ਰਿਹਾ ਹੈ। ਇਹ ਸਭ ਉਸ ਦਾ ਅਖੀਂ ਡਿਠਾ ਹਾਲ ਤੇ ਤਜਰਬਾ ਹੈ, ਜੋ ਉਸ ਦੀ ਤੁਅਸਬ ਤੇ ਘਿਰਣਾ ਦੀਆਂ ਤਹਿਆਂ ਪਾੜ ਕੇ ਸੱਚ ਤੇ ਹਕੀਕਤ ਨੂੰ ਆਪ-ਮੁਹਾਰਾ ਪ੍ਰਗਟ ਕਰ ਦੇਂਦਾ ਹੈ।

ਇਕ ਇਤਿਹਾਸਕ ਮਿਸਲ ਲਵੋ—ਨਵੰਬਰ ੧੭੬੩ ਵਿਚ ਅਹਿਮਦ ਸ਼ਾਹ ਦਾ ਵੱਡਾ ਜਰਨੈਲ ਅਟਕ ਟਪਿਆ ਤੇ ਸਿੰਘਾਂ ਦੇ ਵਿਰੁਧ ਮਾਰੋ ਮਾਰ ਕਰਦਾ ਹੋਇਆ ਸਿਆਲਕੋਟ ਨੂੰ ਹੋ ਤੁਰਿਆ ਕਿ ਜੰਮੂੰ ਦੇ ਰਾਜੇ ਰੰਜੀਤਦਿਉ ਦੀ ਸਹਾਇਤਾ ਪ੍ਰਾਪਤ ਕਰ ਸਕੇ। ਸ: ਚੜ੍ਹਤ ਸਿੰਘ ਇਸ ਵੇਲੇ ਗੁਜਰਾਂਵਾਲੇ ਸੀ। ਉਸ ਨੇ ਸ: ਜੱਸਾ ਸਿੰਘ ਆਹਲੂਵਾਲੀਆ, ਸ: ਗੁਜਰ ਸਿੰਘ ਭੰਗੀ ਤੇ ਸ: ਝੰਡਾ ਸਿੰਘ ਭੰਗੀ ਨੂੰ ਸੱਦ ਭੇਜਿਆ ਤੇ ਸਿੰਘਾਂ ਰਲ ਕੇ ਜਹਾਨ ਖਾਨ ਨੂੰ ਜਾ ਲਲਕਾਰਿਆ। ਜਹਾਨ ਖ਼ਾਂ ਦਾ ਘੋੜਾ ਮਾਰਿਆ ਗਿਆ ਤੇ ਉਹ ਭੁੰਜੇ ਆਣ ਡਿਗਾ। ਸਿੰਘਾਂ ਅਫ਼ਗਾਨੀ ਲਸ਼ਕਰ ਗਾਜਰ ਮੂਲੀ ਵਾਂਗ ਕਟ ਕੇ ਰਖ ਦਿਤਾ। ਜਹਾਨ ਖਾਨ ਰੁਹਤਾਸ ਵਲ ਨੂੰ ਨੱਸ ਗਿਆ। ਅਫ਼ਗਾਨੀ ਫ਼ੌਜ ਦਾ ਜੰਗੀ ਮਾਲ-ਅਸਬਾਬ ਤੇ ਜਹਾਨ ਖਾਨ ਦਾ ਇਕ ਸਜਿਆ ਹੋਇਆ ਹਾਥੀ, ਉਸ ਦੀ ਬੇਗਮ ਤੇ ਹੋਰ ਜ਼ਨਾਨਾ ਰਿਸ਼ਤੇਦਾਰ ਤੇ ਸੰਬੰਧੀ ਸਿੰਘਾਂ ਦੇ ਹੱਥ ਆ ਗਏ। ਇਨ੍ਹਾਂ ਪਾਸ ਬਹੁਤ ਸਾਰਾ ਜ਼ੇਵਰ ਤੇ ਜ਼ਹਾਨ ਖ਼ਾਨ ਦਾ ਤੋਸ਼ਾ-ਖ਼ਾਨਾ ਸੀ। ਜਹਾਨ ਖ਼ਾਨ ਦੀ ਬੇਗਮ ਨੇ ਜਦ ਸ: ਜੱਸਾ ਸਿੰਘ ਪਾਸ ਅਰਜ਼ ਕੀਤੀ ਕਿ ਸਾਡੀ ਇੱਜ਼ਤ-ਆਬਰੂ ਤੁਹਾਡੇ ਹੱਥ ਹੈ। ਤਾਂ ਉਨ੍ਹਾਂ ਉੱਤਰ ਦਿਤਾ ਕਿ ਤੁਸੀਂ ਬਿਲਕੁਲ ਸੁਰੱਖਿਅਤ ਹੋ, ਉੱਕਾ ਚਿੰਤਾ ਨਾ ਕਰੋ, ਖਾਲਸਾ ਤੁਹਾਡੇ ਮਾਲ ਨੂੰ ਬਿਲਕੁਲ ਹੱਥ ਤਕ ਨਹੀਂ ਲਾਏਗਾ, ਸਗੋਂ ਪੂਰੇ ਇਜ਼ਤ-ਮਾਣ ਤੇ ਪਰਦੇ-ਦਾਰੀ ਨਾਲ ਤੁਹਾਨੂੰ ਜਿਥੇ ਕਹੋ, ਛਡ ਕੇ ਆਉਣ ਦਾ ਜ਼ਿਮੇਵਾਰ ਹੈ। ਬੇਗਮ ਨੇ ਜੰਮੂ ਜਾਣ ਦੀ ਇੱਛਾ ਪ੍ਰਗਟ ਕੀਤੀ। ਸੋ ਉਸਨੂੰ ਸਮੇਤ ਉਨ੍ਹਾਂ ਦੇ ਮਾਲ, ਜ਼ੇਵਰ ਦੇ ਜੰਮੂ ਪਹੁੰਚਾ ਦਿਤਾ। ਇਹ ਉਸ ਜਹਾਨ ਖਾਨ ਦਾ ਪ੍ਰਵਾਰ ਸੀ ਜਿਸ ਨੇ ਡੇਢ ਸਾਲ ਪਹਿਲਾਂ ਘਲੂਘਾਰੇ ਸਮੇਂ ਹਜ਼ਾਰਾਂ ਸਿੰਘ, ਸਿੰਘਣੀਆਂ, ਬੁੱਢੇ ਬੱਚੇ ਮੌਤ ਦੇ ਘਾਟ ਉਤਾਰੇ ਸਨ। ਸਿਖ ਕੌਮ ਨੂੰ ਨਸ਼ਟ ਕਰ ਦੇਣ ਵਿਚ ਕੋਈ ਕਸਰ ਨਹੀਂ ਸੀ ਛੱਡੀ। ਏਡੇ ਵੱਡੇ ਵੈਰੀ ਦੇ ਕਾਬੂ ਆਏ ਪ੍ਰਵਾਰ ਨਾਲ ਇਹੋ ਜਿਹਾ ਉਦਾਰਤਾ ਤੇ ਦਇਆ ਪੂਰਬਕ ਸਲੂਕ ਸਿਰਫ਼ ਕਲਗੀਧਰ ਪਾਤਸ਼ਾਹ ਦੇ ਜਾਏ ਹੀ ਕਰ ਸਕਦੇ ਹਨ। ਇਹੋ ਜਿਹੀਆਂ ਹਜ਼ਾਰਾਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ। ਯਾਦ ਹੋਵੇਗਾ, ਬੰਗਲਾ ਦੇਸ਼ ਦੀ ਜੰਗ ਵੇਲੇ ਪਾਕਿਸਤਾਨੀ ਫ਼ੌਜੀਆਂ ਨੇ ਆਪਣੀਆਂ ਹੀ ਜ਼ਨਾਨੀਆਂ ਦੇ ਨਾਲ ਕਿਹੋ ਜਿਹਾ ਵਹਿਸ਼ੀਆਂ ਵਾਲਾ ਸਲੂਕ ਕੀਤਾ ਸੀ। ਜਦ ਸਿੰਘਾਂ ਸਰਦਾਰਾਂ ਮੋਰਚਿਆਂ ਵਿਚ ਔਰਤਾਂ ਨੂੰ, ਜਿਨ੍ਹਾਂ ਨੂੰ ਪਾਕਿਸਤਾਨੀ ਫ਼ੌਜੀ ਰਖੀ ਬੈਠੇ ਸਨ, ਨੰਗਿਆਂ ਵੇਖਿਆ ਤਾਂ ਆਪਣੀਆਂ ਪੱਗਾਂ ਪਾੜ ਪਾੜ ਕੇ ਉਨ੍ਹਾਂ ਨੂੰ ਦੇ ਕੇ ਉਨ੍ਹਾਂ ਦਾ ਪਰਦਾ ਢਕਿਆ। ਅਹਿਮਦ ਸ਼ਾਹ ਅਬਦਾਲੀ ਦੇ ਪੰਜੇ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਬੀਬੀਆਂ ਨੂੰ ਛੁਡਵਾ ਕੇ ਸਾਰੀਆਂ ਨੂੰ ਇਜ਼ਤ-ਆਬਰੂ ਸਹਿਤ ਆਪੋ ਆਪਣੀ ਘਰੀਂ ਪੁਚਾ ਕੇ ਖਾਲਸੇ ਨੇ ਉਚੇ ਸੁਚੇ ਆਚਰਣ ਦਾ ਨਮੂਨਾ ਸੰਸਾਰ ਦੇ ਸਾਹਮਣੇ ਰਖਿਆ। ਉਹਨਾਂ ਦੀ ਪਾਕ-ਪਵਿਤਰ ਨਜ਼ਰ ਵਿਚ ਪਰਾਈਆਂ ਇਸਤ੍ਰੀਆਂ ਸਭ ਮਾਵਾਂ ਭੈਣਾਂ ਧੀਆਂ ਸਨ।

ਸਿੰਘਾਂ ਨੂੰ ਇਹ ਉੱਚਾ ਸੁੱਚਾ ਆਚਰਣ ਦਸਮੇਸ਼ ਪਿਤਾ ਨੇ ਅੰਮ੍ਰਿਤ ਦੀ ਦਾਤਿ ਦੇ ਨਾਲ ਹੋਰ ਵੀ ਪੱਕਾ ਕਰ ਦਿਤਾ ਸੀ, ਜਿਸ ਦੀ ਤਾਲੀਮ ਉਤੇ ਪਹਿਲਿਆਂ ਨਵਾਂ ਪਾਤਸ਼ਾਹੀਆਂ ਨੇ ਪੂਰਾ ਜ਼ੋਰ ਦਿਤਾ ਸੀ। ਇਸਤ੍ਰੀ ਨੂੰ ਜੋ ਸਤਿਕਾਰ, ਮਾਣ ਤੇ ਰੱਖਿਆ ਸਿਖ-ਜਗਤ ਵਿਚ ਹੈ, ਹੋਰ ਕਿਧਰੇ ਨਹੀਂ ਹੈ। ਕਸੂਰ ਜੈਸੇ ਜ਼ਬਰਦਸਤ ਸ਼ਹਿਰ ਨੂੰ ਸ: ਹਰੀ ਸਿੰਘ ਭੰਗੀ ਨੇ ਏਸੇ ਲਈ ਤਹਿਸ ਨਹਿਸ ਕਰ ਦਿਤਾ ਸੀ ਕਿ ਓਥੋਂ ਦੇ ਹਾਕਮ ਉਸਮਾਨ ਖਾਨ ਨੇ ਇਕ ਗਰੀਬ ਬ੍ਰਾਹਮਣ ਔਰਤ ਦੀ ਇਜ਼ਤ ਉਤੇ ਹੱਥ ਪਾਇਆ ਸੀ। ੧੭ ਸਾਲ ਪਿਛੋਂ ਜਲਾਲ ਖਾਨ ਲੁਹਾਰੀ ਵਾਲੇ ਨੂੰ ਵੀ ਇਸ ਕਿਸਮ ਦੀ ਹੀ ਹਰਕਤ ਵਜੋਂ ਏਡੀ ਦੂਰ ਜਾ ਕੇ ਬੁੱਢਾ ਦਲ ਨੇ ਸੋਧਿਆ ਸੀ।

ਪਤਾ ਨਹੀਂ, ਡਾ: ਜੀਤ ਸਿੰਘ ਜੀ "ਸੀਤਲ" ਧਰਮੀ ਖਾਲਸੇ ਦੇ ਉੱਚ-ਕੋਟੀ ਦੇ ਆਚਰਣ ਨੂੰ ਕਿਉਂ ਭੁਲ ਗਏ ਹਨ, ਜੋ ਅੱਜ ਏਨ੍ਹਾਂ ਨੂੰ ਤੁਰਕਨੀ ਗਮਨ ਤੋਂ ਛੁਟ ਭ੍ਰਸ਼ਟਾਚਾਰ ਤੇ ਵਿਭਚਾਰ ਦੀ ਖੁਲ੍ਹ ਦੇਣ ਵਾਲੇ ਵਿਚਾਰ ਪ੍ਰਚਾਰਨ ਦੀ ਜੁਰਅਤ ਪਈ ਹੈ?

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਮੈਂਬਰਾਂ ਵਿਚੋਂ ਸ: ਬਲਬੀਰ ਸਿੰਘ ਯੂ. ਕੇ. ਦੇ 650/- ਰੁਪਏ, ਮਿ: ਆਰ. ਐਸ. ਮਲਿਕ ਕੈਨੇਡਾ ਤੇ ਸ. ਸੁਰਜੀਤ ਸਿੰਘ ਗਿਲ ਕੈਨੇਡਾ ਦੇ ਸਾਢੇ ਸਤ ਸਤ ਸੌ ਰੁਪਏ ਪੁਜੇ ਹਨ । ਬਾਕੀ ਸਭ ਦੇ ਸੌ ਸੌ ਰੁਪਏ ਪੁਜੇ ਹਨ । ਬੈਂਕ ਐਫ. ਡੀਆਂ. ਦੇ ਨੰਬਰ ਹੇਠ ਦਿਤੇ ਹਨ :–

| | | | |
|---|---|---|---|
| 675. ਸ: ਮਹਿੰਦਰ ਸਿੰਘ ਪਨੇਸਰ | (ਚਿਟ ਨੰ: 3675) | 987740/750/80 | ਮਿਤੀ 22-8-80 |
| 676. ਮੈ: ਮੋਹੇਂਦਰ ਸਿੰਘ ਬੇਲਰ ਮਠ | ( ,, ,, 3676) | 987741/751/80 | ,, |
| 677. ਬੀ: ਚੰਨਨ ਕੌਰ ਨਵੀਂ ਦਿਲੀ | ( ,, ,, 3677) | 987742/752/80 | ,, |
| 678. ਸ: ਸੋਹਨ ਸਿੰਘ ਭੁੱਲਰ | ( ,, ,, 3678) | 987743/753/80 | ,, |
| 679. ਸ: ਬਲਬੀਰ ਸਿੰਘ ਯੂ. ਕੇ. | ( ,, ,, 2063) | 987744/754/80 | ,, |
| 680. ਮਿ: ਆਰ. ਐਸ. ਮਲਿਕ | ( ,, ,, 2218) | 987745/755/80 | ,, |
| 681. ਸ: ਸੁਖਦੇਵ ਸਿੰਘ ਐਂਡ ਸਨਜ਼ | ( ,, ,, 3681) | 987746/756/80 | ,, |
| 682. ਸ: ਗੁਰਮੀਤ ਸਿੰਘ S.D O. | ( ,, ,, 3682) | 987747/757/80 | ,, |
| 683. ਸ: ਸੁਰਜੀਤ ਸਿੰਘ ਗਿਲ | ( ,, ,, 2250) | 987748/758/80 | ,, |
| 684. ਸ: ਰਵੇਲ ਸਿੰਘ S/o ਸ: ਸਵਰਨ ਸਿੰਘ | ( ,, ,, 3684) | 987749/759/80 | ,, |
| 685. ਸ: ਸੰਤ ਪ੍ਰਕਾਸ਼ ਸਿੰਘ ਗਰੇਵਾਲ | ( ,, ,, 3685) | 987750/760/80 | ,, |

## ਅਮਾਨਤੀ ਲਾਈਫ ਮੈਂਬਰ ਪ੍ਰਦੇਸਾਂ ਲਈ ਰੇਟ

ਯੂ. ਕੇ. ਅਫਰੀਕਾ 650/-     ਅਰਬ ਮਲਾਇਆ ਆਦਿ 500/-     ਕੈਨੇਡਾ ਅਮਰੀਕਾ 750/-

## ਸ਼ਹੀਦਾਂ ਦੀ ਯਾਦ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਰੈਣ ਸਬਾਈ ਕੀਰਤਨ

ਹਰ ਮਹੀਨੇ ਵਾਂਗ ਸ਼ਹੀਦਾਂ ਦੇ ਸਸਕਾਰ ਅਸਥਾਨ (ਗੁਰਦਵਾਰਾ ਰਾਮਸਰ ਦੇ ਸਾਹਮਣੇ) ੨੦ ਸਤੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਸਮਾਗਮ ਹੋ ਰਹੇ ਹਨ । ਸੰਗਤਾਂ ਅਰਸ਼ੀ ਬਾਣੀ ਦੇ ਲਾਹੇ ਪ੍ਰਾਪਤ ਕਰਨ ।

## ਗੁਰਦਵਾਰਾ ਸਾਹਿਬ ਨਕੋਦਰ ਵਿਖੇ ਰੈਣ ਸਬਾਈ ਕੀਰਤਨ

ਭਾਈ ਹਰਭਜਨ ਸਿੰਘ ਜੀ ਮਾਲੜੀ ਸੂਚਨਾ ਦਿੰਦੇ ਹਨ ਕਿ ੬ ਸਤੰਬਰ ਸ਼ਨੀਵਾਰ ਦੀ ਰਾਤ ਨੂੰ ਨਕੋਦਰ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ । ਸਰਬੱਤ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ ।

## ਦਿਆਲਪੁਰ ਤੇ ਹੋਰ ਪਿੰਡਾਂ ਵਿਖੇ ਅਖੰਡ ਕੀਰਤਨ ਤੇ ਅਖੰਡ ਪਾਠ

ਮਾ: ਗੁਰਬਚਨ ਸਿੰਘ ਜੀ ਦਿਆਲਪੁਰ ਸੂਚਨਾ ਦਿੰਦੇ ਹਨ ਕਿ ਪਿੰਡਾ ਵਿਚ ਰੋਜ਼ ਰਾਤ ਨੂੰ ੮ ਤੋਂ ੧੦ ਅਖੰਡ ਕੀਰਤਨ ਹੋ ਰਹੇ ਹਨ । ਸਤੰਬਰ ੩ ਤੋਂ ੨੨ ਤਕ ਤਰਤੀਬਵਾਰ ਕਾਕੀ ਪਿੰਡ, ਡੱਲਾ, ਰੰਧਾਵਾ ਮਸੰਦਾਂ, ਮੁਜਤਾਪੁਰ, ਦੁਗਰੀ, ਬੱਲਾਂ, ਮੁੰਡਾਂ, ਮੰਨਣਾਂ, ਅੰਬਗੜ੍ਹ, ਚੀਮਾਂ, ਸਰਾਏਖਾਸ, ਟਾਹਲੀ ਸਾਹਿਬ, ੧੫ ਤੋਂ ੧੭ ਬਟਾਲਾ ਸਮਾਗਮ, ਸੁਗਵਾਲ, ਲੱਖਣਕਲਾਂ, ਹਮੀਰਾਂ, ਮੁਨਾਰ, ਧੀਰਪੁਰ ।

ਦਿਆਲਪੁਰ ਗੁ: ਪੜਿਆਂਵਾਲਾ ਵਿਖੇ ੨੪ ਸਤੰਬਰ ਤੋਂ ਸ੍ਰੀ ਅਖੰਡਪਾਠ ਅਰੰਭ ਹੋ ਰਹੇ ਹਨ। ੨੬ ਤੋਂ ੩੦ ਸਤੰਬਰ ਭਾਈ ਗੁਲਜ਼ਾਰਾ ਸਿੰਘ, ਭਾਈ ਦਰਸ਼ਨ ਸਿੰਘ, ਭਾਈ ਇੰਦਰਪਾਲ ਸਿੰਘ ਹਮੀਰਾ, ਮਾਤਾ ਕਰਤਾਰ ਕੌਰ ਦੇ ਗ੍ਰਹਿ ਵਿਖੇ. ਅਤੇ ੧ ਤੋਂ ੪ ਅਕਤੂਬਰ ਤਕ ਸ: ਆਤਮਾ ਸਿੰਘ, ਭਾਈ ਗੁਰਚਰਨ ਸਿੰਘ, ਗੁਰਦਵਾਰਾ ਹਲਟੀ ਵਾਲਾ ਅਤੇ ਸ਼ਨੀਵਾਰ ਨੂੰ ਗੁਰਦਵਾਰਾ ਪੜਿਆਂ ਵਾਲਾ ਵਿਖੇ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਦੁਪਹਿਰ ਤਕ ਕੀਰਤਨ ਹੋਣਗੇ । ਸੰਗਤਾਂ ਪੁਜ ਕੇ ਲਾਹੇ ਪ੍ਰਾਪਤ ਕਰਨ । ਅੰਮ੍ਰਿਤ ਸੰਚਾਰ ੪ ਅਕਤੂਬਰ ਸ਼ਾਮ ੬ ਵਜੇ ਤੇ ਰੈਣ ਸਬਾਈ ਰਾਤ ੮ ਵਜੇ ਅਰੰਭ ਹੋਵੇਗੀ ।

## ਦਿਲੀ ਵਿਖੇ ਸਾਲਾਨਾ ਕੀਰਤਨ ਸਮਾਗਮ (ਵੇਰਵਾ ਆਉਂਦੇ ਪਰਚੇ ਵਿਚ)

੧੬ ਤੋਂ ੧੯ ਅਕਤੂਬਰ ਨੂੰ ਬੰਗਲਾ ਸਾਹਿਬ, ਗੁ: ਰਕਾਬਗੰਜ ਤੇ ਗੁ: ਸੀਸਗੰਜ ਸਾਹਿਬ ਵਿਖੇ

## ਬਟਾਲਾ (ਗੁਰਦਾਸਪੁਰ) ਵਿਖੇ ਸਾਲਾਨਾ ਕੀਰਤਨ ਸਮਾਗਮ

### *ਵਿਆਹ ਪੁਰਬ ਸੋਮਵਾਰ 15 ਤੋਂ 18 ਸਤੰਬਰ ਵੀਰਵਾਰ ਸਵੇਰ ਤਕ*

ਹਰ ਸਾਲ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਸਮੇਂ ਬਟਾਲਾ ਵਿਖੇ ਸਾਲਾਨਾ ਕੀਰਤਨ ਸਮਾਗਮ ਹੋ ਰਹੇ ਹਨ। ਸਰਬ ਹਿੰਦ ਅਖੰਡ ਕੀਰਤਨੀ ਜਥਿਆਂ ਵਲੋਂ ਧੁਰ ਕੀ ਬਾਣੀ ਦੇ ਅਖੰਡਪਾਠ ਅਤੇ ਅਖੰਡ ਕੀਰਤਨ ਹੋ ਰਹੇ ਹਨ। ਸਰਬੱਤ ਪਿਆਰੇ ਪੁਜ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਪ੍ਰੋਗਰਾਮ ਇਉਂ ਹੈ :—

੧੫ ਸਤੰਬਰ ਸਵੇਰੇ ੫ ਤੋਂ ੮ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ ਗੁਰੂ ਨਾਨਕ ਖਾ: ਹਾ: ਸੈ: ਸਕੂਲ ਵਿਖੇ
ਸ਼ਾਮ ੭॥ ਤੋਂ ੧੦ ਸੋਦਰ ਦੀ ਚੌਂਕੀ ਉਪਰੰਤ ਅਖੰਡ ਕੀਰਤਨ

੧੬ ਸਤੰਬਰ ਸਵੇਰੇ ੬ ਤੋਂ ੯ ਕੀਰਤਨ ਆਸਾ ਦੀ ਵਾਰ
ਸ਼ਾਮ ੭॥ ਤੋਂ ੧੦ ਅਖੰਡ ਕੀਰਤਨ ਗੁਰੂ ਨਾਨਕ ਨਗਰ ਬਟਾਲਾ ਵਿਖੇ

੧੭ ਸਤੰਬਰ ਸਵੇਰੇ ੬ ਵਜੇ ਭੋਗ ਸ੍ਰੀ ਅਖੰਡ ਪਾਠ ਉਪਰੰਤ ੧੨ ਵਜੇ ਤਕ ਅਖੰਡ ਕੀਰਤਨ, ਸ਼ਾਮ ੫ ਵਜੇ ਅਰੰਭ ਅੰਮ੍ਰਿਤ ਸੰਚਾਰ
ਰਾਤ ੮ ਵਜੇ ਅਰੰਭ ਰੈਣ ਸਬਾਈ ਕੀਰਤਨ, ਸਮਾਪਤੀ ੧੮ ਸਤੰਬਰ ਸਵੇਰੇ ੭ ਵਜੇ

ਨੋਟ :—੧. ਸੰਗਤਾਂ ਦੀ ਰਿਹਾਇਸ਼ ਤੇ ਪੰਡਾਲ ਗੁਰੂ ਨਾਨਕ ਖਾਲਸਾ ਹਾਇਰ ਸੈਕੰਡਰੀ ਸਕੂਲ ਵਿਖੇ ਹੋਵੇਗੀ।
੨. ਵਿਆਹ ਪੁਰਬ ਸਮਾਗਮ ਤੇ ਵਧ ਤੋਂ ਵਧ ਜੋੜੇ ਅਨੰਦ ਕਾਰਜਾਂ ਲਈ ਪੁਜੋ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ ਜ਼ਿਲਾ ਗੁਰਦਾਸਪੁਰ

## *ਸ਼ਹੀਦਾਂ ਦੀ ਯਾਦ ਵਿਚ ਪਟਿਆਲੇ ਵਿਖੇ ਸਾਲਾਨਾ ਰੈਣ ਸਬਾਈ ਕੀਰਤਨ*

ਭਾ: ਜਸਬੀਰ ਸਿੰਘ ਬੀਰ ਸੂਚਨਾ ਦਿੰਦੇ ਹਨ ਕਿ ਪਟਿਆਲੇ ਗੁਰਦੁਆਰਾ ਸਾਹਿਬ ਖਾਲਸਾ ਮਹੱਲਾ ਵਿਖੇ ਸ਼ਨੀਵਾਰ ੨੦ ਸਤੰਬਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਇਸ ਤੋਂ ਪਹਿਲੋਂ ੧੪ ਸਤੰਬਰ ਤੋਂ ਪੂਰਾ ਹਫਤਾ ਸ਼ਹਿਰ ਦੇ ਮੁਖ ਗੁਰਦੁਆਰਿਆਂ ਵਿਚ ਰੋਜ਼ ਰਾਤ ਨੂੰ ੮ ਤੋਂ ੧੦ ਤਕ ਕੀਰਤਨ ਸਮਾਗਮ ਹੋ ਰਹੇ ਹਨ।ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

## *ਤਲਵੰਡੀ ਸਲੇਮ (ਜਲੰਧਰ) ਵਿਖੇ ਰੈਣ ਸਬਾਈ ਕੀਰਤਨ*

ਭਾਈ ਸਵਰਨ ਸਿੰਘ ਜੀ ਮਲੀ ਯੂ. ਕੇ. ਬੇਨਤੀ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਕੋਲਡ ਸਟੋਰਜ਼ ਕਪੂਰਥਲਾ ਰੋਡ, ਤਲਵੰਡੀ ਸਲੇਮ (ਜਲੰਧਰ) ਵਿਖੇ ੨੭ ਸਤੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਗੁਰੂ ਕੇ ਢਾਢੀ ਥਾਂ ਥਾਂ ਤੋਂ ਸਣੇ ਭਾਈ ਜੀਵਨ ਸਿੰਘ ਜੀ ਹਜ਼ੂਰੀ ਰਾਗੀ, ਕੀਰਤਨ ਦੀ ਸੇਵਾ ਲਈ ਪੁਜ ਰਹੇ ਹਨ। ਕੀਰਤਨ ਦੇ ਅਨੰਦ ਮਾਣੋ ਜੀ।
ਪੁਛਗਿਛ—ਸਰਬਜੀਤ ਸਿੰਘ, ਬਲਬੀਰ ਸਿੰਘ ਸਪੁਤਰ ਸ: ਵਰਿਆਮ ਸਿੰਘ ਪਿੰਡ ਮਲੀਆਂ ਖੁਰਦ, ਡਾ: ਤਲਵੰਡੀ ਸਲੇਮ

## *ਗੁਰਦਵਾਰਾ ਹਾਜੀ ਰਤਨ ਬਠਿੰਡਾ ਵਿਖੇ ਰੈਣ ਸਬਾਈ ਕੀਰਤਨ*

ਸ਼ਨੀਵਾਰ ੬ ਸਤੰਬਰ ਦੀ ਰਾਤ ਨੂੰ ੮ ਵਜੇ ਅਰੰਭ ਹੋਣਗੇ ਅਤੇ ਐਤਵਾਰ ਸਵੇਰੇ ੪ ਵਜੇ ਭੋਗ ਪੈਣਗੇ । ਭਾ: ਸ: ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਕੀਰਤਨੀ ਜਥੇ ਦੂਰੋਂ ਨੇੜਿਓਂ ਪੁਜ ਰਹੇ ਹਨ। ਦਰਸ਼ਨ ਦੇ ਕੇ ਕਿਰਤਾਰਥ ਕਰੋ ਜੀ।
ਪੁਛਗਿਛ—ਪ੍ਰੇਮ ਰੋਲਿੰਗ ਸ਼ਟਰ, ਪੁਰਾਣਾ ਥਾਣਾ ਰੋਡ, ਬਠਿੰਡਾ, ਫ਼ੋਨ ੨੮੦੯ ਦਾਸਰੇ—ਅਖੰਡ ਕੀਰਤਨੀ ਜਥਾ ਬਠਿੰਡਾ

## *ਫਗਵਾੜਾ (ਗੁਰਦਵਾਰਾ ਅਕਾਲੀਆਂ) ਵਿਖੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸੰਚਾਰ*

ਸਮਾਗਮ ਸ਼ਨੀਵਾਰ ੨੦ ਸਤੰਬਰ ਦੀ ਰਾਤ ਨੂੰ ਹੋ ਰਹੇ ਹਨ। ਸੰਗਤਾਂ ਦਰਸ਼ਨ ਬਖਸ਼ਣ ਤੇ ਲਾਹੇ ਪ੍ਰਾਪਤ ਕਰਨ।

ਦਾਸਰੇ—ਅਖੰਡ ਕੀਰਤਨੀ ਜਥਾ ਫਗਵਾੜਾ-ਗੁਰਾਇਆਂ

*'ਸੂਰਾ' ਮਾਸਕ ਪੱਤਰ, ਮਾਈ ਸੇਵਾਂ, ਕੂਚਾ ਚਤਰ ਸਿੰਘ, ਸ੍ਰੀ ਅੰਮ੍ਰਿਤਸਰ*